ਸੰਖੇਪ ਚਿੰਨ੍ਹਾਂ ਦਾ ਵੇਰਵਾ :–

੧. ਦਰਪਣ = ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਟੀਕਾਕਾਰ ਡਾਕਟਰ ਸਾਹਿਬ ਸਿੰਘ ਡੀ. ਲਿਟ.)।
੨. ਸੰ. ਸ. = ਸੰਪ੍ਰਦਾਈ ਸਟੀਕ (ਟੀਕਾਕਾਰ ਸੰਤ ਕ੍ਰਿਪਾਲ ਸਿੰਘ ਜੀ)।
੩. ਸ਼ਬਦਾਰਥ = (ਗੁਰੂ ਗ੍ਰੰਥ ਸਾਹਿਬ ਦਾ ਟੀਕਾ) ਪ੍ਰਕਾਸ਼ਕ :– ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ।
੪. ਫ. ਸ. = ਫਰੀਦਕੋਟ ਸਟੀਕ (ਭਾਸ਼ਾ ਵਿਭਾਗ ਪੰਜਾਬ)।
੫. ਸੰ. ਪੋ. (ਸੰਥਿਆ ਪੋਥੀਆਂ) ਟੀਕਾਕਾਰ = ਪਦਮ ਭੂਸ਼ਨ ਭਾਈ ਸਾਹਿਬ ਡਾਕਟਰ ਵੀਰ ਸੰਘ ਜੀ।
੬. ਗੁ. ਗ੍ਰੰ. ਕੋਸ਼. ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ (ਕ੍ਰਿਤ = ਭਾਈ ਵੀਰ ਸਿੰਘ ਜੀ)।
੭. ਮ. ਕੋ. = ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ (ਭਾਈ ਕਾਨ੍ਹ ਸਿੰਘ ਨਾਭਾ)।
੮. ਬਾ. ਪ੍ਰ. (ਸ੍ਰੀ ਗੁਰੂ ਬਾਣੀ ਪਰਕਾਸ਼) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੰਨੇਵਾਰ ਕੋਸ਼ (ਰਚਿਤ = ਸੋਢੀ ਤੇਜਾ ਸਿੰਘ)।
੯. ਗੁ. ਪਾ. ਦ. ਗੁਰਬਾਣੀ ਪਾਠ ਦਰਸ਼ਨ (ਕਰਤਾ = ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ, ਭਿੰਡਰਾਂ ਵਾਲੇ)।
੧੦. ਟਕਸਾਲ = ਭਿੰਡਰਾਂ ਵਾਲੀ ਟਕਸਾਲ।
੧੧. ਜਾਂ, ਅਥਵਾ ਭਾਵ ਦੂਜੇ ਅਰਥ ਲਈ ਚਿੰਨ੍ਹ ਹੈ = ;
੧੨. ਭਾ. ਗੁ. = ਭਾਈ ਗੁਰਦਾਸ ਜੀ। ਕ. ਭਾ. ਗੁ =ਕਬਿੱਤ ਭਾਈ ਗੁਰਦਾਸ ਜੀ।
੧੩. ਨਾ. ਪ੍ਰ. = ਨਾਨਕ ਪ੍ਰਕਾਸ਼ (ਕ੍ਰਿਤ = ਕਵੀ ਸੰਤੋਖ ਸਿੰਘ)।
੧੪. ਪਾ. ੧੦ = ਪਾਤਸ਼ਾਹੀ ਦਸਵੀਂ। ਅ. ਉ. = ਅਕਾਲ ਉਸਤਤਿ (ਪਾ. ੧੦)।ਦ. ਗ. = ਦਸਮ ਗ੍ਰੰਥ।
੧੫. S. G. P. C. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ।
੧੬. ਅ. = ਅਰਬੀ। ਫ. = ਫਾਰਸੀ।
੧੭. ਨਰੋਤਮ = ਪੰਡਤ ਤਾਰਾ ਸਿੰਘ ਨਰੋਤਮ (ਨਿਰਮਲੇ ਸੰਤ)।
੧੮. ਪਦਾਰਥ = ਪਦ + ਅਰਥ ।

ਨੋਟ = ਜਿਥੇ ਕੇਵਲ ਪੰਨਾ ਨੰਬਰ ਹੀ ਦਿਤਾ ਗਿਆ ਹੈ, ਉਹ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਪੰਨਾ ਨੰਬਰ ਹਨ।

ਅੰਗ ੧੩੫੩ =੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

੧ੴ = ਸਰਬ ਸ਼ਕਤੀਮਾਨ ਵੈਰਾਟ ਰੂਪ ਅਦੁਤੀ ਪ੍ਰਮਾਤਮਾ, ਜਿਸਦੇ ਬਰਾਬਰ ਦਾ ਦੂਜਾ ਹੋਰ ਕੋਈ ਨਹੀਂ, ਸਭ ਦੀ ਰੱਖਿਆ ਕਰਨ ਵਾਲਾ, ਸਾਰਾ ਸੰਸਾਰ ਤੇ ਖੰਡ ਬ੍ਰਹਮੰਡ, ਪੁਰੀਆਂ, ਭਵਨ, ਲੱਖਾਂ ਅਕਾਸ਼ ਪਤਾਲ ਜਿਸ ਪ੍ਰਮਾਤਮਾ ਦਾ ਵਿਸਥਾਰ ਹੈ।
ਸਤਿ = ਸਦੀਵੀ ਹੋਂਦ ਵਾਲਾ, ਸਦਾ ਸਲਾਮਤ ਸੱਚ, ਤ੍ਰੈ ਕਾਲ ਅਤੀਤ (ਪਰਾ ਕਾਲ) ਸੱਚ ਰੂਪ ਪ੍ਰਮਾਤਮਾ, ਅਚੱਲ, ਅਟੱਲ।
ਨਾਮ = ਨਿਰੰਕਾਰ ਦੀ ਸਰਬ ਵਿਆਪਕ ਸ਼ਕਤੀ, ਜਿਸ ਰਾਹੀਂ ਉਸ ਨੇ ਸਮੱਚੀ ਰਚਨਾ ਨੂੰ ਆਸਰਾ ਦੇ ਕੇ ਟਿਕਾਇਆ ਹੋਇਆ ਹੈ।
ਕਰਤਾ = ਸਿਰਜਨਹਾਰ ਵਾਹਿਗੁਰੂ।ਪੁਰਖੁ = ਸਰਬ ਵਿਆਪਕ ਹਸਤੀ।
ਨਿਰਭਉ = ਡਰ ਰਹਿਤ ਵਾਹਿਗੁਰੂ।ਨਿਰਵੈਰ = ਵੈਰ ਰਹਿਤ ਵਾਹਿਗੁਰੂ।
ਅਕਾਲ ਮੂਰਤਿ = ਕਾਲ ਅਤੇ ਸਮੇਂ ਤੋਂ ਰਹਿਤ ਹਸਤੀ (ਵਾਹਿਗੁਰੂ)।
ਅਜੂਨੀ = ਅਜਨਮਾ, ਜੂਨੀਆਂ ਤੋਂ ਰਹਿਤ।
ਸੈਭੰ = ਅਪਣੇ ਆਪ ਤੋਂ ਪ੍ਰਕਾਸ਼ਵਾਨ (ਅਪਣੇ ਆਪ ਪ੍ਰਕਾਸ਼ਨ ਵਾਲਾ), ਅਪਣੇ ਆਪ ਤੋਂ ਪੈਦਾ ਹੋਣ ਵਾਲਾ, ਸ੍ਵੈ ਪਰਗਟ, ਸ੍ਵੈ ਸੰਪੂਰਨ।
ਗੁਰ ਪ੍ਰਸਾਦਿ = ਪ੍ਰਮਾਤਮਾ, ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ।

ਸਲੋਕ ਸਹਸਕ੍ਰਿਤੀ ਮਹਲਾ ੧ ॥

ਗੁਰੂ ਨਾਨਕ ਦੇਵ ਜੀ ਜਗਤ ਨੂੰ ਤਾਰਦੇ ਹੋਏ ਕਾਂਸ਼ੀ ਪੁੱਜੇ।ਗੁਰੂ ਜੀ ਦਾ ਜਸ ਸੁਣ ਕੇ ਪੰਡਤ ਚਰਚਾ ਕਰਨ ਆਏ।ਗੁਰੂ ਜੀ ਦਾ ਦਰਸ਼ਨ ਕਰਕੇ,ਬਚਨ ਸੁਣ ਕੇ ਐਸੇ ਮੋਹਿਤ ਹੋਏ, ਸੁਆਲ ਕਰਨ ਦਾ ਹੀਂਆਂ ਨਾ ਪਿਆ।ਗੁਪਾਲ ਦੱਤ ਪੰਡਤ ਨੇ ਭਵਿਖਤ ਪੁਰਾਣ ਵਿਚ ਪੜ੍ਹਿਆ ਸੀ ਕਿ ਕਲਿਯੁਗ ਵਿਚ ਗੁਰੂ ਨਾਨਕ ਦਾ ਅਵਤਾਰ ਹੋਣਾ ਹੈ।{ਏਵੰ ਵੈ ਧਰਮ ਪਰਾਚੁਰਯੰ ਭਵਿਖਯਤਿ ਯਦਾ ਕਲਉ।੩੩।ਤਦਾ ਵੈ ਲੋਕ ਰਖਯਾਰਥੰ ਮਲੇਛਾਨਾ ਨਾਸ ਹੇਤੁਬੇ।ਪਸਚਮੇਤੁ ਸੁਭੇ ਦੇਸੇ ਬੇਦੀ ਬੰਸਚ ਨਾਨਕਉ।੩੪}।ਪੰ: ਗੁਪਾਲ ਦੱਤ ਗੁਰੂ ਜੀ ਤੋਂ ਉਪਦੇਸ਼ ਲੈ ਕੇ ਸਿੱਖ ਬਣਿਆ।ਪੰ: ਗੁਪਾਲ ਦੱਤ ਨੇ ਗੁਰੂ ਜੀ ਨੂੰ ਬੇਨਤੀ ਕੀਤੀ, ਸਾਨੂੰ ਉਪਦੇਸ਼ ਦਿਓ।ਤਾਂ ਗੁਰੂ ਜੀ ਨੇ ਇਹ ਚਾਰ ਸਲੋਕ ਉਚਾਰ ਕੇ ਵਿਦਵਾਨ

ਪੰਡਤਾਂ ਨੂੰ ਸੁਣਾਏ।(ਕਾਂਸ਼ੀ ਵਿਚ ਪੰ:ਚਤੁਰ ਦਾਸ ਪ੍ਰਤੀ ਵੀ ਸ਼ਬਦ ਉਚਾਰੇ)।

ਸਹਸਕ੍ਰਿਤੀ = ਸੰਸਕ੍ਰਿਤ, ਪਾਲੀ ਤੇ ਪ੍ਰਕ੍ਰਿਤ ਤੋਂ ਬਣੀ ਬੋਲੀ, ਇਸ ਨੂੰ ਗਾਥਾ ਵੀ ਕਿਹਾ ਹੈ। ਇਹ ਸਾਧਾਂ ਸੰਤਾਂ ਦੇ ਡੇਰਿਆਂ ਵਿਚ ਸਾਰੇ ਹਿੰਦ ਵਿਚ ਸਮਝੀ ਜਾਂਦੀ ਸੀ। ਇਹ ਵੱਖ ਵੱਖ ਭਾਸ਼ਾਵਾਂ ਦੇ ਵਿਆਕਰਣ ਤੋਂ ਆਜਾਦ ਹੁੰਦੀ ਸੀ। ਸਹਸ = ਸੌਖੀ ਲਿਖੀ ਜਾਣ ਵਾਲੀ ਬੋਲੀ ਜੋ ਸੰਸਕ੍ਰਿਤ ਨਹੀ। ਕਦੀ ਪੰਜਾਬ ਵਿਚ ਸੰਸਕ੍ਰਿਤ ਬੋਲੀ ਜਾਂਦੀ ਸੀ ਜੋ ਬੇਦਾਂ ਵਿਚ ਹੈ, ਵੱਡੇ ਗ੍ਰੰਥ ਇਸੇ ਭਾਸ਼ਾ ਵਿਚ ਲਿਖੇ ਗਏ, ਪਰ ਇਹ ਕੇਵਲ ਗ੍ਰੰਥਾਂ ਵਿਚ ਅਤੇ ਪੰਡਤਾਂ ਕੋਲ ਹੀ ਰਹਿ ਗਈ, ਆਮ ਲੋਕਾਂ ਵਿਚ ਬੋਲਣ ਵਾਲੀ ਭਾਸ਼ਾ ਹੋਰ ਰੂਪ ਬਦਲਣ ਲੱਗ ਗਈ। ਆਰੀਆ ਲੋਕਾਂ ਦੇ ਹਮਲੇ ਵੇਲੇ ਜੋ ਲੋਕ ਇਥੇ ਵਸਦੇ, ਕੁਛ ਸ਼ਬਦ ਉਨ੍ਹਾਂ ਦੇ, ਕੁਛ ਯੁਨਾਨੀ ਹਮਲਿਆਂ ਵੇਲੇ ਉਨ੍ਹਾਂ ਦੇ ਲਫਜ਼ ਆ ਰਲੇ, ਪਰ ਵਿਸ਼ੇਸਤਾ ਸੰਸਕ੍ਰਿਤ ਦੀ ਰਹੀ। ਐਸੀ ਬਦਲਵੀਂ ਬੋਲੀ ਦਾ ਨਾਮ ਪ੍ਰਾਕ੍ਰਿਤ ਪਿਆ। ਇਹ ਭਾਸ਼ਾ ਮਧ ਹਿੰਦ ਦੇ ਵਰਤੋਂ ਦੀ ਹੈ। ਪ੍ਰਾਕ੍ਰਿਤ ਤੋਂ ਪਿਛੋਂ ਵਿਚਲੇ ਸਮੇਂ ਵਿਚ ਜੋ ਬੋਲੀ ਵਿਦਵਾਨ ਲੋਕ ਵਰਤਦੇ ਰਹੇ ਹਨ, ਉਸਦਾ ਨਮੂਨਾ ਗੁਰੂ ਜੀ ਨੇ ਸਹਸਕ੍ਰਿਤੀ ਅਤੇ ਗਾਥਾ ਵਿਚ ਦਿਤਾ ਹੈ। ਜੈ ਦੇਵ ਜੀ ਨੇ ਅਪਣੇ ਦੇਸ਼ ਦੀ ਬੋਲੀ ਦਾ ਨਮੂਨਾ ਦਿਤਾ ਹੈ ਜੋ ਗੁਰੂ ਗ੍ਰੰਥ ਸਾਹਿਬ ਵਿਚ ਹੈ। ਜਿਵੇਂ ਅਜਕਲ ਵੀ ਪੰਜਾਬ ਦੇ ਬਹੁਤੇ ਸਾਧੂ ਠੇਠ ਪੰਜਾਬੀ ਨਹੀ ਬੋਲਦੇ, ਲਿਖਣ ਬੋਲਣ ਵਿਚ ਕੁਛ ਸੰਸਕ੍ਰਿਤ, ਬ੍ਰਿਜ ਭਾਸ਼ਾ ਤੇ ਕੁਛ ਲਫਜ਼ ਪੰਜਾਬੀ ਦੇ ਮਿਲਾ ਕੇ ਵਰਤਦੇ ਹਨ। ਇਸ ਨੂੰ ਸਾਧੂ ਭਾਸ਼ਾ ਆਖਦੇ ਹਨ, ਜੋ ਆਮ ਲੋਕਾਂ ਦੇ ਬੋਲ ਚਾਲ ਨਾਲੋਂ ਵੱਖਰੀ ਹੈ। ਇਸੇ ਤਰ੍ਹਾਂ ਸਹਸਕ੍ਰਿਤ ਓਸ ਸਮੇਂ ਵਿਚ ਸਾਧ ਭਾਸ਼ਾ ਸੀ। ਇਸ ਬੋਲੀ ਦਾ ਪੜ੍ਹਨ ਪੜ੍ਹਾਉਣ ਦਾ ਰਿਵਾਜ ਗੁਰੂ ਜੀ ਦੇ ਸਮੇਂ ਤਕ ਮਾਲੂਮ ਹੁੰਦਾ ਹੈ {ਕੋਈ ਪੜਤਾ ਸਹਸਾਕਿਰਤਾ ਕੋਈ ਪੜੈ ਪੁਰਾਨਾ ੮੭੬}। ਉਸ ਗੁੰਮ ਹੋ ਚੁੱਕੀ ਬੋਲੀ ਦਾ ਨਮੂਨਾ ਸਲੋਕ ਸਹਸਕ੍ਰਿਤੀ ਹਨ। ਗੁਰੂ ਜੀ ਦੀ ਇਹ ਦੈਵੀ ਰਚਨਾ ਆਮ ਵਿਆਕਰਣ ਦੇ ਸੂਤ੍ਰਾਂ ਹੇਠ ਨਹੀ ਤੁਰਦੀ ਦਿਸਦੀ।(ਭਾ:ਵੀਰ ਸਿੰਘ ਦੇ ਗੁਰੂ ਗ੍ਰੰਥ ਕੋਸ਼ ਵਿਚੋਂ)।

'ਸਲੋਕ ਸਹਸਕ੍ਰਿਤੀ' ਦੇ ਸਿਰਲੇਖ ਹੇਠ ਗੁਰੂ ਨਾਨਕ ਦੇਵ ਜੀ ਦੇ ੪ ਸਲੋਕ ੧੩੫੩ ਅੰਗ ਉਤੇ ਮਿਲਦੇ ਹਨ। ੧੩੫੩ ਅੰਗ ਤੋਂ ੧੩੬੦ ਅੰਗ ਤਕ ੬੭ ਸਲੋਕ ਗੁਰੂ ਅਰਜਨ ਦੇਵ ਜੀ ਦੀ ਲਿਖਤ ਹਨ। ਇਨ੍ਹਾਂ ਤੋਂ ਇਲਾਵਾ 'ਜੈਤਸਰੀ ਦੀ ਵਾਰ' ਵਿਚ ਹਰ ਪਉੜੀ ਤੋਂ ਪਹਿਲਾਂ ਮਹੱਲਾ ੫ ਦਾ ਇਕ ਸਲੋਕ ਉਸ ਬੋਲੀ ਵਿਚ ਲਿਖਿਆ ਮਿਲਦਾ ਹੈ ਜਿਸਨੂੰ ਗੁਰੂ ਜੀ ਨੇ ਸਹਸਕ੍ਰਿਤੀ ਕਿਹਾ ਹੈ। ਇਸੇ ਤਰ੍ਹਾਂ ਸ੍ਰੀ ਆਸਾ ਦੀ ਵਾਰ ਦੀ ੧੨ ਵੀਂ ਪਉੜੀ ਦਾ ਤੀਜਾ ਸਲੋਕ 'ਜੋਗ ਸਬਦੰ ਗਿਆਨ ਸ਼ਬਦੰ ਬੇਦ ਸਬਦੰ ਬ੍ਰਾਹਮਣਹ ਅਤੇ ਚੌਥਾ ਸਲੋਕ 'ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ',(੪੬੯) ਫਿਰ ਮਾਝ ਦੀ ਵਾਰ ਵਿਚ ੨੩ ਵੀਂ ਪਉੜੀ ਦਾ ਮਹੱਲਾ ੨ ਦਾ ਸਲੋਕ 'ਨਿਹਫਲੰ ਤਸਿ ਜਨਮਸਿ ਜਾਵਤੁ ਬ੍ਰਹਮ ਨ ਬਿੰਦਤੇ' (੧੪੮) ਸਹਸਕ੍ਰਿਤੀ ਵਿਚ ਹੀ ਹਨ। ਆਸਾ ਦੀ ਵਾਰ ਵਿਚ ਹੀ ੧੪ ਵੀਂ ਪਉੜੀ ਤੋਂ ਪਹਿਲਾਂ ਮਹੱਲਾ ੧ ਦਾ ਸਲੋਕ 'ਪੜਿ ਪੁਸਤਕ ਸੰਧਿਆ ਬਾਦੰ' (੪੭੦) ਵੀ ਸਹਸਕ੍ਰਿਤੀ ਵਿਚ ਹੈ। ਸਹਸਕ੍ਰਿਤੀ ਵਿਚ ਕਈ ਭਾਸ਼ਾਵਾਂ ਦੇ ਲਫਜਾਂ ਦਾ ਰਲਾ ਹੈ, ਪਰ ਵਿਆਕਰਨ ਦੇ ਕੁਝ ਅੰਸ਼ ਸੰਸਕ੍ਰਿਤ ਵਾਲੇ ਹਨ। ਜਿਵੇਂ ਸਾਧੂ ਭਾਸ਼ਾ ਦਾ ਕੋਈ ਨਿਸਚਿਤ ਸਟੈਂਡਰਡ ਨਹੀਂ, ਇਵੇਂ ਸਹਸਕ੍ਰਿਤੀ ਦਾ ਵੀ ਕੋਈ ਪ੍ਰਮਾਣਿਕ ਰੂਪ ਨਹੀ ਦਰਸਾਇਆ ਜਾ ਸਕਦਾ। ਜਿਵੇਂ ਃ-

ਏਕ ਕ੍ਰਿਸਨੰ ਸਰਬ ਦੇਵਾ, ਦੇਵ ਦੇਵਾ ਤ ਆਤਮਹ। ਆਤਮੰ ਸ੍ਰੀ ਬਾਸ੍ਵਦੇਵਸ੍ਯ ਜੇ ਕੋਈ ਜਾਨਸਿ ਭੇਵ।
ਨਾਨਕ ਤਾਕੋ ਦਾਸੁ ਹੈ ਸੋਈ ਨਿਰੰਜਨ ਦੇਵ।(ਮਃ ੧ ਅੰਗ ੧੩੫੩)।

ਇਸ ਸਲੋਕ ਵਿਚ ਪਹਿਲੀ ਤੁਕ ਅਤੇ ਦੂਜੀ ਤੁਕ ਦਾ ਪਹਿਲਾ ਅੱਧ ਲਗ ਪਗ ਸੰਸਕ੍ਰਿਤ ਵਿਆਕਰਣ ਅਨੁਸਾਰ ਹੈ। 'ਜੇ ਕੋਈ ਜਾਨਸਿ ਭੇਵ' ਅਤੇ ਅਖੀਰਲੀ ਪੰਗਤੀ ਸਪੱਸਟ ਹਿੰਦੀ ਹੈ।

ਸਹਸਕ੍ਰਿਤੀ ਭਾਸ਼ਾ ਦਾ ਪਿਛੋਕੜ ਦੇਂਦਿਆਂ ਡਾ. ਗੋਵਿੰਦਨਾਥ ਰਾਜਗੁਰੂ ਜੀ ਲਿਖਦੇ ਹਨ ਕਿ ਸੰਸਕ੍ਰਿਤ ਦੇ ਰਲੇ ਵਾਲੀ ਪਾਲੀ, ਪ੍ਰਾਕ੍ਰਿਤ ਆਦਿ ਭਾਸ਼ਾ ਵਿਚ ਬੁੱਧ ਧਰਮ ਦੇ ਕਈ ਗ੍ਰੰਥ ਲਿਖੇ ਮਿਲਦੇ ਹਨ। 'ਲਲਿਤ ਵਿਸਤਰ' ਨਾਮ ਦਾ ਪ੍ਰਸਿੱਧ ਗ੍ਰੰਥ ਇਸੇ ਭਾਸ਼ਾ ਵਿਚ ਹੈ। ਇਸ ਭਾਸ਼ਾ ਨੂੰ ਬੋਧੀਆਂ ਦੀ 'ਸੰਕਰ ਸੰਸਕ੍ਰਿਤ' ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਸੰਸਕ੍ਰਿਤ ਤੇ ਮਾਗਧੀ - ਪ੍ਰਾਕ੍ਰਿਤ ਦੀ ਮਿਲੀ ਜੁਲੀ ਭਾਸ਼ਾ ਜੈਨ ਸੰਸਕ੍ਰਿਤ ਤਿਆਰ ਹੋਈ। ਇਸ ਭਾਸ਼ਾ ਦੀਆਂ ਵੀ ਅਣਗਿਣਤ ਲਿਖਤਾਂ ਮਿਲਦੀਆਂ ਹਨ।

'ਸਲੋਕ ਸਹਸਕ੍ਰਿਤੀ' ਇਸੇ ਪਰੰਪਰਾ ਦੀ ਇਕ ਕੜੀ ਹੈ। ਫਰਕ ਸਿਰਫ ਇੰਨਾ ਹੈ ਕਿ ਬੋਧੀਆਂ ਤੇ ਜੈਨੀਆਂ ਦੀ ਸੰਸਕ੍ਰਿਤ ਵਿਆਕਰਣ ਦੇ ਕੁਝ ਨੇਮਾਂ ਦਾ ਪਾਲਨ ਕਰਦੀ ਹੈ। 'ਸਲੋਕ ਸਹਸਕ੍ਰਿਤੀ' ਕਿਸੇ ਕਿਸਮ ਦੇ ਬੰਧਨ ਸਵੀਕਾਰ ਨਹੀ ਕਰਦੀ। ਡਾ. ਰਾਜਗੁਰੂ ਅਨੁਸਾਰ ਪ੍ਰਾਕ੍ਰਿਤ ਜਾਂ ਅਪਭ੍ਰੰਸ਼ ਵਿਚ 'ਸਹਸਕ੍ਰਿਤੀ' ਸ਼ਬਦ ਹੀ ਨਹੀਂ ਮਿਲਦਾ।

(ਡਾ. ਹਰਕੀਰਤ ਸਿੰਘ ਦੀ ਪੁਸਤਕ 'ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ' ਵਿਚੋਂ ਕੁਝ ਅੰਸ਼)।

ਪੜ੍ਹਿ ਪੁਸ੍ਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥ ਮੁਖਿ ਝੂਠੁ ਬਿਭੂਖਨ ਸਾਰੰ ॥ ਤ੍ਰੈ ਪਾਲ ਤਿਹਾਲ ਬਿਚਾਰੰ ॥ ਗਲਿ ਮਾਲਾ ਤਿਲਕ ਲਿਲਾਟੰ ॥ ਦੁਇ ਧੋਤੀ ਬਸਤ੍ਰ ਕਪਾਟੰ ॥ ਹੇ ਪੰਡਤ ਜੀ! (ਤੁਸੀਂ ਬੇਦ ਆਦਿਕ ਧਰਮ) ਪੁਸਤਕਾਂ ਪੜ੍ਹਦੇ ਹੋ, ਸੰਧਿਆ (ਸਵੇਰੇ, ਦੁਪਹਿਰੇ ਤੇ ਸ਼ਾਮ ਤਿੰਨ ਵੇਲੇ ਪਾਠ ਪੂਜਾ) ਕਰਦੇ ਹੋ ਅਤੇ ਝਗੜੇ (ਬਹਿਸ) ਵੀ ਕਰਦੇ ਹੋ {ਪੁਸਤਕ ਪਾਠ ਬਿਆਕਰਣ ਵਖਾਣੈ, ਸੰਧਿਆ ਕਰਮ ਤਿਕਾਲ ਕਰੈ੧੧੨੭}। ਪੱਥਰ ਦੀ ਮੂਰਤੀ ਪੂਜਦੇ ਹੋ ਅਤੇ ਬਗੁਲੇ ਵਾਂਗ (ਦਿਖਾਵੇ ਦੀਆਂ ਝੂਠੀਆਂ) ਸਮਾਧੀਆਂ ਲਾਉਂਦੇ ਹੋ। ਮੂਹੋਂ ਝੂਠ ਬੋਲ ਕੇ ਲੋਹੇ ਨੂੰ ਸੋਨੇ ਦੇ ਗਹਿਣੇ ਸਿੱਧ ਕਰ ਦੇਂਦੇ ਹੋ; ਮੂਹੋਂ ਬੋਲੇ ਝੂਠ ਨੂੰ ਸੋਹਣੇ ਗਹਿਣਿਆਂ ਵਾਂਗ ਸ੍ਰੇਸਟ ਸਿੱਧ ਕਰ ਦੇਂਦੇ ਹੋ

(ਝੂਠ ਨੂੰ ਸੱਚ ਵਾਂਗ ਸੋਹਣਾ ਬਣਾ ਕੇ ਬੋਲਣ ਵਿਚ ਚਤੁਰ ਹੋ)। ਕਰਮ ਕਾਂਡ ਕਰਕੇ ਸੁਰਗਾਂ ਦਾ ਰਾਜ ਮਿਲਦਾ ਅਤੇ ਦਾਨ ਦੇਣ ਨਾਲ ਬੈ ਤਰਨੀ ਨਦੀ ਦੇ ਤਰਨ ਨੂੰ ਲੋਕਾਂ ਦੇ ਦਿਲਾਂ ਵਿਚ ਬਿਠਾ ਦਿਤਾ।

ਗਾਇਤ੍ਰੀ ਮੰਤ੍ਰ ਤਿੰਨ (ਸਵੇਰੇ ,ਦੁਪਹਿਰ ਤੇ ਸ਼ਾਮ) ਵੇਲੇ ਬਿਚਾਰਦੇ ਹੋ। ਗਲ ਵਿਚ ਮਾਲਾ ਪਹਿਨਦੇ ਹੋ ਅਤੇ ਮੱਥੇ ਤੇ ਤਿਲਕ ਲਗਾਉਂਦੇ ਹੋ। ਦੋ ਧੋਤੀਆਂ ਪਹਿਨਦੇ ਹੋ ਤੇ (ਪੂਜਾ ਵੇਲੇ) ਸਿਰ ਤੇ ਕੱਪੜਾ ਰਖਦੇ ਹੋ; (ਪਵਿਤ੍ਰ ਜਾਣ ਕੇ) ਸੂਤੀ ਕਪੜੇ ਪਹਿਨਦੇ ਹੋ।

ਜੋ ਜਾਣਸਿ ਬ੍ਰਹਮੰ ਕਰਮੰ ॥ ਸਭ ਫੋਕਟ ਨਿਸਚੈ ਕਰਮੰ ॥ ਕਹੁ ਨਾਨਕ ਨਿਸਚੌ ਧ੍ਯਿਾਵੈ ॥ ਬਿਨੁ ਸਤਿਗੁਰ ਬਾਟ ਨ ਪਾਵੈ ॥੧॥ (ਪਰ) ਜਿਹੜਾ ਮਨੁੱਖ ਪ੍ਰਭੂ ਪ੍ਰਾਪਤੀ ਦੇ ਕਰਮ ਜਾਣਦਾ ਹੈ। (ਉਹ ਮਨੁੱਖ) ਵਿਸ਼ਵਾਸ ਨਾਲ ਜਾਣਦਾ ਹੈ ਕਿ ਤੇਰੇ ਇਹ ਸਾਰੇ ਕਰਮ ਨਿਕੰਮੇ ਹਨ। (ਗੋਪਾਲ ਦੱਤ ਆਖਣ ਲੱਗਾ, ਮਹਾਰਾਜ ! ਜੇ ਇਹ ਸਾਰੇ ਕਰਮ ਨਿਸਫਲ ਹਨ ਤਾਂ ਫਿਰ ਹਰੀ ਕਿਵੇਂ ਮਿਲਦਾ ਹੈ ?) ਗੁਰੂ ਜੀ ਦਾ ਉੱਤਰ = ਗੁਰੂ ਜੀ ਆਖਦੇ ਹਨ (ਹੇ ਪੰਡਤ ਜੀ ! ਜਿਹੜਾ ਮਨੁੱਖ ਸ਼ਰਧਾ) ਨਿਸਚਾ ਕਰਕੇ (ਵਾਹਿਗੁਰੂ ਨੂੰ ਹੀ) ਧਿਆਉਂਦਾ ਹੈ (ਉਹ ਵਾਹਿਗੁਰੂ ਨੂੰ ਪਾ ਲੈਂਦਾ ਹੈ। ਪਰ) ਸੱਤਗੁਰੂ ਤੋਂ ਬਿਨਾ (ਨਾਮ ਸਿਮਰਨ ਦਾ) ਰਸਤਾ ਪ੍ਰਾਪਤ ਨਹੀ ਹੋ ਸਕਦਾ।੧।

(ਇਹ ਤੁਕ ਭਗਤ ਬੇਣੀ ਜੀ ਨੇ ਵੀ ਲਿਖੀ ਹੈ {ਕਹੁ ਬੇਣੀ ਗੁਰਮੁਖਿ ਧਿਆਵੈ। ਬਿਨੁ ਸਤਿਗੁਰ ਬਾਟ ਨ ਪਾਵੈ ੧੩੫੧}। ਇਸੇ ਤਰ੍ਹਾਂ ਮਿਲਦੀ ਜੁਲਦੀ ਤੁਕ ਭਗਤ ਕਬੀਰ ਜੀ ਨੇ ਵੀ ਲਿਖੀ ਹੈ ঃ- {ਬਿਨੁ ਸਤਿਗੁਰ ਬਾਟ ਨ ਪਾਈ ੧੧੯੪})।

ਪਦਾਰਥ = ਪੜਿ-ਪੜ੍ਹਦੇ ਹੋ। ਪੁਸੁਕ-ਧਰਮ ਗ੍ਰੰਥ (ਬੇਦ ਸ਼ਾਸਤ੍ਰ ਆਦਿਕ)। ਸੰਧਿਆ-ਹਿੰਦੂਆਂ ਦਾ ਪਾਠ ਪੂਜਾ ਜੋ ਸਵੇਰੇ ਦੁਪਹਿਰ ਅਤੇ ਸ਼ਾਮ ਨੂੰ ਕਰਦੇ ਹਨ। ਬਾਦੰ-ਬਹਿਸ; ਵਾਦ ਵਿਵਾਦ। ਸਿਲ-ਸਿਲਾ; ਪੱਥਰ ਦੀ ਮੂਰਤੀ। ਬਗੁਲ-ਬਗਲੇ ਵਾਂਗ। ਸਮਾਧੰ-ਸਮਾਧੀ। ਮੁਖਿ-ਮੂੰਹ ਤੋਂ। ਬਿਭੂਖਨ-ਗਹਿਣੇ। ਸਾਰੰ-ਲੋਹਾ; ਸ੍ਰੇਸਟ। ਤ੍ਰੈ ਪਾਲ-ਤਿੰਨ ਪਦਿਆਂ (ਤੁਕਾਂ) ਵਾਲਾ ਗਾਇਤ੍ਰੀ ਮੰਤ੍ਰ। ਤਿਹਾਲ-ਤਿੰਨ ਵੇਲੇ। ਬਿਚਾਰੰ-ਬਿਚਾਰਦੇ ਹੋ। ਗਲਿ-ਗਲ ਵਿਚ। ਕਪਾਟੰ-ਸਿਰ; ਮੱਥਾ; ਪਟ (ਸੂਤ; ਰੇਸ਼ਮ) ਦੇ। ਲਿਲਾਟੰ-ਮੱਥੇ ਤੇ। ਜੋ-ਜਿਹੜਾ। ਜਾਨਸਿ-ਜਾਣਦਾ ਹੈ। ਬ੍ਰਹਮੰ ਕਰਮੰ-ਪ੍ਰਭੂ ਦੀ ਪ੍ਰਾਪਤੀ ਵਾਲਾ ਕਰਮ (ਸਾਧਨ)। ਫੋਕਟ-ਫੋਕੇ-ਵਿਆਰਥ। ਨਿਸਚੈ-ਵਿਸ਼ਵਾਸ਼ ਨਾਲ। ਨਿਸਚੌ-ਸ਼ਰਧਾ ਨਾਲ। ਧ੍ਯਿਾਵੈ-(ਧਿਆਵੈ ਉਚਾਰਨ ਕਰੋ) ਸਿਮਰਦਾ ਹੈ। ਬਾਟ-(ਨਾਮ ਦਾ) ਰਸਤਾ।੧।

ਵਿਆਖਿਆ = ਨਾਮ ਹੀਣ ਕਰਮ ਕਾਂਡੀ ਪੰਡਤਾਂ ਨੂੰ ਗੁਰੂ ਜੀ ਨੇ ਉਪਦੇਸ਼ ਦਿਤਾ ਹੈ ਕਿ ਪਖੰਡ ਛਡ ਕੇ ਪ੍ਰਭੂ ਦਾ ਸਿਮਰਨ ਕਰੋ, ਤਦ ਹੀ ਜੀਵਨ ਸਫਲ ਹੋ ਸਕੇਗਾ। (ਆਸਾ ਦੀ ਵਾਰ ੪੭੦ ਤੇ ਵੀ ਇਹ ਸਲੋਕ ਹੈ)।੧।

ਨਿਹਫਲੰ ਤਸੵ ਜਨਮਸੵ ,ਜਾਵਦ ਬ੍ਰਹਮ ਨ ਬਿੰਦਤੇ ॥ ਸਾਗਰੰ ਸੰਸਾਰਸੵ ,ਗੁਰ ਪਰਸਾਦੀ ਤਰਹਿ ਕੇ ॥ ਕਰਣ ਕਾਰਣ ਸਮਰਥੁ ਹੈ, ਕਹੁ ਨਾਨਕ ਬੀਚਾਰਿ ॥ ਕਾਰਣੁ ਕਰਤੇ ਵਸਿ ਹੈ, ਜਿਨਿ ਕਲ ਰਖੀ ਧਾਰਿ ॥੨॥ ਜਦ ਤਕ ਮਨੁੱਖ ਹਰੀ ਨੂੰ ਨਹੀ ਜਾਣਦਾ, ਤਦ ਤਕ ਉਸ ਮਨੁੱਖ ਦਾ ਜਨਮ ਨਿਸਫਲ ਹੈ। ਗੁਰੂ ਦੀ ਕਿਰਪਾ ਨਾਲ ਕੋਈ (ਵਿਰਲਾ) ਹੀ ਸੰਸਾਰ ਸਮੁੰਦਰ ਨੂੰ ਤਰਦਾ ਹੈ; ਸੰਸਾਰ ਸਮੁੰਦਰ ਦੀ ਨਿਆਈ ਹੈ ਅਤੇ ਗੁਰੂ ਦੀ ਕ੍ਰਿਪਾ ਨਾਲ ਕਈ (ਇਸ ਨੂੰ) ਤਰ ਜਾਂਦੇ ਹਨ। ਗੁਰੂ ਜੀ ਆਖਦੇ ਹਨ (ਹੇ ਪੰਡਤੋ !) ਹਰੀ ਸਾਰੇ ਕਾਰਣਾਂ ਦੇ ਕਰਨ ਨੂੰ ਸਮਰੱਥ (ਸਰਬ ਸ਼ਕਤੀਮਾਨ) ਹੈ, (ਉਸ ਹਰੀ ਨਾਮ ਦਾ) ਬਿਚਾਰ ਕਰੋ। (ਹਰੇਕ) ਕਾਰਨ ਹਰੀ ਦੇ ਵਸ ਵਿਚ ਹੈ, ਜਿਸ ਨੇ ਅਪਣੀ ਸ਼ਕਤੀ ਨਾਲ ਸ੍ਰਿਸਟੀ ਟਿਕਾ ਰਖੀ ਹੈ {ਕਰਣ ਕਾਰਣ ਏਕੁ ਓਹੀ ਜਿਨਿ ਕੀਆਂ ਆਕਾਰੁ ੫੧; ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ੨੭੬}। ਭਾਵ ਹਰੀ ਸਾਰੇ ਕਾਰਨਾਂ ਦਾ ਕਾਰਨ, ਕਾਰਨਾਂ ਦੇ ਕਰਨੇ ਵਾਲਾ, ਕਾਰਨਾਂ ਦਾ ਮਾਲਕ ਹੈ। ਤੁਸੀਂ ਕਾਰਨ ਨੂੰ ਮੁਖ ਰੱਖ ਕੇ ਉਸਦੇ ਕਰਨ ਵਾਲੇ ਨੂੰ ਭੁੱਲ ਗਏ ਹੋ। ਤੁਸੀਂ ਸ਼ੁੱਭ ਕਰਮ ਕਰਨ ਵਿਚ ਹੀ ਸੁਖੀ ਹੋਣਾ ਮੰਨਦੇ ਹੋ, ਪਰ ਜੋ ਹਰੀ ਸ਼ੁੱਭ ਕਰਮ ਕਰਨ ਦੀ ਸ਼ਕਤੀ ਦੇਂਦਾ ਹੈ, ਉਸਨੂੰ ਭੁੱਲ ਗਏ ਹੋ।੨।

ਪਦਾਰਥ = ਤਸੵ-ਉਸ ਦਾ। ਜਨਮਸੵ-(ਮਨੁੱਖਾ) ਜਨਮ। ਜਾਵਦ-ਜਦ ਤਕ। ਨੋਟ ঃ-ਸ੍ਰੀ ਕਰਤਾਰ ਪੁਰ ਵਾਲੀ ਬੀੜ ਅਤੇ ਦਮਦਮਾ ਸਾਹਿਬ ਵਾਲੀ ਬੀੜ ਵਿਚ ਪਾਠ ਜਾਵਦ ਹੀ ਹੈ, ਪਰ ਲਿਖਣ ਲਗਿਆਂ ਕਈ ਬੀੜਾਂ ਵਿਚ ਪਾਠ 'ਜਾਵਤ' ਲਿਖਿਆ ਗਿਆ ਮਿਲਦਾ ਹੈ। ਬ੍ਰਹਮ-ਪ੍ਰਭੂ ਨੂੰ। ਨ ਬਿੰਦਤੇ-ਨਹੀ ਜਾਣਦਾ। ਕੇ-ਕੋਈ ਵਿਰਲਾ; ਕਈ; ਬਹੁਤ। ਕਰਣ ਕਾਰਣ-ਜਗਤ ਦਾ ਮੂਲ ਕਾਰਣ; ਸਾਰੇ ਕਾਰਣਾਂ ਦੇ ਕਰਨ ਵਾਲਾ ਪ੍ਰਭੂ। ਬੀਚਾਰਿ-ਵਿਚਾਰ ਕਰੋ; ਵਿਚਾਰ ਕੇ (ਕਹਿੰਦੇ ਹਨ)। ਕਰਤੇ-ਕਰਤਾਰ ਦੇ। ਵਸਿ-ਵਸ ਵਿਚ। ਜਿਨਿ-ਜਿਸ ਨੇ। ਕਲ -ਸੱਤਾ; ਸ਼ਕਤੀ। ਧਾਰਿ-ਧਾਰ ਕੇ; ਟਿਕਾ ਕੇ। (ਇਹ ਸਲੋਕ ਗੁਰੂ ਗ੍ਰੰਥ ਜੀ ਦੇ ੧੪੮ ਅੰਗ ਤੇ ਮਹਲਾ ੨ ਦੇ ਲਿਖੇ ਹੋਏ ਹਨ)।੨।

ਉਥਾਨਕਾ = ਮਹਾਰਾਜ ਅਸੀਂ ਤਾਂ ਜਾਤ ਵਰਣ ਵਿਚ ਵਰਤਣ ਨੂੰ ਹੀ ਧਰਮ ਸਮਝੀ ਬੈਠੇ ਹਾਂ। ਹੋਰ ਵੀ ਬਹੁਤ ਤਰ੍ਹਾਂ ਦੇ ਧਰਮ ਹਨ, ਤੁਹਾਡੇ ਅਨੁਸਾਰ ਸਾਂਝਾ ਧਰਮ ਕਿਹੜਾ ਹੈ ?

ਜੋਗ ਸਬਦੰ ਗਿਆਨ ਸਬਦੰ ॥ ਜੋਗ ਮੱਤ (ਨੂੰ ਮੰਨਣ ਵਾਲੇ ਜੋਗੀਆਂ) ਦਾ ਧਰਮ ਗਿਆਨ (ਗਿਆਨ ਨੂੰ ਹੀ ਧਰਮ ਜਾਣਿਆ) ਹੈ ਅਤੇ ਉਪਦੇਸ਼ ਵੀ (ਜੋਗ ਦੇ) ਗਿਆਨ ਦਾ ਹੀ ਦੇਂਦੇ ਹਨ।

ਬੇਦ ਸਬਦੰ ਤ ਬ੍ਰਹਮਣਹ ॥ ਬ੍ਰਾਹਮਣਾਂ ਦਾ ਵੇਦ ਪੜ੍ਹਨਾ ਤੇ ਪੜ੍ਹਾਉਣਾ ਧਰਮ (ਸਮਝਿਆ ਜਾਂਦਾ) ਹੈ।

ਖੑਤ੍ਰੀ ਸਬਦੰ ਸੂਰ ਸਬਦੰ ॥ ਛੱਤ੍ਰੀਆਂ ਦਾ ਧਰਮ ਸੂਰਮਤਾਈ ਦਾ ਧਰਮ (ਰੱਖਿਆ ਕਰਨਾ ਜਾਣਿਆ ਜਾਂਦਾ) ਹੈ।
ਸੂਦ੍ਰ ਸਬਦੰ ਪਰਾਕ੍ਰਿਤਹ ॥ ਸ਼ੂਦ੍ਰਾਂ ਦਾ ਧਰਮ ਪਰਾਈ ਸੇਵਾ ਕਰਨੀ (ਤਿੰਨਾਂ ਵਰਣਾਂ ਦੇ ਲੋਕਾਂ ਦੀ ਸੇਵਾ ਕਰਕੇ ਨਿਰਬਾਹ ਕਰਨਾ) ਜਾਂ ਸ਼ੂਦ੍ਰਾਂ ਦਾ ਧਰਮ ਦੂਜਿਆਂ ਦੀ ਸੇਵਾ ਕਰਨੀ ਅਤੇ ਕ੍ਰਿਤਹ-ਵੈਸ਼ਾਂ ਦਾ ਧਰਮ ਹੈ (ਵਾਪਰ ਆਦਿ ਦੀ) ਕ੍ਰਿਤ ਕਰਨਾ। ਮਨੂ ਨੇ ਚਾਰੇ ਵਰਣਾਂ ਲਈ ਇਹ ਧਰਮ ਨੀਅਤ ਕੀਤੇ ਹਨ।
ਸਰਬ ਸਬਦੰ ਤ ਏਕ ਸਬਦੰ, ਜੇ ਕੋ ਜਾਨਸਿ ਭੇਉ ॥ ਸਾਰਿਆਂ ਦਾ ਧਰਮ ਇਕ ਸ਼ਬਦ (ਵਾਹਿਗੁਰੂ ਨੂੰ ਜਪਣਾ) ਹੈ, ਪਰ ਜੇ ਕੋਈ ਇਸ ਭੇਦ ਨੂੰ ਜਾਣ ਲਵੇ ਤਾਂ।
ਨਾਨਕ ਤਾਕੋ ਦਾਸੁ ਹੈ, ਸੋਈ ਨਿਰੰਜਨ ਦੇਉ ॥੩॥ ਉਹ (ਨਾਮ ਜਪਣ ਵਾਲਾ ਮਨੁੱਖ) ਪ੍ਰਕਾਸ਼ ਸਰੂਪ ਨਿਰਲੇਪ ਹਰੀ ਦਾ ਰੂਪ ਹੈ, ਗੁਰੂ ਜੀ ਆਖਦੇ ਹਨ ਕਿ ਅਸੀਂ ਉਸਦੇ ਦਾਸ ਹਾਂ; ਗੁਰੂ ਜੀ ਆਖਦੇ ਹਨ ਕਿ ਜਿਹੜਾ ਮਨੁੱਖ ਐਸੇ ਗੁਰਮੁਖਾਂ ਦਾ ਦਾਸ ਹੋ ਜਾਂਦਾ ਹੈ, ਉਹ ਵਾਹਿਗੁਰੂ ਦਾ ਹੀ ਰੂਪ ਹੋ ਜਾਂਦਾ ਹੈ।
ਪਦਾਰਥ = ਜੋਗ-ਜੋਗ ਮੱਤ ਦੇ ਜੋਗੀਆਂ ਦਾ। ਸਬਦੰ-ਧਰਮ। ਗਿਆਨ ਸਬਦੰ-ਜੋਗ ਦੀ ਜਾਣਕਾਰੀ ਦਾ ਉਪਦੇਸ਼। ਸੂਰ-ਬਹਾਦਰੀ। ਪਰਾਕ੍ਰਿਤਹ-ਪਰਾਈ ਸੇਵਾ; ਦੂਜਿਆਂ ਦੀ ਨੌਕਰੀ ਕਰਨੀ। ਸਰਬ ਸਬਦੰ-ਸਭ ਦਾ ਸਾਂਝਾ ਧਰਮ। ਏਕ ਸਬਦੰ-ਇਕ ਵਾਹਿਗੁਰੂ ਦਾ ਸਿਮਰਨ। ਜੇ ਕੋ-ਜੇ ਕੋਈ। ਜਾਨਸਿ-ਜਾਣ (ਸਮਝ) ਲੈਂਦਾ ਹੈ। ਭੇਉ-ਭੇਦ ਨੂੰ। ਨਿਰੰਜਨ ਦੇਉ-ਮਾਇਆ ਤੋਂ ਰਹਿਤ ਪ੍ਰਕਾਸ਼ ਸਰੂਪ ਵਾਹਿਗੁਰੂ।੩।
ਵਿਆਖਿਆ = ਨਾਮ ਜਪਣਾ ਸਭ ਲਈ ਸਾਂਝਾ ਹੈ {ਖਤ੍ਰੀ ਬ੍ਰਾਹਮਣ ਸੂਦ ਵੈਸ, ਉਪਦੇਸ ਚਹੁ ਵਰਨਾ ਕਉ ਸਾਝਾ ੭੪੭} ਇਹੋ ਹੀ ਸ਼੍ਰੋਮਣੀ ਧਰਮ ਹੈ। ਵੱਖ ਵੱਖ ਧਰਮ ਠੀਕ ਨਹੀ। ਬ੍ਰਹਮਣਾਂ ਨੇ ਨੀਵੀਆਂ ਜਾਤੀਆਂ ਨੂੰ ਪਾਠ ਪੂਜਾ ਤੋਂ ਬਾਂਝਾ ਰਖਿਆ ਹੋਇਆਂ ਸੀ। ਨਾਮ ਜਪਣ ਵਾਲੇ ਮਨੁੱਖ ਵਿਚ ਜੋਗ ਦਾ ਗਿਆਨ, ਬੇਦ ਦਾ ਧਰਮ, ਬਹਾਦਰੀ ਦਾ ਧਰਮ ਅਤੇ ਦੂਜਿਆਂ ਦੀ ਸੇਵਾ ਕਰਨ ਦਾ ਧਰਮ ਆਪੇ ਆ ਜਾਂਦੇ ਹਨ।੩।
ਏਕ ਕ੍ਰਿਸ੍ਨੰ ਤ ਸਰਬ ਦੇਵਾ, ਦੇਵ ਦੇਵਾ ਤ ਆਤਮਹ ॥ ਆਤਮੰ ਸ੍ਰੀ ਬਾਸ੍ਵਦੇਵਸ੍ਯ ॥ ਜੇ ਕੋਈ ਜਾਨਸਿ ਭੇਵ ॥ ਨਾਨਕ ਤਾ ਕੋ ਦਾਸੁ ਹੈ, ਸੋਈ ਨਿਰੰਜਨ ਦੇਵ ॥੪॥ ਇਕ ਪ੍ਰਮਾਤਮਾ ਸਾਰੇ ਦੇਵਤਿਆਂ ਦਾ ਵੱਡਾ ਦੇਵਤਾ (ਸੁਆਮੀ) ਹੈ, ਦੇਵਤਿਆਂ ਦੇ ਦੇਵਤਿਆਂ ਦਾ ਵੀ ਆਤਮਾ (ਪ੍ਰਕਾਸ਼ਕ) ਹੈ ਜਾਂ ਦੇਵਤਿਆਂ ਦਾ ਵੀ (ਵੱਡਾ) ਆਤਮ ਦੇਵ ਹੈ। (ਦੂਜਾ ਅਰਥ) ਇਕ ਬ੍ਰਹਮ ਹੈ ਜੋ ਸਭ ਦੇਵਤਿਆਂ ਅਰ ਅਦੇਵ (ਦੈਂਤਾਂ) ਅਰ ਦੇਵਾਤ (ਤੇਜਸਵੀਆਂ-ਅਵਤਾਰ ਪੈਗੰਬਰ ਆਦਿ) ਸਭ ਦਾ ਆਤਮਾ ਹੈ (ਭਾ:ਵੀਰ ਸਿੰਘ)।੧. (ਸਭ ਵਿਚ ਜੋ) ਆਤਮਾ ਹੈ, ਇਹ ਸ਼੍ਰੀ ਪ੍ਰਮਾਤਮਾ ਦੀ ਹੈ (ਪ੍ਰਮਾਤਮਾ ਆਤਮਾ ਦੇ ਰੂਪ ਵਿਚ ਸਭ ਦੇ ਅੰਦਰ ਵਸਦਾ ਹੈ) ਭਾਵ ਆਤਮਾ ਪ੍ਰਭੂ ਦਾ ਰੂਪ ਹੈ।
(ਦੂਜਾ ਅਰਥ) ਜੀਵ ਹਰੀ ਰੂਪ ਹੈ ਤੇ ਹਰੀ ਜੀਵ ਰੂਪ {ਆਤਮ ਮਹਿ ਰਾਮੁ ,ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ ੧੧੫੩; ਆਤਮ ਦੇਉ ਦੇਉ ਹੈ ਆਤਮੁ ਰਸਿ ਲਾਗੈ ਪੂਜ ਕਰੀਜੈ ੧੩੨੫ (ਜੀਵ ਹਰੀ ਰੂਪ ਹੈ ਤੇ ਹਰੀ ਜੀਵ ਰੂਪ ਹੈ ਜਾਂ ਆਤਮ ਪ੍ਰਕਾਸ਼ ਹੈ ਤੇ ਪ੍ਰਕਾਸ਼ ਹਰੀ ਹੈ)। ਕਹੁ ਕਬੀਰ ਇਹੁ ਰਾਮ ਕੀ ਅੰਸੁ ੮੭੧}।
ਜੇ ਕੋਈ ਇਸ (ਪ੍ਰਮਾਤਮਾ ਅਤੇ ਜੀਵ ਦੀ ਏਕਤਾ ਦੇ) ਭੇਤ ਨੂੰ ਜਾਣ ਲਵੇ। ਗੁਰੂ ਜੀ ਕਹਿੰਦੇ ਹਨ ਕਿ ਮੈਂ ਉਸਦਾ ਦਾਸ ਹਾਂ ਅਤੇ ਉਹ ਮਨੁੱਖ ਪ੍ਰਕਾਸ਼ ਸਰੂਪ ਹਰੀ ਦਾ ਰੂਪ ਹੈ ਭਾਵ ਜਿਹੜਾ ਹਰੀ ਅਤੇ ਜੀਵ ਦੀ ਏਕਤਾ ਦੇ ਇਸ ਭੇਦ ਨੂੰ ਜਾਣ ਲੈਂਦਾ ਹੈ, ਉਹ ਵਾਹਿਗੁਰੂ ਦਾ ਰੂਪ ਹੋ ਜਾਂਦਾ ਹੈ, ਨਾਨਕ ਐਸੇ ਮਨੁੱਖ ਦਾ ਦਾਸ ਹੈ। (ਤੀਜਾ ਤੇ ਚੌਥਾ ਸਲੋਕ ਆਸਾ ਦੀ ਵਾਰ ਵਿਚ ੪੬੯ ਅੰਗ ਤੇ 'ਮਹਲਾ ੨' ਸਿਰਲੇਖ ਹੇਠ ਦੇ ਲਿਖੇ ਹੋਏ ਹਨ) {ਹਰਿ ਜਨੁ ਹਰਿ ਹਰਿ ਹੋਇਆ, ਨਾਨਕੁ ਹਰਿ ਇਕੇ ੪੪੯;ਰਾਮ ਕਬੀਰਾ ਏਕ ਭਏ ਹੈ, ਕੋਇ ਨ ਸਕੈ ਪਛਾਨੀ ੯੬੯};ਪੁਸਤਕ ਪਾਠ ਬਿਆਕਰਣ ਵਖਾਣੈ, ਸੰਧਿਆ ਕਰਮ ਤਿਕਾਲ ਕਰੈ੧੧੨੭। ਪੜਿ ਪੜਿ ਲੂਝਹਿ ਬਾਦੁ ਵਖਾਣਹਿ ਮਿਲਿ ਮਾਇਆ ਸੁਰਤਿ ਗਵਾਈ ੧੧੩੧। ਮਾਥੇ ਤਿਲਕੁ ਹਥਿ ਮਾਲਾ ਬਾਨਾ। ਲੋਗਨ ਰਾਮੁ ਖਿਲਾਉਨਾ ਜਾਨਾ ੧੧੫੮}।
ਪਦਾਰਥ = ਏਕ ਕ੍ਰਿਸ੍ਨੰ-ਇਕ ਵਾਹਿਗੁਰੂ। ਸਰਬ ਦੇਵਾ-ਸਾਰੇ ਦੇਵਤਿਆਂ ਦਾ। ਦੇਵ ਦੇਵਾ-ਦੇਵਤਿਆਂ ਦਾ ਦੇਵਤਾ। ਤ-ਭੀ। ਬਾਸ੍ਵਦੇਵਸ੍ਯ-(ਸੱਸੇ ਦੇ ਪੈਰ ਦਾ ਵਾਵਾ ਔਂਕੜ ਵਾਂਗ ਅਤੇ ਪੈਰ ਦਾ ਯਯਾ ਮੁਕਤੇ ਐੜੇ ਵਾਂਗ ਬਾਸੁਅ+ਦੇਵਸਅ ਉਚਾਰੋ) ਵਾਹਿਗੁਰੂ ਦਾ। ਭੇਵ-ਭੇਦ। ਤਾ ਕੋ-ਉਸਦਾ। ਸੋਈ-ਉਹ (ਮਨੁੱਖ)। ਨਿਰੰਜਨ ਦੇਵ-ਮਾਇਆ ਤੋਂ ਰਹਿਤ ਪ੍ਰਕਾਸ਼ ਸਰੂਪ ਪ੍ਰਮਾਤਮਾ।੪।
ਨੋਟ ः- ਭਾ. ਵੀਰ ਸਿੰਘ ਅਤੇ ਪ੍ਰੋ. ਸਾਹਿਬ ਸਿੰਘ ਜੀ ਨੇ 'ਏਕ ਕ੍ਰਿਸਨੰ ਸਰਬ ਦੇਵਾਦੇਵ' ਤੇ ਵਿਸ੍ਰਾਮ ਲਾਇਆ ਹੈ ਅਤੇ ਦੇਵਾਦੇਵ (ਦੇਵ ਅਦੇਵ) ਦਾ ਅਰਥ ਦੇਵਤੇ ਅਤੇ ਦੈਂਤ ਕੀਤਾ ਹੈ, ਪਰ ਸੰਪ੍ਰਦਾਵਾਂ ਤੇ ਟਕਸਾਲ ਨੇ 'ਏਕ ਕ੍ਰਿਸਨੰ ਸਰਬ ਦੇਵਾ' ਤੇ ਵਿਸ੍ਰਾਮ ਲਾਇਆ ਹੈ।
ਸਲੋਕ ਸਹਸਕ੍ਰਿਤੀ ਮਹਲਾ ੫= ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
੧ੴ = ਸਰਬ ਸ਼ਕਤੀਵਾਨ ਵੈਰਾਟ ਰੂਪ ਅਦੁਤੀ ਪ੍ਰਮਾਤਮਾ, ਜਿਸ ਦੇ ਬਰਾਬਰ ਦਾ ਹੋਰ ਕੋਈ ਦੂਜਾ ਨਹੀਂ।
ਸਤਿ = ਸਦੀਵੀ ਹੋਂਦ ਵਾਲਾ, ਸਦਾ ਸਲਾਮਤ ਸੱਚ, ਤ੍ਰੈ ਕਾਲ ਅਤੀਤ (ਪਰਾ ਕਾਲ) ਸੱਚ, ਅਚੱਲ, ਅਟੱਲ।
ਨਾਮ = ਨਿਰੰਕਾਰ ਦੀ ਸਰਬ ਵਿਆਪਕ ਸ਼ਕਤੀ, ਜਿਸ ਰਾਹੀਂ ਸਮੁੱਚੀ ਰਚਨਾ ਨੂੰ ਆਸਰਾ ਦੇ ਕੇ ਟਿਕਾਇਆ ਹੋਇਆ ਹੈ।
ਕਰਤਾ = ਰਚਣਹਾਰ, ਅਨੰਤ ਖੰਡਾਂ ਬ੍ਰਹਿਮੰਡਾਂ, ਅਕਾਸ਼ਾਂ, ਪਤਾਲਾਂ, ਭਵਨਾਂ, ਪੁਰੀਆਂ, ਪ੍ਰਮਾਣੂ ਆਦਿ ਸਰਬ ਤੱਤਾਂ, ਦਿਸਦੇ ਅਣ ਦਿਸਦੇ

ਅਕਾਰਾਂ ਨੂੰ ਪੈਦਾ ਕਰਨ ਵਾਲਾ ਕਰਤਾਰ।
ਪੁਰਖ = ਸਰਬ ਵਿਆਪਕ ਹਸਤੀ, ਸਭ ਦੇ ਅੰਦਰ ਬਾਹਰ ਨਿਵਾਸ ਕਰਨ ਵਾਲਾ ਵਾਹਿਗੁਰੂ।
ਨਿਰਭਉ = ਭੈ ਰਹਿਤ ਨਿਰੰਕਾਰ। ਨਿਰਵੈਰ = ਵੈਰ ਤੋਂ ਰਹਿਤ।
ਅਕਾਲ ਮੂਰਤਿ = ਕਾਲ (ਮੌਤ) ਤੋਂ ਰਹਿਤ ਪ੍ਰਮਾਤਮ ਹਸਤੀ।
ਅਜੂਨੀ = ਅਜਨਮਾ (ਜਨਮ ਮਰਣ ਦੇ ਗੇੜ ਵਿਚ ਆਉਣ ਤੋਂ ਰਹਿਤ)।
ਸੈਭੰ = ਅਪਣੇ ਆਪ ਤੋਂ ਪ੍ਰਕਾਸ਼ਵਾਨ (ਅਪਣੇ ਆਪ ਨੂੰ ਪ੍ਰਕਾਸ਼ਨ ਵਾਲਾ), ਅਪਣੇ ਆਪ ਤੋਂ ਪੈਦਾ ਹੋਣ ਵਾਲਾ, ਸ੍ਵੈ ਪ੍ਰਗਟ, ਸ੍ਵੈ ਸੰਪੂਰਨ (ਜੋ ਕਿਸੇ ਬਾਹਰੀ ਕਾਰਣ ਤੇ ਨਿਰਭਰ ਨਹੀਂ।
ਗੁਰ ਪ੍ਰਸਾਦਿ = (ਨਿਰੰਕਾਰ) ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ (ਗੁਰੂ ਦੀ ਕ੍ਰਿਪਾ ਦੁਆਰਾ ਸਮਝ ਵਿਚ ਆਉਣ ਵਾਲਾ)।
ਉਥਾਨਕਾ = ਪੰਡਤ ਗੁਪਾਲ ਦੱਤ ਦੇ ਪੋਤੇ ਕ੍ਰਿਸ਼ਨ ਲਾਲ ਤੇ ਹਰੀ ਲਾਲ ਵਿਦਿਆ ਪੜ੍ਹ ਕੇ ਸਭਾ ਜਿਤ ਪੰਡਤ ਬਣ ਗਏ। ਪਰ ਮਨ ਨੂੰ ਸ਼ਾਂਤੀ ਨਹੀਂ ਆਈ, ਨਾ ਹੀ ਮੋਹ ਦੂਰ ਹੋਇਆ, ਗੁਰੂ ਨਾਨਕ ਦੇਵ ਜੀ ਦੀ ਵਡਿਆਈ ਦਾਦੇ ਤੋਂ ਸੁਣੀ ਹੋਈ ਸੀ। ਪੰ: ਗੁਪਾਲ ਦੱਤ ਪ੍ਰਤੀ ਉਚਾਰੇ ਸਲੋਕ ਪੜ੍ਹੇ, ਮਨ ਵਿਚ ਖਿੱਚ ਪਈ। ਗੁਰੂ ਜੀ ਦਾ ਟਿਕਾਣਾ ਪੁੱਛ ਕੇ ਅੰਮ੍ਰਿਤਸਰ ਆਏ। ਦਰਸ਼ਨ ਕਰਕੇ ਅਨੰਦ ਮਿਲਿਆ, ਬੇਨਤੀ ਕੀਤੀ ਕਿ ਸਚੇ ਪਾਤਸ਼ਾਹ! ਜਿਵੇਂ ਆਦਿ ਗੁਰੂ ਜੀ ਨੇ ਸਾਡੇ ਦਾਦੇ ਨੂੰ ਚਾਰ ਸਲੋਕ ਉਚਾਰ ਕੇ ਸਿਖਿਆ ਦਿਤੀ ਸੀ, ਤਿਵੇਂ ਸਾਡੇ ਤੇ ਵੀ ਕ੍ਰਿਪਾ ਕਰੋ, ਉਪਦੇਸ਼ ਦਿਓ ਤਾਂ ਕਿ ਸਾਡੀ ਕਲਿਆਣ ਹੋਵੇ। ਗੁਰੂ ਅਰਜਨ ਦੇਵ ਜੀ ਨੇ ਇਹ ਬਾਣੀ ਉਚਾਰ ਕੇ ਮੋਹ ਮਾਇਆ ਅਤੇ ਕਰਮ ਕਾਂਡ ਦੇ ਜੰਜਾਲ ਵਿਚੋਂ ਕੱਢ ਕੇ ਵਾਹਿਗੁਰੂ ਨਾਲ ਜੁੜਨ ਦਾ ਪਵਿਤ੍ਰ ਉਪਦੇਸ਼ ਦਿਤਾ।
ਕਤੰਚ ਮਾਤਾ ਕਤੰਚ ਪਿਤਾ ॥ ਕਤੰਚ ਬਨਿਤਾ ਬਿਨੋਦ ਸੁਤਹ ॥ ਮਾਤਾ ਕਿਆ, ਪਿਤਾ ਕਿਆ ਹੈ; ਕਦ ਦੇ ਹਨ; ਕੌਣ ਕਿਸੇ ਦੀ ਮਾਂ, ਕੌਣ ਕਿਸੇ ਦਾ ਪਿਤਾ ਹੈ। (ਘਰ ਵਾਲੀ) ਇਸਤ੍ਰੀ ਦਾ ਅਨੰਦ (ਸੁੱਖ) ਪੁਤ੍ਰਾਂ ਦੇ (ਸਬੰਧ) ਕਿਆ (ਕਦ ਦੇ) ਹਨ (ਸਾਰੇ ਸਬੰਧ ਨਾਸ਼ਵੰਤ ਹਨ) {ਜਹ ਮਾਤ ਪਿਤਾ ਸੁਤ ਮੀਤ ਨ ਭਾਈ ੨੬੪;ਕਾ ਕੋ ਮਾਤ ਪਿਤਾ ਸੁਤ ਧੀਆ੨੫੩;ਕਤ ਕੀ ਮਾਈ ਬਾਪੁ ਕਤ ਕੇਰਾ, ਕਿਦੂ ਥਾਵਹੁ ਹਮ ਆਏ੧੫੬}।
ਅੰਗ ੧੩੫੪ = ਕਤੰਚ ਭ੍ਰਾਤ ਮੀਤ ਹਿਤ ਬੰਧਵ ॥ ਸਕੇ ਭਰਾ, ਮਿਤ੍ਰ ,ਪਿਆਰੇ ਰਿਸ਼ਤੇਦਾਰ ਕਿਆ ਹਨ (ਕਦ ਦੇ ਹਨ ਭਾਵ ਇਸ ਤਨ ਦੇ ਸਬੰਧ ਕਰਕੇ ਹੀ ਹਨ, ਇਸ ਸਰੀਰ ਤੋਂ ਪਹਿਲਾਂ ਵੀ ਨਹੀ ਸਨ, ਪਿਛੋਂ ਵੀ ਨਹੀ ਹੋਣੇ)।
ਕਤੰਚ ਮੋਹ ਕੁਟੰਬ੍ਯ੍ਯਤੇ ॥ ਕਿਆ (ਕਿੱਥੇ) ਹੈ ਪ੍ਰਵਾਰ ਦਾ ਮੋਹ।
ਕਤੰਚ ਚਪਲ ਮੋਹਨੀ ਰੂਪੰ ॥ ਕਿਆ ਹੈ ਚੰਚਲ ਮੋਹਣੀ ਰੂਪ ਮਾਇਆ।
ਪੇਖੰਤੇ ਤਿਆਗੰ ਕਰੋਤਿ ॥ (ਜਿਹੜੀ ਮਾਇਆ) ਦੇਖਦਿਆਂ ਹੀ ਛੱਡ ਕਰਕੇ ਚਲੇ ਜਾਂਦੀ ਹੈ।
ਰਹੰਤ ਸੰਗ ਭਗਵਾਨ ਸਿਮਰਣ ॥ (ਸਿਰਫ) ਵਾਹਿਗੁਰੂ ਦਾ ਸਿਮਰਣ ਨਾਲ ਰਹਿੰਦਾ ਹੈ।
ਨਾਨਕ ਲਬਧ੍ਯੰ ਅਚੁਤ ਤਨਹ ॥੧॥ ਗੁਰੂ ਜੀ ਆਖਦੇ ਹਨ, ਅਬਨਾਸ਼ੀ ਪ੍ਰਭੂ ਦੇ ਤਨਹ-ਪੁਤ੍ਰ ਭਾਵ ਸੰਤਾਂ (ਦੀ ਸੰਗਤ ਕਰਨ ਨਾਲ ਵਾਹਿਗੁਰੂ ਦਾ ਸਿਮਰਣ) ਮਿਲਦਾ ਹੈ।
ਪਦਾਰਥ = ਕਤੰਚ-ਕਿਆ ਹੈ; ਕਦ ਦੇ; ਕਿਥੇ;ਕੌਣ। ਬਨਿਤਾ ਬਿਨੋਦ-ਇਸਤ੍ਰੀ ਦਾ (ਭੋਗ ਅਨੰਦ) ਪਿਆਰ। ਸੁਤਹ-ਪੁਤ੍ਰਾਂ ਦਾ। ਭ੍ਰਾਤ-ਭਰਾ। ਮੀਤ-ਮਿਤ੍ਰ। ਹਿਤ-ਹਿਤੂ; ਪਿਆਰੇ। ਬੰਧਵ-ਸਬੰਧੀ। ਕੁਟਬ੍ਯ੍ਯਤੇ-(ਕੁਟੰਬਿਅਤੇ ਬੋਲੋ) ਪ੍ਰਵਾਰ ਦਾ। ਚਪਲ-ਚੰਚਲ। ਮੋਹਨੀ-ਮਨ ਨੂੰ ਮੋਹ ਲੈਣ ਵਾਲੀ ਮਾਯਾ। ਪੇਖੰਤੇ-ਦੇਖਦਿਆਂ ਹੀ। ਤਿਆਗੰ ਕਰੋਤਿ-ਛਡ ਕਰਕੇ ਚਲੇ ਜਾਂਦੀ ਹੈ। ਰਹੰਤ ਸੰਗ-ਨਾਲ ਰਹਿੰਦਾ ਹੈ। ਲਬਧ੍ਯੰ-(ਲਭਧਿਅੰ ਉਚਾਰੋ) ਲੱਭਦਾ (ਮਿਲਦਾ) ਹੈ। ਅਚੁਤ-ਅਬਿਨਾਸੀ ਵਾਹਿਗੁਰੂ। ਤਨਹ-ਵਾਹਿਗੁਰੂ ਦੇ ਪੁਤ੍ਰਾਂ (ਸੰਤਾਂ) ਤੋਂ।੧।
ਸਾਰ = ਪ੍ਰਵਾਰ ਦਾ ਮੋਹ ਨਾਸ਼ਵੰਤ ਹੈ, ਨਾਮ ਸਾਥ ਰਹਿੰਦਾ ਹੈ ਜੋ ਕਿ ਗੁਰੂ ਤੋਂ ਪ੍ਰਾਪਤ ਹੁੰਦਾ ਹੈ।੧।
ਧ੍ਰਿਗੰਤ ਮਾਤ ਪਿਤਾ ਸਨੇਹੰ, (ਸਿਮਰਨ ਤੋਂ ਬਿਨਾ) ਧ੍ਰਿਕਾਰ ਹੈ ਮਾਤਾ ਪਿਤਾ ਦਾ ਪ੍ਰੇਮ (ਕਿਉਂਕਿ ਇਹ ਪ੍ਰੇਮ ਸਦਾ ਰਹਿਣ ਵਾਲਾ ਨਹੀਂ)। ਧ੍ਰਿਗ ਸਨੇਹੰ ਭ੍ਰਾਤ ਬਾਂਧਵਹ ॥ ਭਰਾਵਾਂ ਅਤੇ ਸਬੰਧੀਆਂ ਦਾ ਪਿਆਰ ਵੀ ਧ੍ਰਿਕਾਰ ਯੋਗ ਹੈ।
ਧ੍ਰਿਗ ਸ੍ਨੇਹੰ ਬਨਿਤਾ ਬਿਲਾਸ ਸੁਤਹ ॥ ਇਸਤ੍ਰੀ ਅਤੇ ਪੁਤ੍ਰਾਂ ਦੇ ਪ੍ਰੇਮ ਦਾ ਅਨੰਦ ਵੀ ਧ੍ਰਿਗ ਹੈ।
ਧ੍ਰਿਗ ਸ੍ਨੇਹੰ ਗ੍ਰਿਹਾਰਥ ਕਹ ॥ ਘਰ ਅਤੇ ਪਦਾਰਥਾਂ ਦਾ ਪ੍ਰੇਮ ਵੀ ਧ੍ਰਿਗ ਹੈ।
ਸਾਧ ਸੰਗ ਸ੍ਨੇਹ ਸਤਿੵੰ ,ਸੁਖਯੰ ਬਸੰਤਿ ਨਾਨਕਹ ॥੨॥ ਸਾਧ ਸੰਗਤ ਦਾ ਪ੍ਰੇਮ ਸੱਚਾ ਹੈ (ਇਹ ਪ੍ਰੇਮ ਪਰਮਪਦ ਦੀ ਪ੍ਰਾਪਤੀ ਦਾ ਦੁਆਰ ਹੈ), ਗੁਰੂ ਜੀ ਕਹਿੰਦੇ ਹਨ (ਸਾਧ ਸੰਗਤ ਨਾਲ ਪ੍ਰੇਮ ਕਰਨ ਵਾਲੇ ਮਨੁੱਖ) ਸੁਖ ਅਨੰਦ ਨਾਲ ਵਸਦੇ ਹਨ।
ਪਦਾਰਥ = ਧ੍ਰਿਗੰਤ-ਫਿਟਕਾਰ ਯੋਗ; ਛੱਡਣਯੋਗ; ਭੈੜਾ; ਨਿੰਦਤ; ਧ੍ਰਿਕਾਰ (ਲਾਹਣਤ; ਫਿਟਕਾਰ) ਹੈ। ਸਨੇਹੰ-ਪ੍ਰੇਮ;ਮੋਹਿਆ ਹੈ।

ਭ੍ਰਾਤ–ਭਰਾਵਾਂ ਦਾ। ਬਾਂਧਵਹ–ਸਾਕਾਂ ਸਬੰਧੀਆਂ ਦਾ। ਸ੍ਨੇਹੰ–ਪ੍ਰੇਮ। ਬਨਿਤਾ–ਇਸਤ੍ਰੀ ਦਾ। ਬਿਲਾਸ–ਭੋਗ ਜਾਂ ਸੁੱਖਾਂ ਦਾ ਅਨੰਦ। ਸੁਤਹ–ਪੁਤ੍ਰਾਂ ਦਾ। ਗ੍ਰਿਹ+ਅਰਥ + ਕਹ–ਘਰ ਦੇ ਪਦਾਰਥਾਂ ਦਾ (ਕਹ–ਦਾ)। ਸਤ੍ਰਿੰ–(ਸਤਿਅੰ ਬੋਲੋ) ਸੱਚਾ; ਸਦਾ ਥਿਰ ਰਹਿਣ ਵਾਲਾ। ਸੁਖੵੰ ਨੂੰ ਸੁਖਿਅੰ ਬੋਲੋ। ਬਸੰਤਿ–ਵਸਦੇ ਹਨ।੨।

ਵਿਆਖਿਆ = ਜਿਹੜੇ ਮਾਂ ਬਾਪ ਆਦਿ ਸਬੰਧੀ ਹਰੀ ਸਿਮਰਨ ਨਹੀ ਕਰਨ ਦੇਂਦੇ,ਉਨ੍ਹਾਂ ਦੇ ਪ੍ਰੇਮ ਨੂੰ ਲਾਹਣਤ ਹੈ। ਜਿਵੇਂ ਪ੍ਰਹਲਾਦ ਦਾ ਪਿਤਾ ਹਰਨਾਕਸ਼ ਨਾਮ ਨਹੀ ਸੀ ਜਪਣ ਦਿੰਦਾ ਅਤੇ ਨਾਮ ਦੇਵ ਦੀ ਮਾਂ ਸਿਮਰਨ ਤੋਂ ਹਟਾ ਕੇ ਦੂਜੇ ਪਾਸੇ ਲਾਉਂਦੀ ਸੀ {ਰੁਦਨ ਕਰੈ ਨਾਮੇ ਕੀ ਮਾਇ। ਛੋਡਿ ਰਾਮੁ ਕੀ ਨ ਭਜਹਿ ਖੁਦਾਇ ੧੧੬੫}। ਇਕ ਹਰੀ ਦਾ ਪਿਆਰ ਹੀ ਸਚਾ ਹੈ {ਮਾਤ ਪਿਤਾ ਸੁਤ ਬੰਧਪਾ, ਕੂੜੇ ਸਭੇ ਸਾਕ ੪੭}। ਦੁਨਿਆਵੀ ਪ੍ਰੇਮ ਸਦਾ ਕਾਇਮ ਨਹੀ ਰਹਿੰਦਾ, ਨਾ ਹੀ ਨਾਲ ਜਾਂਦਾ ਹੈ।੨।

ਮਿਥੵੰਤ ਦੇਹੰ ਖੀਣੰਤ ਬਲਨੰ ॥ ਮਨੁੱਖਾ ਦੇਹ ਤਾਂ ਝੂਠੀ ਹੈ (ਕਿਉਂਕਿ) ਇਸਦਾ ਬਲ ਨਾਸ ਹੁੰਦਾ (ਘਟਦਾ) ਰਹਿੰਦਾ ਹੈ।

ਬਰਧੰਤਿ ਜਰੂਆ ਹਿਤੵੰਤ ਮਾਇਆ ॥ ਬੁਢੇਪਾ ਵਧਦਾ ਜਾਂਦਾ ਹੈ, (ਫਿਰ ਵੀ) ਮਨੁੱਖ ਮਾਇਆ ਦਾ ਅਤਿਅੰਤ ਪ੍ਰੇਮ ਕਰਦਾ ਹੈ।

ਅਤੵੰਤ ਆਸਾ ਆਥਿਤੵ ਭਵਨੰ ॥ ਇਹ ਜੀਵ ਸੰਸਾਰ ਰੂਪ ਭਵਨ (ਘਰ) ਵਿਚ ਪ੍ਰਾਹੁਣੇ ਵਾਂਗ ਹੈ (ਜਿਵੇਂ ਪ੍ਰਾਹੁਣਾ ਰਾਤ ਕੱਟ ਕੇ ਚਲੇ ਜਾਂਦਾ ਹੈ, ਤਿਵੇਂ ਜੀਵ ਨੇ ਵੀ ਜੀਵਨ ਰੂਪ ਰਾਤ ਕੱਟ ਕੇ ਤੁਰ ਜਾਣਾ ਹੈ, ਪਰ ਜੀਵ ਸੰਸਾਰ ਵਿਚ ਬਹੁਤਾ ਚਿਰ ਰਹਿਣ ਦੀ) ਅਤਿਅੰਤ ਆਸ ਕਰਦਾ ਹੈ।

ਗਨੰਤ ਸ੍ਵਾਸਾ ਭੈਯਾਨ ਧਰਮੰ ॥ ਭਿਆਨਕ (ਕਠੋਰ ਸੁਭਾਵ ਵਾਲਾ) ਧਰਮਰਾਜ ਇਸਦੇ ਸਾਹਾਂ ਨੂੰ ਗਿਣ ਰਿਹਾ ਹੈ (ਮਾਰਨ ਨੂੰ ਤਿਆਰ ਹੈ)। ਪਤੰਤਿ ਮੋਹ ਕੂਪ, ਦੁਰਲਭੵ ਦੇਹੰ, ਤਤ ਆਸ੍ਰਯੰ ਨਾਨਕ ॥ ਮਨੁੱਖ ਦੀ ਦੁਰਲੱਭ ਦੇਹ ਮੋਹ ਰੂਪ ਖੂਹ ਵਿਚ (ਪਤੰਤਿ) ਡਿੱਗੀ ਪਈ ਹੈ, ਤਿਸ (ਹਰੀ) ਦਾ ਆਸਰਾ (ਮੋਹ ਦੇ ਖੂਹ ਚੋਂ ਕੱਢਣ ਵਾਲਾ ਹੈ)।

ਗੋਬਿੰਦ ਗੋਬਿੰਦ ਗੋਬਿੰਦ ਗੋਪਾਲ ਕ੍ਰਿਪਾ ॥੩॥ ਤਨ ਮਨ ਅਤੇ ਬਾਣੀ ਕਰਕੇ ਗੋਬਿੰਦ ਨੂੰ ਜਪੇ, ਤਾਂ ਗੋਪਾਲ ਕਿਰਪਾ ਕਰਦਾ ਹੈ (ਅਪਣਾ ਸਹਾਰਾ ਦੇ ਕੇ ਮੋਹ ਦੇ ਖੂਹ ਤੋਂ ਬਚਾ ਲੈਂਦਾ ਹੈ)।

ਪਦਾਰਥ = ਮਿਥੵੰਤ–(ਮਿਥਿਅੰਤ ਬੋਲੋ) ਝੂਠਾ; ਨਾਸ਼ਵੰਤ। ਦੇਹੰ–ਸਰੀਰ। ਖੀਣੰਤ–ਨਾਸ ਹੁੰਦਾ ਰਹਿੰਦਾ ਹੈ। ਬਲਨੰ–ਬਲ (ਸਰੀਰ ਦਾ)। ਬਰਧੰਤਿ–ਵਧਦਾ ਹੈ। ਜਰੂਆ–ਬੁਢੇਪਾ। ਹਿਤੵੰਤ–(ਹਿਤਿਅੰਤ ਬੋਲੋ) ਅਤਿਅੰਤ ਹਿਤ (ਮੋਹ)। ਅਤੵੰਤ–(ਅਤਿਅੰਤ ਬੋਲੋ) ਬਹੁਤ ਜਿਆਦਾ। ਆਥਿਤੵ–(ਅਥਿਤਿਅ ਬੋਲੋ) ਅਥਿਤੀ (ਮਹਿਮਾਨ)। ਭਵਨੰ–(ਸੰਸਾਰ ਰੂਪ) ਘਰ ਵਿਚ। ਗਨੰਤ–ਗਿਣਦਾ ਹੈ। ਸ੍ਵਾਸਾ (ਸੁਆਸਾ ਉਚਾਰੋ) –ਸੁਆਸ। ਭੈਯਾਨ–ਭਿਆਨਕ। ਧਰਮੰ–ਧਰਮਰਾਜਾ। ਪਤੰਤਿ–ਡਿਗਦੀ ਹੈ। ਕੂਪ–ਖੂਹ। ਤਤ–ਤਿਸ (ਵਾਹਿਗੁਰੂ) ਦਾ। ਆਸ੍ਰਯੰ–ਆਸਰਾ (ਆਸਰਿਅੰ ਬੋਲੋ)।੩।

ਸਾਰ = ਨਾਮ ਸਿਮਰਣ ਦਾ ਆਸਰਾ ਮਨੁੱਖ ਨੂੰ ਮੋਹ ਦੇ ਖੂਹ ਵਿਚੋਂ ਕੱਢ ਲੈਂਦਾ ਹੈ।੩।

ਕਾਚ ਕੋਟੰ ਰਚੰਤਿ ਤੋਯੰ,ਲੇਪਨੰ ਰਕਤ ਚਰਮਣਹ ॥ ਇਹ ਸਰੀਰ ਰੂਪ ਕਿਲਾ ਕੱਚਾ ਹੈ (ਜੋ ਮਾਂ ਦੀ) ਰਕਤ ਤੇ (ਪਿਤਾ ਦੇ) ਬਿੰਦ ਤੋਂ ਬਣਿਆ ਹੈ (ਜਿਵੇਂ ਕੱਚਾ ਕੋਟ ਮੀਂਹ ਪੈਣ ਤੇ ਢਹਿ ਜਾਂਦਾ ਹੈ, ਤਿਵੇਂ ਸਰੀਰ ਵੀ ਕਾਲ ਰੂਪ ਮੀਂਹ ਨਾਲ ਨਸਟ ਹੋ ਜਾਂਦਾ ਹੈ) {ਦੇਹੀ ਕਾਚੀ ਕਾਗਦ ਮਿਕਦਾਰਾ। ਬੂੰਦ ਪਵੈ ਬਿਨਸੈ, ਢਹਤ ਨ ਲਾਗੈ ਬਾਰਾ ੧੦੪੯}। ਲਹੂ ਤੇ ਚੰਮ ਦਾ (ਉਸ ਉਪਰ) ਪੋਚਾ ਦਿਤਾ ਹੋਯਾ ਹੈ।

ਨਵੰਤ ਦੁਆਰੰ ਭੀਤ ਰਹਿਤੰ,ਬਾਇ ਰੂਪੰ ਅਸਥੰਭਨਹ ॥ ਇਸ ਕੋਟ ਦੇ ਨੌਂ ਦਰਵਾਜੇ ਹਨ,(ਪਰ ਦਰਵਾਜੇ) ਤਖਤਿਆਂ ਤੋਂ ਰਹਿਤ (ਬਿਨਾ) ਹਨ। ਵਾਯੂ ਰੂਪ ਸੁਆਸ ਕਿਲੇ ਦੇ ਥੰਮ ਹਨ (ਸੁਆਸਾਂ ਦੇ ਸਹਾਰੇ ਸਰੀਰ ਰੂਪ ਕਿਲਾ ਖੜਾ ਹੈ)।

ਗੋਬਿੰਦ ਨਾਮੰ ਨਹ ਸਿਮਰੰਤਿ, ਅਗਿਆਨੀ ਜਾਨੰਤਿ ਅਸਥਿਰੰ ॥ (ਸਰੀਰ ਰੂਪ ਕਿਲੇ ਵਿਚ ਰਹਿ ਕੇ) ਬੇਸਮਝ ਮਨੁੱਖ ਵਾਹਿਗੁਰੂ ਦਾ ਨਾਮ ਨਹੀ ਜਪਦੇ ਅਤੇ (ਇਸ ਸਰੀਰ ਨੂੰ) ਸਦਾ ਟਿਕੇ ਰਹਿਣ ਵਾਲਾ ਸਮਝਦੇ ਹਨ।

ਦੁਰਲਭ ਦੇਹ ਉਧਰੰਤ, ਸਾਧ ਸਰਣ ਨਾਨਕ ॥ ਗੁਰੂ ਜੀ ਆਖਦੇ ਹਨ, ਸਾਧੂਆਂ ਦੀ ਸ਼ਰਣ ਵਿਚ ਆਉਣ ਕਰਕੇ ਦੁਰਲੱਭ ਦੇਹ ਦਾ ਉਧਾਰ ਹੋ ਜਾਂਦਾ ਹੈ।

ਹਰਿ ਹਰਿ ਹਰਿ ਹਰਿ, ਹਰਿ ਹਰੇ ਜਪੰਤਿ ॥੪॥ (ਜਿਹੜੇ ਮਨੁੱਖ) ਤਨ ਮਨ ਕਰਮ ਕਰਕੇ ਵਾਹਿਗੁਰੂ ਨੂੰ ਜਪਦੇ ਹਨ (ਉਨ੍ਹਾਂ ਦੀ ਦੁਰਲੱਭ ਦੇਹ ਸੰਸਾਰ ਸਾਗਰ ਤੋਂ ਤਰ ਜਾਂਦੀ ਹੈ)।੪।

ਪਦਾਰਥ = ਕਾਚ ਕੋਟੰ–(ਸਰੀਰ ਰੂਪ) ਕੱਚਾ ਕਿਲਾ। ਰਚੰਤਿ–ਰਚਿਆ ਹੋਇਆ। ਤੋਯੰ–ਪਾਣੀ (ਤੋਇਅੰ ਬੋਲੋ)। ਲੇਪਨੰ–ਲਿਪਿਆ (ਪੋਚਾ ਦਿਤਾ) ਹੋਇਆ। ਰਕਤ–ਲਹੂ ਦਾ। ਚਰਮਣਹ–ਚੰਮ ਦਾ। ਨਵੰਤ–ਨੌਂ। ਦੁਆਰੰ–ਦਰਵਾਜੇ। ਭੀਤ–ਬੂਹੇ; ਤਖਤੇ। ਰਹਿਤੰ–ਬਗੈਰ। ਬਾਇ–ਹਵਾ (ਸੁਆਸ)। ਅਸਥੰਭਨਹ–ਥੰਮ। ਅਸਥਿਰੰ–ਸਦਾ ਟਿਕੇ ਰਹਿਣ ਵਾਲਾ। ਉਧਰੰਤ–ਤਰ ਜਾਂਦੀ ਹੈ। ਜਪੰਤਿ–ਜਪਦੇ ਹਨ।੪।

ਸਾਰ= ਛਿਨ ਭੰਗਰ ਦੇਹ ਨੂੰ ਅਗਿਆਨੀ ਸਥਿਰ ਸਮਝਦਾ ਹੈ, ਸੁੱਖਾਂ ਵਿਚ ਪੈ ਕੇ ਪ੍ਰਮਾਤਮਾ ਤੋਂ ਬੇਮੁੱਖ ਹੁੰਦਾ ਹੈ। ਤਰਦਾ ਉਹ, ਜੋ ਨਾਮ ਜਪਦਾ ਹੈ।

ਸੁਭੰਤ ਤੁਯੰ, ਅਚੁਤ ਗੁਣਗੵੰ , ਪੂਰਨੰ ਬਹੁਲੋ ਕ੍ਰਿਪਾਲਾ ॥ ਹੇ ਅਟੱਲ ਵਾਹਿਗੁਰੂ ਤੁਸੀਂ (ਸਭ ਵਿਚ) ਸੋਭਨੀਕ (ਸੋਭ ਰਹੇ) ਹੋ, ਗੁਣਾਂ ਦੇ ਗਿਆਤਾ (ਜਾਨਣਵਾਲੇ) ਹੋ, ਸਾਰੇ ਪੂਰਨ (ਵਿਆਪਕ) ਹੋ, ਬਹੁਤ ਕ੍ਰਿਪਾਲੂ (ਜਾਂ ਬਹੁਤ ਲੋਕਾਂ ਦੀ ਪਾਲਣਾ ਕਰਨ ਵਾਲੇ) ਹੋ।
ਗੰਭੀਰੰ ਊਚੈ ਸਰਬਗਿ ਅਪਾਰਾ ॥ (ਆਪ ਜੀ) ਅਹਿੱਲ ਹੋ, ਸਭ ਤੋਂ ਉਚੇ ਹੋ, ਸਭ ਦੀ ਜਾਨਣਵਾਲੇ ਹੋ, ਪਾਰ ਤੋਂ ਰਹਿਤ ਹੋ।
ਭ੍ਰਿਤਿਆ ਪ੍ਰਿਅੰ ਬਿਸ੍ਰਾਮ ਚਰਣੰ ॥ ਭਗਤਾਂ ਦੇ ਪਿਆਰੇ ਹੋ, (ਭਗਤਾਂ ਨੂੰ ਅਪਣੇ) ਚਰਨਾਂ ਵਿਚ ਨਿਵਾਸ (ਸੁਖ) ਦਿੰਦੇ ਹੋ।
ਅਨਾਥ ਨਾਥੇ ਨਾਨਕ ਸਰਣੰ ॥੫॥ (ਗੁਰੂ ਜੀ ਆਖਦੇ ਹਨ) ਹੇ ਅਨਾਥਾਂ ਦੇ ਮਾਲਕ! ਮੈਂ ਆਪ ਜੀ ਦੀ ਸਰਣ ਹਾਂ।੫।
ਪਦਾਰਥ = ਸੁਭੰਤ-ਸੋਭ ਰਹੇ ਹੋ।ਤੁਯੰ-(ਤੁਇਅੰ ਬੋਲੋ) ਤੂੰ।ਅਚੁਤ-ਅਟੱਲ; ਅਬਿਨਾਸੀ।ਗੁਣਗੵੰ-ਗੁਣਾਂ ਦਾ ਜਾਨਣ ਵਾਲਾ (ਗੁਣੱਗਿਅੰ ਬੋਲੋ)।ਪੂਰਨੰ-ਸਰਬ ਵਿਆਪਕ।ਬਹੁਲੋ-ਬਾਹਲਾ (ਬਹੁਤ)।ਗੰਭੀਰੰ-ਸੰਜੀਦਾ।ਸਰਬਗਿ-ਸਭ ਦੀ ਜਾਨਣ ਵਾਲਾ; ਸਰਬ ਸ਼ਕਤੀਮਾਨ। ਭ੍ਰਿਤਿਆ-ਭਗਤਾਂ ਦਾ।ਪ੍ਰਿਅੰ-ਪਿਆਰਾ।ਬਿਸ੍ਰਾਮ-ਆਸਰਾ; ਸੁੱਖ ਸ਼ਾਂਤੀ ਦੇਣ ਵਾਲਾ ਟਿਕਾਣਾ।ਚਰਣੰ-ਚਰਨਾਂ ਵਿਚ।ਅਨਾਥ ਨਾਥੇ-ਅਨਾਥਾਂ ਦਾ ਮਾਲਕ।੫।
ਸਾਰ = ਇਸ ਸਲੋਕ ਵਿਚ ਵਾਹਿਗੁਗੁਰੂ ਅੱਗੇ ਅਰਦਾਸ ਕੀਤੀ ਹੈ।ਬੇਅੰਤ ਗੁਣਾਂ ਦੇ ਮਾਲਕ ਵਾਹਿਗੁਰੂ ਦੀ ਸ਼ਰਣ ਲੈਣੀ ਚਾਹੀਦੀ ਹੈ।
ਉਥਾਨਕਾ= ਜੰਗਲ ਵਿਚ ਇਕ ਹਿਰਣੀ ਸੂ (ਬੱਚਾ ਪੈਦਾ ਕਰ) ਰਹੀ ਸੀ।ਸਿਕਾਰੀ ਨੇ ਦੇਖ ਕੇ ਇਕ ਪਾਸੇ ਜਾਲ ਤਾਣ ਦਿਤਾ, ਦੂਜੇ ਪਾਸੇ ਅੱਗ ਬਾਲ ਦਿਤੀ, ਤੀਜੇ ਪਾਸੇ ਕੁੱਤਾ ਖੜਾ ਕਰ ਦਿਤਾ, ਚੌਥੇ ਪਾਸੇ ਖੁਦ ਬੰਦੂਕ ਲੈ ਕੇ ਖਲੋ ਗਿਆ।ਹਿਰਣੀ ਨੇ ਚਾਰੇ ਪਾਸਿਆਂ ਤੋਂ ਘਿਰੀ ਹੋਈ ਜਾਣ ਕੇ ਪ੍ਰਭੂ ਨੂੰ ਯਾਦ ਕੀਤਾ।ਉਸੇ ਵੇਲੇ ਹਨ੍ਹੇਰੀ ਆਈ, ਤਾਂ ਜਾਲ ਉਡ ਕੇ ਅੱਗ ਵਿਚ ਡਿਗਿਆ, ਨਾਲ ਹੀ ਮੀਂਹ ਆਇਆ ਤਾਂ ਅੱਗ ਬੁਝ ਗਈ।ਜਦ ਸ਼ਿਕਾਰੀ ਨਿਸ਼ਾਨਾ ਵਿਨ੍ਹ ਕੇ ਗੋਲੀ ਚਲਾਉਣ ਲੱਗਾ, ਕੋਲ ਹੀ ਝਾੜੀ ਚੋਂ ਨਿਕਲ ਕੇ ਸੱਪ ਨੇ ਸ਼ਿਕਾਰੀ ਨੂੰ ਡੰਗ ਮਾਰਿਆ, ਜਿਸ ਤੇ ਨਿਸ਼ਾਨਾ ਖੁੰਝ ਕੇ ਗੋਲੀ ਕੁੱਤੇ ਨੂੰ ਲੱਗੀ।ਕੁੱਤਾ ਤੇ ਸ਼ਿਕਾਰੀ ਦੋਵੇਂ ਮਰ ਗਏ, ਇਸ ਤਰ੍ਹਾਂ ਹਿਰਣੀ ਦੀ ਰੱਖਿਆ ਹੋਈ (ਮਾਸਕ ਪੱਤ੍ਰਕਾ ਨਿਰਗੁਣੀਆਰਾ ੧੫ ਫਰਵਰੀ ੧੯੭੫)।
ਮ੍ਰਿਗੀ ਪੇਖੰਤ ਬਧਿਕ, ਪ੍ਰਹਾਰੇਣ ਲਖੵ ਆਵਧਹ ॥ ਇਕ ਹਿਰਣੀ ਨੂੰ ਸ਼ਿਕਾਰੀ ਨੇ ਦੇਖਦਿਆਂ ਨਿਸ਼ਾਨਾ ਤੱਕ ਕੇ ਸ਼ਸਤ੍ਰ ਮਾਰਨੇ ਲੱਗਾ।
ਅਹੋ ਜਸੵ ,ਰਖੇਣ ਗੋਪਾਲਹ, ਨਾਨਕ ਰੋਮ ਨ ਛੇਦ੍ਤੇ ॥੬॥ ਹੇ (ਭਾਈ) ਜਿਸਦਾ ਰਖਵਾਲਾ ਵਾਹਿਗੁਰੂ ਹੈ, ਗੁਰੂ ਜੀ ਆਖਦੇ ਹਨ, ਉਸਦਾ ਵਾਲ ਵਿੰਗਾ ਨਹੀ ਹੁੰਦਾ।੬।
ਪਦਾਰਥ = ਮ੍ਰਿਗੀ-ਹਿਰਣੀ।ਪੇਖੰਤ-ਦੇਖਦਿਆਂ।ਬਧਿਕ-ਸ਼ਿਕਾਰੀ।ਪ੍ਰਹਾਰੇਣ-ਮਾਰਨ ਲੱਗਾ।ਲਖੵ-(ਲਖਿਅ ਉਚਾਰੋ) ਨਿਸ਼ਾਨਾ (ਤੱਕ ਕੇ)।ਆਵਧਹ-ਸ਼ਸਤ੍ਰ।ਅਹੋ-ਹੇ (ਭਾ:ਵੀਰ ਸਿੰਘ); ਅਸਚਰਜ (ਬੜੀ ਹੈਰਨਗੀ ਦੀ ਬਾਤ ਹੈ) ਫ.ਸ.; ਸੰ.ਸ.; ਗੁ.ਪਾ.ਦ. (ਸ਼ੋਕ ਅਤੇ ਅਸਚਰਜ ਬੋਧਕ ਹੈ)।ਜਸੵ-(ਜਸਿਅ ਉਚਾਰੋ) ਜਿਸਦਾ।ਰਖੇਣ-ਰਖਵਾਲਾ।ਗੋਪਾਲਹ-ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਅਕਾਲ ਪੁਰਖ।ਰੋਮ-ਵਾਲ।ਨ ਛੇਦ੍ਤੇ-(ਛੇਦਿਅਤੇ ਉਚਾਰੋ) ਵਿੰਗਾ ਨਹੀ ਹੁੰਦਾ।੬।
ਸਾਰ = ਜਿਸਦੀ ਹਰੀ ਰੱਖਿਆ ਕਰਦਾ ਹੈ,ਉਸਨੂੰ ਕੋਈ ਮਾਰ ਨਹੀ ਸਕਦਾ।੬।
ਬਹੁ ਜਤਨ ਕਰਤਾ ਬਲਵੰਤ ਕਾਰੀ,ਸੇਵੰਤ ਸੂਰਾ ਚਤੁਰ ਦਿਸਹ ॥ (ਹੇ ਭਾਈ ਅਪਣੀ ਰੱਖਿਆ ਲਈ ਮਨੁੱਖ) ਬਹੁਤ ਜਤਨ ਕਰਨ ਵਾਲਾ ਤੇ ਬੜਾ ਬਲ ਵਾਲਾ ਭੀ ਹੋਵੇ।ਚੌਹਾਂ ਪਾਸਿਆਂ ਤੋਂ ਸੂਰਮੇ ਸੇਵਾ ਕਰਨ ਵਾਲੇ ਵੀ ਹੋਣ (ਪਹਿਰਾ ਦੇ ਕੇ ਰਾਖੀ ਕਰਨ)।
ਬਿਖਮ ਥਾਨ ਬਸੰਤ ਊਚਹ,ਨਹ ਸਿਮਰੰਤ ਮਰਣੰ ਕਦਾਂਚਹ ॥ ਔਖੇ ਤੇ ਉਚੇ ਥਾਂ ਵਸਦਾ ਹੋਵੇ (ਜਿਥੇ ਪਹੁੰਚਣਾ ਮੁਸ਼ਕਲ ਹੋਵੇ) ਭਾਵ ਰਾਜਾ ਪ੍ਰੀਛਤ ਵਾਂਗ ਪਾਣੀ ਵਿਚ ਮਹਲ ਬਣਾ ਕੇ ਉਚੀ ਥਾਂ ਵਸਦਾ ਹੋਵੇ ਬੇਸ਼ਕ।(ਉਸ ਨੂੰ) ਮਰਣਾ ਕਦੇ ਚਿਤ ਚੇਤੇ ਵੀ ਨਾ ਹੋਵੇ।
ਹੋਵੰਤਿ ਆਗਿਆ ਭਗਵਾਨ ਪੁਰਖਹ, ਨਾਨਕ ਕੀਟੀ ਸਾਸ ਅਕਰਖਤੇ ॥੭॥ (ਪਰ ਹੇ ਹਰੀ ਲਾਲ! ਤੇ ਹੇ ਕ੍ਰਿਸ਼ਨ ਲਾਲ!) ਜੇ ਪ੍ਰਭੂ ਵੱਲੋਂ (ਉਸਦੇ ਮਾਰਨ ਦਾ) ਹੁਕਮ ਹੋਵੇ, ਗੁਰੂ ਜੀ ਆਖਦੇ ਹਨ ਕਿ ਕੀੜੀ ਉਸਦੇ ਸਾਹ ਖਿੱਚ ਲੈਂਦੀ ਹੈ।੭।
ਪਦਾਰਥ = ਬਹੁ-ਬਹੁਤ।ਕਰਤਾ-ਕਰਨ ਵਾਲਾ।ਬਲਵੰਤ-ਬਲ ਵਾਲਾ।ਕਾਰੀ-ਕੰਮ ਕਰਨ ਵਾਲਾ (ਬਲਵੰਤਕਾਰੀ ਦਾ ਕੱਠਾ ਅਰਥ-ਬੜੀ ਤਕੜਾਈ ਨਾਲ ਕੰਮ ਕਰਨ ਵਾਲਾ ਜਾਂ ਬਹੁਤ ਬਲਵਾਨ।ਸੇਵੰਤ-ਸੇਵਾ ਕਰਦੇ ਹੋਣ।ਸੂਰਾ-ਸੂਰਮੇ।ਚਤੁਰ ਦਿਸਹ-ਚਾਰੇ ਪਾਸਿਆਂ ਤੋਂ।ਬਿਖਮ-ਔਖਾ।ਬਸੰਤ ਊਚਹ-ਉਚੇ ਥਾਂ ਵਸਦਾ ਹੋਵੇ।ਨਹ ਸਿਮਰੰਤ-ਮੌਤ ਯਾਦ ਵੀ ਨਾ ਹੋਵੇ।ਕਦਾਂਚਹ-ਕਦੇ ਵੀ।ਹੋਵੰਤਿ-ਹੁੰਦੀ ਹੈ।ਕੀਟੀ-ਕੀੜੀ।ਸਾਸ-ਸਾਹ।ਅਖਰਖਤੇ-ਖਿਚ ਲੈਂਦੀ ਹੈ।੭।
ਸਾਖੀ = ਰਾਜਾ ਪ੍ਰੀਛਤ ਸ਼ਿਕਾਰ ਨੂੰ ਗਿਆ, ਸ਼ਿਕਾਰ ਨਾ ਮਿਲਣ ਤੇ ਸਮਾਧੀ ਵਿਚ ਬੈਠੇ ਵਿਭਾਡਵ ਰਿਖੀ ਨੂੰ ਸ਼ਿਕਾਰ ਵਾਰੇ ਜਾਣਕਾਰੀ ਪੁੱਛੀ।ਜਦ ਰਿਖੀ ਨਾ ਬੋਲਿਆ ਤਾਂ ਰਾਜੇ ਨੇ ਗੁੱਸੇ ਵਿਚ ਕੋਲ ਪਿਆ ਮਰਿਆ ਸੱਪ ਰਿਖੀ ਦੇ ਗਲ ਵਿਚ ਪਾ ਦਿਤਾ।ਰਿਖੀ ਦੇ ਚੇਲੇ ਸਿੰਗੀ ਨੇ ਆ ਕੇ ਅਪਣੇ ਗੁਰੂ ਦੇ ਗਲ ਵਿਚ ਪਿਆ ਸੱਪ ਦੇਖਿਆ ਤਾਂ ਪੁੱਛ ਪੜਤਾਲ ਕੀਤੀ, ਪਤਾ ਲੱਗਣ ਤੇ ਰਾਜਾ ਪ੍ਰੀਛਤ ਨੂੰ ਸੱਪ ਲੜ ਕੇ ਮਰਨ ਦਾ ਸ੍ਰਾਪ ਦੇ ਦਿਤਾ।ਪਰ ਵਿਭਾਡਵ ਨੇ ਧਰਮੀ ਰਾਜੇ ਨੂੰ ਸ੍ਰਾਪ ਦੇਣ ਦਾ ਵਿਰੋਧ ਕੀਤਾ ਅਤੇ ਰਾਜੇ ਨੂੰ ਸ੍ਰਾਪ ਬਾਰੇ ਜਾਣਕਾਰੀ ਦੇ ਕੇ ਬਚਾਓ ਕਰਨ ਦੀ ਸਲਾਹ ਦਿਤੀ।ਰਾਜੇ ਪ੍ਰੀਛਤ ਨੇ ਅਪਣੇ ਵਜੀਰਾਂ ਅਤੇ ਵਿਚਾਰਵਾਨਾਂ ਦੀ ਸਲਾਹ ਤੇ ਗੰਗਾ ਦੇ ਚਲਦੇ ਪ੍ਰਵਾਹ ਵਿਚ ਸ਼ੀਸ ਮਹਿਲ

ਬਣਾ ਲਿਆ। ਮਹਿਲ ਵਿਚ ਸੁਕਦੇਵ ਮੁਨੀ ਤੋਂ ਸ੍ਰੀ ਮਦ ਭਗਵਤ ਦਾ ਪਾਠ ਸ਼ੁਰੂ ਕਰਾ ਲਿਆ। ਸੱਪ ਦੇ ਲੜਨ ਤੇ ਇਲਾਜ ਲਈ ਧਨੰਤਰ ਵੈਦ ਵੀ ਬੁਲਾ ਲਿਆ। ਕਿਹਾ ਜਾਂਦਾ ਹੈ ਕਿ ਤੱਛਕ ਨਾਗ ਨੇ ਧਨੰਤਰ ਨੂੰ ਰਸਤੇ ਵਿਚ ਆਉਂਦੇ ਨੂੰ ਹੀ ਡੱਸ ਕੇ ਮਾਰ ਦਿਤਾ ਤੇ ਰਾਜੇ ਤਕ ਪੁੱਜਣ ਹੀ ਨਾ ਦਿਤਾ। ਤੱਛਕ ਨਾਗ ਨਿੱਕਾ ਰੂਪ ਧਾਰ ਕੇ ਰਾਜੇ ਨੂੰ ਭੇਟ ਕਰਨ ਵਾਲੇ ਫੁੱਲਾਂ ਵਿਚ ਛੁਪ ਗਿਆ। ਜਦ ਮਾਲੀ ਦੇ ਭੇਟਾ ਕੀਤੇ ਫੁੱਲਾਂ ਨੂੰ ਰਾਜਾ ਸੁੰਘਣ ਲੱਗਾ ਤਾਂ ਤੱਛਕ ਨੇ ਉਸੇ ਵੇਲੇ ਡੰਗ ਮਾਰ ਕੇ ਰਾਜਾ ਪ੍ਰੀਛਤ ਦੇ ਪ੍ਰਾਣਾਂ ਦਾ ਅੰਤ ਕਰ ਦਿਤਾ।

ਸਾਰ = ਮੌਤ ਅੱਗੇ ਮਨੁੱਖ ਵੱਲੋਂ ਬਚਾਓ ਦੇ ਕੀਤੇ ਜਤਨ ਫੇਲ ਹੋ ਜਾਂਦੇ ਹਨ।੭।

ਸਬਦੰ ਰਤੰ ਹਿਤੰ ਮਇਆ,ਕੀਰਤੰ ਕਲੀ ਕਰਮ ਕ੍ਰਿਤੁਆ ॥ ਗੁਰੂ ਦੇ ਸ਼ਬਦ (ਨਾਮ) ਵਿਚ ਪ੍ਰੀਤ ਰੱਖ ਕੇ ਸਭ ਤੇ ਦਇਆ ਕਰਨ ਵਿਚ ਹਿਤ (ਪ੍ਰੇਮ) ਰੱਖਣਾ, ਹਰੀ ਜਸ ਕਰਨਾ, ਕਲਯੁਗ ਵਿਚ ਇਹ ਕਰਨ ਯੋਗ ਕਰਮ ਹਨ।

ਮਿਟੰਤਿ ਤਤ੍ਰਾਗਤ ਭਰਮ ਮੋਹੰ ॥ (ਜਿਹੜਾ ਮਨੁੱਖ ਇਹ ਕਰਮ ਕਰਦਾ ਹੈ) ਉਸ ਦੇ ਅੰਦਰ ਆਏ ਹੋਏ ਭਰਮ ਅਤੇ ਮੋਹ ਮਿਟ ਜਾਂਦੇ ਹਨ।

ਭਗਵਾਨ ਰਮਣੰ ਸਰਬਤ੍ਰ ਥਾਨੵਿੰ ॥ (ਅਤੇ ਉਹ ਮਨੁੱਖ) ਸਭ ਥਾਵਾਂ ਤੇ ਵਾਹਿਗੁਰੂ ਨੂੰ ਰਮਿਆ (ਵਿਆਪਕ) ਹੋਇਆ ਜਾਣ ਲੈਂਦਾ ਹੈ।

ਦ੍ਰਿਸਟ ਤੁਯੰ ਅਮੋਘ ਦਰਸਨੰ, ਬਸੰਤ ਸਾਧ ਰਸਨਾ ॥ (ਹੇ ਪ੍ਰਭੂ ! ਉਹ ਮਨੁੱਖ) ਤੇਰੇ ਸਫਲ ਦਰਸ਼ਨ (ਅੱਖਾਂ ਨਾਲ) ਦੇਖਦਾ ਹੈ,(ਐਸੇ) ਸਾਧੂਆਂ ਦੀ ਰਸਨਾ ਤੇ ਵਾਹਿਗੁਰੂ ਵਸਦਾ ਹੈ {ਪ੍ਰਭ ਜੀ ਬਸਹਿ ਸਾਧ ਕੀ ਰਸਨਾ ੨੬੩}।

ਹਰਿ ਹਰਿ ਹਰਿ ਹਰੇ, ਨਾਨਕ ਪ੍ਰਿਅੰ ਜਾਪੁ ਜਪਨਾ ॥੮॥ ਗੁਰੂ ਜੀ ਕਹਿੰਦੇ ਹਨ (ਕਿਉਂਕਿ ਉਹ ਸੰਤ) ਮਨ ਅਤੇ ਤਨ ਕਰਕੇ ਪਿਆਰੇ ਹਰੀ ਦਾ ਜਾਪ ਜਪਦੇ ਹਨ।੮।

ਪਦਾਰਥ = ਰਤੰ-ਪ੍ਰੀਤੀ। ਹਿਤੰ ਮਇਆ-ਦਇਆ ਕਰਨ ਵਿਚ ਹਿਤ (ਪ੍ਰੇਮ)। ਕੀਰਤੰ-ਜਸ ਕਰਨਾ। ਕਲੀ-ਕਲਜੁਗ ਵਿਚ। ਕ੍ਰਿਤੁਆ-(ਕਿਰਤੁਆ ਬੋਲੋ) ਕਰਨੇ ਯੋਗ। ਤਤ੍ਰਾਗਤ-ਤਤ੍ਰ+ਆਗਤ-ਤਿਸ ਦੇ ਅੰਦਰ ਆਏ ਹੋਏ (ਸ਼ਬਦਾਰਥ); ਉਸਦੇ ਆਇਆਂ (ਸ਼ਬਦ ਦਾ ਪ੍ਰੇਮ, ਦਇਆ, ਹਰੀ ਜਸ ਆਦਿ ਮਨੁੱਖ ਨੂੰ ਪ੍ਰਾਪਤ ਹੋਣ ਨਾਲ (ਭਾ:ਵੀਰ ਸਿੰਘ)। ਰਮਣੰ-ਵਿਆਪਕ। ਸਰਬਤ੍ਰ ਥਾਨੵਿੰ-(ਥਾਨਿਅੰ ਬੋਲੋ) ਸਭ ਥਾਂਵਾਂ ਵਿਚ। ਦ੍ਰਿਸਟ-ਦੇਖਦਾ ਹੈ। ਤੁਯੰ (ਤੁਇਅੰ ਬੋਲੋ)-ਤੇਰੇ। ਅਮੋਘ-ਨਾ ਖਾਲੀ ਜਾਣ ਵਾਲਾ ਭਾਵ ਸਫਲ। ਬਸੰਤ-ਵਸਦਾ ਹੈ। ਰਸਨਾ-ਜੀਭ ਉਤੇ। ਪ੍ਰਿਅੰ-ਪਿਆਰੇ ਦਾ।੮।

ਘਟੰਤ ਰੂਪੰ ਘਟੰਤ ਦੀਪੰ, ਘਟੰਤ ਰਵਿ ਸਸੀਅਰ ਨਖੵਤ੍ਰ ਗਗਨੰ ॥ ਸਰੀਰ ਦਾ ਅਕਾਰ (ਜਾਂ ਸੁੰਦ੍ਰਤਾ ਦਾ ਰੂਪ) ਘਟਦਾ ਹੈ,(ਧਰਤੀ ਦੇ ਸੱਤੇ) ਦੀਪ ਘਟਦੇ ਹਨ; (ਮਨੁੱਖ ਦੇ ਨੇਤ੍ਰਾਂ ਦੀ) ਜੋਤ ਵੀ ਘਟਦੀ ਹੈ (ਸੰ.ਸ.),ਸੂਰਜ ਚੰਦ ਤਾਰੇ ਅਤੇ ਅਕਾਸ਼ (ਸਾਰੇ) ਘਟਦੇ ਜਾਂਦੇ ਹਨ।

ਘਟੰਤ ਬਸੁਧਾ ਗਿਰਿ ਤਰ ਸਿਖੰਡੰ ॥ ਧਰਤੀ, ਉਚੀਆਂ ਚੋਟੀਆਂ ਵਾਲੇ ਪਹਾੜ ਅਤੇ ਦਰੱਖਤ ਘਟਦੇ (ਨਾਸ਼ਵੰਤ) ਹਨ{ਦਿਨ ਰਵਿ ਚਲੈ ਨਿਸਿ ਸਸਿ ਚਲੈ, ਤਾਰਿਕਾ ਲਖ ਪਲੋਇ ੬੪}।

ਘਟੰਤ ਲਲਨਾ ਸੁਤ ਭ੍ਰਾਤ ਹੀਤੰ ॥ (ਬ੍ਰਿਧ ਅਵਸਥਾ ਜਾਂ ਬਿਪਤਾ ਆਉਣ ਤੇ) ਇਸਤ੍ਰੀ, ਪੁਤ੍ਰਾਂ ਤੇ ਭਰਾਵਾਂ ਦਾ ਪਿਆਰ ਘਟ ਜਾਂਦਾ ਹੈ।

ਘਟੰਤ ਕਨਿਕ ਮਾਨਿਕ ਮਾਇਆ ਸ੍ਵਰੂਪੰ ॥ ਸੋਨਾ, ਲਾਲ, (ਇਹ ਸਾਰੇ) ਮਾਇਆ ਦੇ ਅਪਣੇ ਰੂਪ ਘਟ ਜਾਣ ਵਾਲੇ (ਨਾਸ਼ਵੰਤ) ਹਨ।

ਨਹ ਘਟੰਤ ਕੇਵਲ ਗੋਪਾਲ ਅਚੁਤ ॥ (ਇਕ) ਕੇਵਲ ਅਬਿਨਾਸ਼ੀ ਵਾਹਿਗੁਰੂ ਨਹੀ ਘਟਦਾ ਭਾਵ ਸਦਾ ਇਕ ਰਸ ਰਹਿੰਦਾ ਹੈ।

ਅਸਥਿਰੰ ਨਾਨਕ ਸਾਧ ਜਨ ॥੯॥ ਗੁਰੂ ਜੀ ਆਖਦੇ ਹਨ (ਵਾਹਿਗੁਰੂ ਵਿਚ ਲੀਨ ਹੋਏ) ਸਾਧੂ ਜਨ ਵੀ ਸਦਾ ਥਿਰ ਰਹਿਣ ਵਾਲੇ ਹਨ।

ਪਦਾਰਥ = ਦੀਪੰ-ਦੀਪ; ਤੇਜ ਪ੍ਰਕਾਸ਼; ਅੱਖਾਂ ਦੀ ਜੋਤ। ਰਵਿ-ਸੂਰਜ। ਸਸੀਅਰ-ਚੰਦ। ਨਖੵਤ੍ਰ-(ਨਖਿਅਤ੍ਰ ਬੋਲੋ) ਤਾਰੇ। ਗਗਨੰ-ਆਕਾਸ਼। ਬਸੁਧਾ-ਧਰਤੀ। ਗਿਰਿ-ਪਹਾੜ। ਤਰ-ਬ੍ਰਿਛ। ਸਿਖੰਡੰ-ਉਚੀ ਚੋਟੀ ਵਾਲੇ (ਪਹਾੜ ਜਾਂ ਦਰੱਖਤ) ਦੇਸ; ਨੌ ਖੰਡ (ਧਰਤੀ) ਦਰਪਣ; ਭਾ:ਵੀਰ ਸਿੰਘ। ਲਲਨਾ-ਇਸਤ੍ਰੀ। ਹੀਤੰ-ਹਿਤੂ; ਮਿਤ੍ਰ; ਪਿਆਰ। ਕਨਿਕ-ਸੋਨਾ। ਮਾਨਿਕ-ਨਗ ਜਾਂ ਲਾਲ। ਮਾਇਆ ਸ੍ਵਰੂਪੰ-(ਸੁਅਰੂਪੰ ਉਚਾਰੋ, ਇਹ ਸਭ ਜੋ ਕੁਛ) ਮਾਇਆ ਦੇ ਸਰੂਪ ਹਨ। ਅਚੁਤ-ਅਟੱਲ; ਅਹਿੱਲ। ਅਸਥਿਰੰ-(ਹਰੀ ਰੂਪ ਹੋ ਜਾਣ ਵਾਲੇ ਸੰਤ) ਸਦਾ ਸਥਿਰ ਹਨ। ਘਟੰਤ-ਜੋ ਸਦਾ ਇਕ ਰਸ ਨਾ ਰਹੇ,ਘਟਦੀ ਜਾਵੇ;ਨਾਸ਼ ਹੋਣ ਵਾਲੀ ਚੀਜ।੯। ਜੋ ਦੀਸੈ ਸੋ ਵਿਣਸਣਾ, ਸਭ ਬਿਨਸਿ ਬਿਨਾਸੀ। ਥਿਰੁ ਪਾਰਬ੍ਰਹਮੁ ਪ੍ਰਮੇਸਰੋਸੇਵਕੁ ਥਿਰੁ ਹੋਸੀ।(੧੧੦੦)

ਨਹ ਬਿਲੰਬ ਧਰਮੰ, ਬਿਲੰਬ ਪਾਪੰ ॥ ਧਰਮ ਦੇ ਕੰਮ ਵਿਚ ਕਦੇ ਦੇਰ ਨਹੀ ਕਰਨੀ ਚਾਹੀਦੀ, ਪਾਪ ਕਰਮ ਕਰਨ (ਵਿਚ ਜਰੂਰ) ਦੇਰ ਕਰ ਭਾਵ ਮਨ ਨਾਲ ਬਿਚਾਰ ਕਰ ਪਾਪ ਕੀਤਿਆਂ ਕੀ ਹਸਰ ਹੋਵੇਗਾ,ਮਨ ਸੰਭਲ ਸਕਦਾ ਹੈ {ਚੰਗਿਆਈ ਆਲਕੁ ਕਰੇ, ਬੁਰਿਆਈਂ ਹੋਇ ਸੇਰੁ ੫੧੮}।

ਦ੍ਰਿੜੰਤ ਨਾਮੰ, ਤਜੰਤ ਲੋਭੰ ॥ (ਵਾਹਿਗੁਰੂ ਦਾ) ਨਾਮ ਦ੍ਰਿੜ ਕਰ (ਮਨ ਵਿਚ ਪੱਕਾ ਕਰਕੇ ਟਿਕਾ) ਲਓ ਅਤੇ ਲੋਭ ਛੱਡ ਦਿਓ।

ਸਰਣਿ ਸੰਤੰ ਕਿਲਬਿਖ ਨਾਸੰ,ਪ੍ਰਾਪਤੰ ਧਰਮ ਲਖੵਿਣ ॥ ਨਾਨਕ ਜਿਹ ਸੁਪ੍ਰਸੰਨ ਮਾਧਵਹ ॥੧੦॥ ਸੰਤਾਂ ਦੀ ਸ਼ਰਣ ਵਿਚ ਆਉਣ ਨਾਲ ਪਾਪ ਨਸ਼ਟ ਹੁੰਦੇ ਹਨ। ਗੁਰੂ ਜੀ ਆਖਦੇ ਹਨ (ਇਹ) ਧਰਮ ਦੇ ਚਿਨ੍ਹ (ਉਸ ਪੁਰਖ ਨੂੰ) ਪ੍ਰਾਪਤ ਹੁੰਦੇ ਹਨ ਜਿਸ ਉਤੇ ਵਾਹਿਗੁਰੂ ਬਹੁਤ ਪ੍ਰਸੰਨ ਹੁੰਦਾ ਹੈ।੧੦।

ਪਦਾਰਥ = ਬਿਲੰਬ–ਦੇਰ; ਢਿੱਲ।ਦ੍ਰਿੜੰਤ–ਮਨ ਵਿਚ ਪੱਕਾ ਕਰਕੇ ਟਿਕਾ ਲੈ।ਤਜੰਤ–ਛਡ ਦੇਹ।ਕਿਲਬਿਖ–ਪਾਪ।ਲਖ੍ਯਣ–(ਲੱਖਿਅਣ ਬੋਲੋ) ਲੱਛਣ; ਚਿੰਨ੍ਹ।ਜਿਹ–ਜਿਸ ਉਤੇ।ਸੁਪ੍ਰਸੰਨ–ਚੰਗੀ ਤਰ੍ਹਾਂ ਖੁਸ਼ ਹੁੰਦਾ ਹੈ।ਮਾਧਵਹ–ਮਾਯਾ ਦਾ ਪਤੀ (ਵਾਹਿਗੁਰੂ)।੧੦।

ਮਿਰਤ ਮੋਹੰ ਅਲਪ ਬੁਧੵੰ ,ਰਚੰਤਿ ਬਨਿਤਾ ਬਿਨੋਦ ਸਾਹੰ ॥ ਥੋੜੀ ਬੁਧੀ ਵਾਲਾ ਜੀਵ (ਮਾਇਆ ਦੇ) ਮੋਹ ਵਿਚ ਮਰ ਰਿਹਾ ਹੈ।ਇਸਤ੍ਰੀ ਦੇ ਕੌਤਕ (ਇਸਤ੍ਰੀ ਦੇ ਤਮਾਸ਼ੇ, ਨਾਚ, ਰੂਪ, ਸ਼ਿੰਗਾਰ ਦੇਖਣ) ਦੇ ਉਤਸ਼ਾਹ ਵਿਚ ਰਚਿਆ (ਲੱਗਾ) ਰਹਿੰਦਾ ਹੈ {ਰਾਚਿ ਰਹੇ ਬਨਿਤਾ ਬਿਨੋਦ, ਕੁਸਮ ਰੰਗ ਬਿਖ ਸੋਰ ੨੫੧ = ਇਸਤ੍ਰੀਆਂ ਦੇ (ਭੋਗ) ਅਨੰਦ ਵਿਚ ਮਸਤ ਹਨ ਜੋ ਕੁਸੰਭੇ ਦੇ ਰੰਗ ਵਰਗੇ ਜਹਿਰੀਲੇ ਤੇ ਕੌੜੇ ਹਨ ਜਾਂ ਫੁੱਲਾਂ ਦੇ ਰੰਗ ਵਾਂਗ ਥੋੜਾ ਚਿਰ ਰਹਿਣ ਵਾਲੇ ਹਨ (ਅਸਰ ਵਿਚ ਵਿਹੁਲੇ, ਸੁਆਦ ਵਿਚ ਸੋਰ (ਕੌੜੇ ਯਾ ਖਾਰੇ) ਹਨ}।

ਜੌਬਨ ਬਹਿਕ੍ਰਮ ਕਨਿਕ ਕੁੰਡਲਹ ॥ ਜੁਆਨੀ ਦੀ ਅਵਸਥਾ ਹੈ, ਸੋਨੇ ਦੇ ਕੁੰਡਲ (ਪਹਿਨਦਾ ਹੈ) ਭਾਵ ਜੁਆਨੀ ਦੇ ਹੰਕਾਰ ਵਿਚ ਸਭ ਕੁਝ ਭੁੱਲੀ ਬੈਠਾ ਹੈ।

ਬਚਿਤ੍ਰ ਮੰਦਿਰ ਸੋਭੰਤਿ ਬਸਤ੍ਰਾ ,ਇਤ੍ਯੰਤ ਮਾਇਆ ਬ੍ਯਾਪਤੰ ॥ (ਮਨੁਖ ਕੋਲ) ਅਨੇਕ ਤਰ੍ਹਾਂ ਦੀ ਚਿਤ੍ਰਕਾਰੀ ਵਾਲੇ ਸੁੰਦਰ ਮਕਾਨ (ਹਨ, ਤਨ ਤੇ) ਸੁੰਦਰ ਬਸਤ੍ਰ ਸੋਭ ਰਹੇ ਹਨ।ਇਸ ਪ੍ਰਕਾਰ ਦੀ (ਇਤਨੀ) ਮਾਯਾ (ਮਨੁੱਖ ਦੇ ਮਨ ਨੂੰ) ਵਿਆਪ ਰਹੀ ਹੈ।(ਪੰਡਤ ਪੁਛਦੇ ਹਨ ਕਿ ਉਧਾਰ ਕਿਵੇਂ ਹੋਵੇ) ਉਤਰ = ਗੁਰੂ ਜੀ ਨੇ ਕਿਹਾ, ਹਰੀ ਅੱਗੇ ਅਰਦਾਸ ਕਰੋ।

ਹੇ ਅਚੁਤ ਸਰਣਿ ਸੰਤ ਨਾਨਕ, ਭੋ ਭਗਵਾਨ ਏ ਨਮਹ ॥੧੧॥ ਗੁਰੂ ਜੀ ਆਖਦੇ ਹਨ, ਹੇ ਸੰਤਾਂ ਨੂੰ ਸ਼ਰਣ ਦੇਣ ਵਾਲੇ ਅਟੱਲ (ਪ੍ਰਭੂ)! ਹੇ ਵਾਹਿਗੁਰੂ! (ਤੈਨੂੰ ਮੇਰੀ) ਨਮਸ਼ਕਾਰ ਹੈ (ਮਾਇਆ ਤੋਂ ਬਚਾਉਣ ਵਾਲਾ ਤੂੰ ਹੀ ਹੈਂ)।

ਪਦਾਰਥ = ਮਿਰਤ–ਮਰਦਾ (ਫਸਦਾ) ਹੈ।ਅਲਪ–ਤੁੱਛ; ਥੋੜੀ।ਬੁਧੵੰ ਨੂੰ ਬੁਧਿਅੰ ਉਚਾਰਨਾ ਹੈ।ਰਚੰਤਿ–ਰਚਿਆ (ਫਸਿਆ) ਹੈ। ਬਨਿਤਾ ਬਿਨੋਦ–ਇਸਤ੍ਰੀ ਦੇ ਭੋਗ ਅਨੰਦ;ਕੌਤਕ।ਸਾਹੰ–ਉਤਸ਼ਾਹ; ਸਮੇਤ (ਨਾਲ); ਸਾਹ ਨਾਲ ਸਾਹ ਰਲਾ ਕੇ ਭਾਵ ਇਕ ਮਿਕ ਹੋਇਆ ਹੈ।ਜੌਬਨ–ਜੁਆਨੀ ਦੀ।ਬਹਿਕ੍ਰਮ–ਅਵਸਥਾ (ਉਮਰ); ਬਲ।ਕਨਿਕ ਕੁੰਡਲਹ–ਸੋਨੇ ਦੇ ਕੁੰਡਲ (ਵਾਲੇ)।ਬਚਿਤ੍ਰ–ਚਿਤ੍ਰੇ ਹੋਏ;ਸੁੰਦਰ।ਸੋਭੰਤਿ–ਸੋਭ ਰਿਹਾ ਹੈ।ਬਸਤ੍ਰਾ–ਕੱਪੜੇ।ਇਤ੍ਯੰਤ–(ਇਤਿਅੰਤ ਬੋਲੋ) ਇਸ ਪ੍ਰਕਾਰ (ਫ.ਸ.; ਦਰਪਣ); ਅਤਿਅੰਤ; ਅੰਤ ਹੋਣ ਵਾਲੀ (ਮਾਯਾ ਵਿਚ) ਭਾ:ਵੀਰ ਸਿੰਘ।ਬ੍ਯਾਪਤੰ–(ਬਿਆਪਤੰ ਉਚਾਰੋ) ਵਿਆਪਦੀ ਹੈ।ਹੇ ਅਚੁਤ–ਹੇ ਸਦਾ ਕਾਇਮ ਰਹਿਣ ਵਾਲੇ ਪ੍ਰਭੂ!। ਭੋ–ਹੇ।ਭਗਵਾਨ ਏ ਨਮਹ–(ਭਗਵਾਨਏ ਇਕੱਠਾ ਵੀ ਉਚਾਰਣ ਕੀਤਾ ਜਾਂਦਾ ਹੈ) ਭਗਵਾਨ ਨੂੰ ਨਮਸ਼ਕਾਰ ਹੈ।੧੧।

ਜਨਮੰ ਤ ਮਰਣੰ,ਹਰਖੰ ਤ ਸੋਗੰ, ਭੋਗੰ ਤ ਰੋਗੰ ॥ (ਜੇ ਜੀਵ ਦਾ) ਜਨਮ ਹੈ, ਤਾਂ ਨਾਲ ਮੌਤ ਵੀ ਹੈ।(ਕਿਸੇ ਚੀਜ ਦੇ ਮਿਲਣ ਦੀ ਜੇ) ਖੁਸ਼ੀ ਹੈ ਤਾਂ (ਚੀਜ ਦੇ ਚਲੇ ਜਾਣ ਦਾ) ਗਮ ਵੀ (ਨਾਲ ਹੈ।ਜੇ ਮਾਇਕ ਪਦਾਰਥਾਂ ਦੇ) ਭੋਗ ਹਨ, ਤਾਂ (ਉਨ੍ਹਾਂ ਤੋਂ ਪੈਦਾ ਹੋਣ ਵਾਲੇ ਨਾਲ) ਰੋਗ ਵੀ ਹਨ।

ਅੰਗ ੧੩੫੫ = ਊਚੰ ਤ ਨੀਚੰ, ਨਾਨ੍ਹਾ ਸੁ ਮੂਚੰ ॥ (ਜੇਕਰ) ਊਚਾ ਹੋਣਾ ਹੈ ਤਾਂ (ਨਾਲ) ਨੀਵਾਂ ਹੋਣਾ ਵੀ ਹੈ (ਉਚਾਪਣ ਮਨੁੱਖ ਨੂੰ ਇਖਲਾਕੀ ਤੌਰ ਤੇ ਨੀਵਾਂ ਕਰ ਦੇਂਦਾ ਹੈ) {ਜਿਸਕੈ ਅੰਤਰਿ ਰਾਜ ਅਭਿਮਾਨੁ।ਸੋ ਨਰਕਪਾਤੀ ਹੋਵਤ ਸੁਆਨੁ।ਜੋ ਜਾਨੈ ਮੈ ਜੋਬਨਵੰਤੁ। ਸੋ ਹੋਵਤ ਬਿਸਟਾ ਕਾ ਜੰਤੁ ੨੭੮; ਊਚਾ ਚੜੈ ਸੁ ਪਵੈ ਪਇਆਲਾ ੩੭੪} ਜੇ ਨਿੱਕਾ (ਨਿਮ੍ਰਤਾ) ਹੈ,ਤਾਂ (ਗੁਣਵਾਨ) ਵਿਸਥਾਰ ਵਾਲਾ ਵੀ ਹੋ ਜਾਂਦਾ ਹੈ (ਜੋ ਅਪਣੇ ਆਪ ਨੂੰ ਛੋਟਾ ਜਾਣਦਾ ਹੈ, ਉਹ ਗੁਣਾਂ ਕਰਕੇ ਵੱਡਾ ਹੈ ਜਾਂ ਜੋ ਛੋਟਾ ਹੈ, ਉਹ ਵੱਡਾ ਵੀ ਬਣ ਸਕਦਾ ਹੈ) ਸੰ.ਸ.; ਫ.ਸ. {ਆਪਸ ਕਉ ਜੋ ਜਾਣੈ ਨੀਚਾ।ਸੋਊ ਗਨੀਐ ਸਭ ਤੇ ਊਚਾ ੨੬੬}।

ਰਾਜੰ ਤ ਮਾਨੰ ਅਭਿਮਾਨੰ ਤ ਹੀਨੰ ॥ ਜੇ ਰਾਜ ਹੈ ਤਾਂ ਸਨਮਾਨ ਵੀ ਹੁੰਦਾ ਹੈ (ਜਾਂ ਰਾਜ ਦਾ ਹੰਕਾਰ ਵੀ ਹੋ ਜਾਂਦਾ ਹੈ),ਫਿਰ ਸਨਮਾਨ ਦਾ ਜਾਂ ਰਾਜ ਦਾ ਅਭਿਮਾਨ ਹੋ ਜਾਂਦਾ ਹੈ, ਇਸ ਕਰਕੇ ਅਭਿਮਾਨ ਹੈ ਤਾਂ ਹੀਣਤਾ (ਨਿਰਾਦਰੀ) ਵੀ ਹੁੰਦੀ ਹੈ।

ਪ੍ਰਵਿਰਤਿ ਮਾਰਗੰ, ਵਰਤੰਤਿ ਬਿਨਾਸਨੰ ॥ (ਜੋ ਕੁੱਛ ਵੀ) ਪ੍ਰਵਿਰਤੀ ਮਾਰਗ ਵਿਚ ਵਰਤ ਰਿਹਾ ਹੈ (ਪ੍ਰਵਿਰਤੀ ਮਾਰਗ ਤੋਂ ਭਾਵ ਹੈ ਦ੍ਰਿਸਟਮਾਨ ਜਗਤ ਵਿਚ ਜੋ ਵਰਤੋਂ ਵਿਚ ਆਉਂਦਾ ਹੈ, ਸਭ) ਨਾਸ਼ਵੰਤ ਹੈ।

ਗੋਬਿੰਦ ਭਜਨ ਸਾਧ ਸੰਗੇਣ ਅਸਥਿਰੰ, ਸਥਿਰ ਰਹਿਣ ਵਾਲਾ ਹਰੀ ਦਾ ਭਜਨ ਹੈ ਜੋ ਸੰਤਾਂ ਨਾਲ ਮਿਲ ਕੇ ਹੁੰਦਾ ਹੈ; ਜੋ ਸੰਤਾਂ ਨਾਲ ਮਿਲ ਕੇ ਹਰੀ ਦਾ ਭਜਨ ਕਰਦੇ ਹਨ, ਉਹ ਸਥਿਰ ਹਨ।

ਨਾਨਕ ਭਗਵੰਤ ਭਜਨਾਸਨੰ ॥੧੨॥ਹੇ ਨਾਨਕ! (ਉਨ੍ਹਾਂ ਸੰਤਾਂ ਨੇ) ਹਰੀ ਦੇ ਭਜਨ ਦਾ ਭੋਜਨ ਛਕਿਆ ਹੈ (ਸੰ.ਸ.;ਫ.ਸ); ਹੇ ਪੰਡਤੋ!) ਹਰੀ ਦੇ ਭਜਨ ਵਿਚ ਟਿਕੇ ਰਹੋ (ਭਾ:ਵੀਰ ਸਿੰਘ); ਪ੍ਰਮਾਤਮਾ ਦਾ ਭਜਨ ਹੀ (ਉਨ੍ਹਾਂ ਸੰਤਾਂ ਦਾ) ਆਸਰਾ ਹੈ।੧੨।

ਪਦਾਰਥ = ਤ ਮਰਣੰ–ਤਾਂ ਮੌਤ ਵੀ ਹੈ।ਹਰਖੰ–ਖੁਸ਼ੀ।ਸੋਗੰ–ਗਮੀ; ਚਿੰਤਾ।ਨਾਨ੍ਹਾ–(ਨੰਨ੍ਹਾਂ) ਛੋਟਾ; ਨਿੱਕਾ (ਨਿਮ੍ਰਤਾ)।ਮੂਚੰ–ਵੱਡਾ (ਭਾ.ਵੀਰ ਸਿੰਘ ਅਤੇ ਸੰ.ਸ. ਨੇ ਸੁਮੂਚੰ ਕੱਠਾ ਵੀ ਕੀਤਾ ਹੈ ਪਰ ਅਰਥ ਵੱਡਾ ਹੀ ਕੀਤੇ ਹਨ।ਹੀਨੰ–ਹੀਣਤਾ (ਨਿਰਾਦਰੀ)।ਸੰਗੇਣ–ਨਾਲ; ਸਾਥ।ਪ੍ਰਵਿਰਤਿ ਮਾਰਗੰ–ਸੰਸਾਰ ਨਾਲ ਸਬੰਧਤ (ਦੁਨੀਆਂ ਵਿਚ ਪ੍ਰਵਿਰਤ ਹੋਣ ਦਾ) ਰਸਤਾ।ਸੰਗੇਣ–ਨਾਲ ਮਿਲ ਕੇ।ਅਸਥਿਰੰ–ਸਦਾ ਕਾਇਮ ਰਹਿਣ ਵਾਲਾ।ਭਜਨਾਸਨੰ–ਸਿਮਰਨ ਰੂਪ ਭੋਜਨ;ਭਜਨ ਦਾ ਆਸਰਾ।੧੨।

ਸਾਰ = ਸੰਸਾਰੀ ਰਹਿਣੀ ਦੇ ਕਾਰਣ ਜਨਮ ਮਰਣ ਖੁਸ਼ੀ ਗਮੀ ਆਦਿ ਬਣੇ ਰਹਿੰਦੇ ਹਨ। ਮਾਇਕ ਦੁਨੀਆਂ ਦੇ ਦੋਵੇਂ ਪਾਸੇ ਗੁਰੂ ਜੀ ਨੇ ਦਿਖਾਏ ਹਨ, ਕੋਈ ਵੀ ਚੀਜ ਇਕ ਰਸ ਨਹੀ ਰਹਿੰਦੀ। ਕੇਵਲ ਸਿਮਰਨ ਸਦਾ ਕਾਇਮ ਰਹਿੰਦਾ ਹੈ ਜੋ ਸੱਤਸੰਗ ਚੋਂ ਮਿਲਦਾ ਹੈ।੧੨।

ਕਿਰਪੰ ਤ ਹਰੀਅੰ, ਮਤਿ ਤਤੁ ਗਿਆਨੰ ॥ ਬਿਗਸੀਧ੍ਹਿ ਬੁਧਾ, ਕੁਸਲ ਥਾਨੰ ॥ (ਜਦ ਜੀਵ ਤੇ) ਹਰੀ ਦੀ ਕ੍ਰਿਪਾ ਹੁੰਦੀ ਹੈ,ਤਾਂ ਬੁੱਧੀ ਵਿਚ ਤਤੁ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਬੁੱਧੀ (ਸ਼ੁੱਭ ਗੁਣਾਂ ਕਰਕੇ) ਖਿੜ ਜਾਂਦੀ ਹੈ, ਸੁਖ ਦਾਈ ਥਾਂ ਪ੍ਰਾਪਤ ਹੋ ਜਾਂਦੀ ਹੈ ਜਾਂ ਸਭ ਥਾਵਾਂ ਤੇ ਸੁੱਖ ਸ਼ਾਂਤੀ ਹੋ (ਵਰਤ) ਜਾਂਦੀ ਹੈ।

ਬਸ੍ਯ਼ਿੰਤ ਰਿਖਿਅੰ, ਤਿਆਗਿ ਮਾਨੰ ॥ (ਐਸਾ ਮਨੁੱਖ) ਹੰਕਾਰ ਛੱਡ ਦਿੰਦਾ ਹੈ, ਇੰਦ੍ਰੀਆਂ ਵਸ ਵਿਚ ਹੋ ਜਾਂਦੀਆਂ ਹਨ।

ਸੀਤਲੰਤ ਰਿਦਯੰ, ਦ੍ਰਿੜੁ ਸੰਤ ਗਿਆਨੰ ॥ ਸੰਤਾਂ ਦਾ ਗਿਆਨ ਦ੍ਰਿੜ ਹੋ ਜਾਂਦਾ ਹੈ ਅਤੇ ਹਿਰਦਾ ਠੰਢਾ (ਸ਼ਾਂਤ) ਹੋ ਜਾਂਦਾ ਹੈ।

ਰਹੰਤ ਜਨਮੰ, ਹਰਿ ਦਰਸ ਲੀਣਾ ॥ ਹਰੀ ਦੇ ਦਰਸਨਾਂ ਵਿਚ ਲੀਨ ਹੋਇਆਂ ਮਨੁੱਖ ਦਾ ਜਨਮ ਮਰਣ ਮੁੱਕ ਜਾਂਦਾ ਹੈ (ਫ.ਸ.;ਸੰ.ਸ.) ; ਫੇਰ ਜੀਵ ਜਨਮ ਭਰ ਹਰੀ ਦੇ ਦਰਸ਼ਨਾਂ ਵਿਚ ਲੀਨ ਰਹਿੰਦਾ ਹੈ (ਭਾ:ਵੀਰ ਸਿੰਘ)।

ਬਾਜੰਤ ਨਾਨਕ ਸਬਦ ਬੀਣਾ ॥੧੩॥ ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਮਨੁੱਖ ਦੇ ਅੰਦਰ ਗੁਰੂ ਦਾ ਸ਼ਬਦ (ਜਾਂ ਨਾਮ) ਰੂਪ ਵਾਜਾ ਵਜਦਾ ਹੈ (ਨਾਮ ਦੀ ਮਧੁਰ ਧੁਨ ਵਜਣ ਲੱਗ ਪੈਂਦੀ ਹੈ)।੧੩।

ਪਦਾਰਥ = ਹਰੀਅੰ–ਹਰੀ (ਵਾਹਿਗੁਰੂ)। ਮਤਿ–ਬੁਧੀ ਵਿਚ। ਤਤੁ ਗਿਆਨੰ–ਆਤਮ ਗਿਆਨ (ਬ੍ਰਹਮ ਗਿਆਨ)। ਬਿਗਸੀਧ੍ਹਿ–ਖਿੜ ਜਾਂਦੀ ਹੈ। ਬੁਧਾ–ਬੁੱਧੀ। ਕੁਸਲ ਥਾਨੰ–ਸੁੱਖ ਦਾਈ ਥਾਂ। ਬਸ੍ਯ਼ਿੰਤ–(ਬਸਿਅੰਤ ਬੋਲੋ) ਵਸ ਵਿਚ। ਰਿਖਿਅੰ–ਇੰਦ੍ਰੀਆਂ। ਤਿਆਗਿ–ਛਡ ਦਿੰਦਾ ਹੈ। ਮਾਨੰ–ਹੰਕਾਰ। ਰਿਦਯੰ (ਰਿਦਿਅੰ ਉਚਾਰੋ)–ਹਿਰਦਾ। ਰਹੰਤ–ਰਹਿਤ; ਬਿਨਾ; ਮੁੱਕ ਜਾਂਦਾ ਹੈ; ਰਹਿੰਦਾ ਹੈ। ਲੀਣਾ–ਲੀਨ। ਬਾਜੰਤ–ਵਜਦਾ ਹੈ। ਬੀਣਾ–ਵਾਜਾ।੧੩।

ਕਹੰਤ ਬੇਦਾ, ਗੁਣੰਤ ਗੁਨੀਆ, ਸੁਣੰਤ ਬਾਲਾ, ਬਹੁ ਬਿਧਿ ਪ੍ਰਕਾਰਾ ॥ ਗੁਣੀ ਮਨੁੱਖ ਬੇਦਾਂ ਦੀ ਬੀਚਾਰ ਕਰਦੇ ਹਨ ਅਤੇ ਬਹੁਤ ਵਿਧੀਆਂ ਨਾਲ (ਬੇਦਾਂ ਦਾ) ਵਖਿਆਨ ਕਰਦੇ ਹਨ ਜਾਂ ਜੋ ਕੁਛ ਬੇਦ ਕਹਿੰਦੇ ਹਨ, ਗੁਣੀ ਜਨ ਕਈ ਤ੍ਰੀਕਿਆਂ ਨਾਲ ਉਸਨੂੰ ਵਿਚਾਰਦੇ ਹਨ, ਚੇਲੇ ਬਾਲਕੇ ਬਹੁਤ ਤਰੀਕਿਆਂ ਨਾਲ ਸੁਣਦੇ ਹਨ (ਸੁਣਨਾ ਅਨੇਕ ਤਰ੍ਹਾ ਦਾ ਹੈ, ਕਈ ਗਿਆਨ ਚਰਚਾ ਵਾਸਤੇ ਸੁਣਦੇ ਹਨ, ਕਈ ਦਿਗ ਵਿਜੈ ਲਈ, ਕੋਈ ਸਨਮਾਨ ਲੈਣ ਲਈ, ਕਈ ਪੈਸਾ ਕਮਾਉਣ ਲਈ)।

ਦ੍ਰਿੜੰਤ ਸੁਬਿਦਿਆ, ਹਰਿ ਹਰਿ ਕ੍ਰਿਪਾਲਾ ॥ (ਪਰ) ਜਿਨ੍ਹਾਂ ਤੇ ਹਰੀ ਕ੍ਰਿਪਾਲੂ ਹੋਵੇ, (ਨਾਮ ਜਪਣ ਦੀ) ਉਤਮ ਵਿਦਿਆ ਉਹੀ ਦ੍ਰਿੜ ਕਰਦੇ ਹਨ।

ਨਾਮ ਦਾਨੁ ਜਾਚੰਤ ਨਾਨਕ, ਦੈਨਹਾਰ ਗੁਰ ਗੋਪਾਲਾ ॥੧੪॥ ਨਾਨਕ ਗੁਰੂ ਜੀ ਆਖਦੇ ਹਨ, (ਉਹ ਵਡਭਾਗੀ ਪੁਰਖ) ਦੇਣ ਵਾਲੇ ਗੁਰੂ ਗੁਪਾਲ ਤੋਂ ਨਾਮ ਦਾ ਦਾਨ ਮੰਗਦੇ ਹਨ; ਜਿਹੜੇ ਨਾਮ ਦਾ ਦਾਨ ਮੰਗਦੇ ਹਨ (ਉਪਰੋਕਤ ਗੁਣ) ਉਨ੍ਹਾਂ ਨੂੰ ਮਿਲਦੇ ਹਨ, (ਪਰ) ਦੇਣ ਵਾਲਾ ਗੁਰੂ ਗੋਪਾਲ ਹੈ।੧੪।

ਪਦਾਰਥ = ਕਹੰਤ–ਕਹਿੰਦੇ ਹਨ;ਵਖਿਆਨ ਕਰਦੇ ਹਨ। ਬੇਦਾ–ਵੇਦ (ਧਾਰਮਕ ਗ੍ਰੰਥ)। ਗੁਣੰਤ–ਵਿਚਾਰਦੇ ਹਨ। ਗੁਨੀਆ–ਵਿਦਵਾਨ; ਗੁਣੀ ਜਨ। ਬਾਲਾ–ਬਾਲਕ; ਚੇਲੇ। ਬਹੁ ਬਿਧਿ ਪ੍ਰਕਾਰਾ–ਬਹੁਤ ਤਰੀਕਿਆਂ ਨਾਲ। ਦ੍ਰਿੜੰਤ–ਦ੍ਰਿੜ ਕਰਦੇ ਹਨ। ਸੁਬਿਦਿਆ–ਉਤਮ ਵਿਦਿਆ;ਵਾਹਿਗੁਰੂ ਦੇ ਗਿਆਨ ਦੀ ਵਿਦਿਆ। ਜਾਚੰਤ–ਮੰਗਦੇ ਹਨ। ਗੁਰ ਗੋਪਾਲਾ–ਗੁਰੂ ਅਕਾਲ ਪੁਰਖ।੧੪।

ਨਹ ਚਿੰਤਾ ਮਾਤ ਪਿਤ ਭ੍ਰਾਤਹ,ਨਹ ਚਿੰਤਾ ਕਛੁ ਲੋਕ ਕਹ ॥ (ਹੇ ਹਰੀ ਲਾਲ !ਹੇ ਕ੍ਰਿਸ਼ਨ ਲਾਲ ! ਮਨੁੱਖ ਨੂੰ) ਮਾਤਾ ਪਿਤਾ ਭਰਾਵਾਂ (ਦੇ ਪਾਲਣ) ਦੀ ਚਿੰਤਾ ਨਹੀ ਕਰਨੀ ਚਾਹੀਦੀ, ਨਾ ਹੀ ਲੋਕਾਂ ਦੀ ਕੁਛ ਚਿੰਤਾ ਕਰਨੀ ਚਾਹੀਦੀ ਹੈ।

ਨਹ ਚਿੰਤਾ ਬਨਿਤਾ ਸੁਤ ਮੀਤਹ, ਪ੍ਰਵਿਰਤਿ ਮਾਇਆ ਸਨਬੰਧਨਹ ॥ ਇਸਤ੍ਰੀ ਪੁਤ੍ਰ ਮਿਤ੍ਰਾਂ ਆਦਿਕਾਂ ਦੀ ਵੀ ਚਿੰਤਾ ਨਹੀ ਕਰਨੀ ਚਾਹੀਦੀ, ਇਨ੍ਹਾਂ ਵਿਚ ਪ੍ਰਵਿਰਤ ਹੋਣਾ (ਫਸਣਾ) ਮਾਇਆ ਦੇ ਸਬੰਧ ਕਰਕੇ ਹੈ; ਇਹ ਸਾਰਾ ਪ੍ਰਵਿਰਤੀ ਮਾਰਗ ਭਾਵ ਗ੍ਰਿਹਸਤ ਮਾਇਆ ਦੇ ਸਬੰਧ ਕਰਕੇ ਹੀ ਹੈ (ਸੰ.ਸ.) ਭਾਵ ਇਨ੍ਹਾਂ ਦਾ ਪਿਆਰ ਸੁਆਰਥੀ ਹੈ, ਬਿਪਤਾ ਪੈਣ ਤੇ ਕੋਈ ਮੱਦਤ ਨਹੀਂ ਕਰਦਾ।

ਦਇਆਲ ਏਕ ਭਗਵਾਨ ਪੁਰਖਹ, ਨਾਨਕ ਸਰਬ ਜੀਅ ਪ੍ਰਤਿਪਾਲਕਹ ॥੧੫॥ ਗੁਰੂ ਜੀ ਆਖਦੇ ਹਨ ਕਿ ਇਕ ਭਗਵਾਨ ਹੀ ਦਇਆ ਦਾ ਘਰ ਹੈ ਜੋ ਸਾਰੇ ਜੀਵਾਂ ਦੀ ਪਾਲਣਾ ਕਰਨ ਵਾਲਾ ਹੈ।੧੫।

ਪਦਾਰਥ = ਮਾਤ ਪਿਤ–ਮਾਤਾ ਪਿਤਾ। ਭ੍ਰਾਤਹ–ਭਰਾਵਾਂ ਦੀ। ਲੋਕ ਕਹ–ਲੋਕਾਂ ਦੀ। ਬਨਿਤਾ–ਇਸਤ੍ਰੀ। ਸੁਤ–ਪੁਤ੍ਰਾਂ ਦੀ। ਮੀਤਹ–ਮਿਤ੍ਰਾਂ ਦੀ। ਪ੍ਰਵਿਰਤਿ–ਗ੍ਰਿਹਸਥੀ ਜੀਵਨ ਵਿਚ ਰੁੱਝ (ਫਸ) ਜਾਣਾ। ਸਨਬੰਧਨਹ–ਸਬੰਧ ਕਰਕੇ। ਪ੍ਰਤਿਪਾਲਕਹ–ਪਾਲਣਾ ਕਰਨ ਵਾਲਾ।੧੫।

ਸਾਰ = ਜੇ ਕੋਈ ਸਮਝੇ ਕਿਸੇ ਦੀ ਚਿੰਤਾ ਕਰਕੇ ਅਸੀਂ ਕੁਛ ਸੁਆਰ ਸਕਦੇ ਹਾਂ, ਗਲਤ ਹੈ। ਕੀ ਹਰੀ ਤੇ ਭਰੋਸਾ ਨਹੀ ਜੋ ਸਭ ਦੀ ਚਿੰਤਾ ਕਰਦਾ ਹੈ ਅਤੇ ਪਾਲਦਾ ਹੈ। ਇਸ ਲਈ ਹਰੀ ਨੂੰ ਜਪੋ।੧੫।

ਅਨਿਤ੍ਯ ਵਿਤੰ ਅਨਿਤ੍ਯ ਚਿਤੰ,ਅਨਿਤ੍ਯ ਆਸਾ ਬਹੁ ਬਿਧਿ ਪ੍ਰਕਾਰੰ ॥ ਧਨ ਨਿਤ ਰਹਿਣ ਵਾਲਾ ਨਹੀ (ਧਨ ਵਿਚ ਫਸਿਆ) ਮਨ ਵੀ ਝੂਠਾ ਹੈ; ਧਨ ਦਾ ਚਿੰਤਨ ਕਰਨਾ ਝੂਠਾ ਹੈ। ਬਹੁਤ ਪ੍ਰਕਾਰ ਦੇ (ਪਦਾਰਥਾਂ ਦੀ) ਭਾਂਤ ਭਾਂਤ ਦੀ ਆਸਾ ਸਦਾ ਰਹਿਣ ਵਾਲੀ ਨਹੀਂ (ਝੂਠੀ ਹੈ)।

ਅਨਿਤ੍ ਹੇਤੰ ਅਹੰ ਬੰਧੰ, ਭਰਮ ਮਾਇਆ ਮਲਨੰ ਬਿਕਾਰੰ ॥ ਮਾਇਆ ਦਾ ਪਿਆਰ ਅਨਿਤ ਹੈ, ਜੋ ਹੰਕਾਰ ਦੇ ਬੰਧਨ ਵਿਚ ਪਾ ਕੇ ਜੀਵ ਨੂੰ ਭਰਮਾ ਦੇਂਦੀ ਹੈ ਅਤੇ (ਮਾਯਾ ਨਾਲ ਜੀਵ) ਬੁਰੇ ਕੰਮ ਕਰਦਾ ਹੈ, ਜਿਸ ਕਰਕੇ ਮਨ ਮਲੀਨ ਹੋ ਜਾਂਦਾ ਹੈ।

ਫਿਰੰਤਿ ਜੋਨਿ ਅਨੇਕ ਜਠਰਾਗਨਿ,ਨਹ ਸਿਮਰੰਤ ਮਲੀਣ ਬੁਧੰ ॥ (ਜਿਸ ਕਰਕੇ ਜੀਵ) ਅਨੇਕਾਂ ਜੋਨੀਆਂ ਵਿਚ ਫਿਰਦਾ ਹੈ ਅਤੇ ਮਾਤਾ ਦੇ ਪੇਟ ਦੀ ਅੱਗ ਵਿਚ ਜਲਦਾ ਭਾਵ ਦੁਖੀ ਹੁੰਦਾ ਹੈ।(ਪਰ ਫਿਰ ਵੀ) ਮਲੀਣ ਬੁੱਧੀ ਵਾਲਾ ਜੀਵ ਹਰੀ ਨੂੰ ਨਹੀ ਸਿਮਰਦਾ।(ਪੰਡਤ ਪੁਛਦੇ ਹਨ ਕਿ ਉਧਾਰ ਕਿਵੇਂ ਹੋਵੇਗਾ?)।

ਹੇ ਗੋਬਿੰਦ ਕਰਤ ਮਇਆ, ਨਾਨਕ, ਪਤਿਤ ਉਧਾਰਣ ਸਾਧ ਸੰਗਮਹ ॥੧੬॥ (ਹਰੀ ਅੱਗੇ ਅਰਦਾਸ ਕਰੋ) ਹੇ ਗੋਬਿੰਦ! ਕਿਰਪਾ ਕਰੋ, ਨਾਨਕ ਗੁਰੂ ਜੀ ਆਖਦੇ ਹਨ, ਪਾਪੀਆਂ ਦਾ ਉਧਾਰ ਕਰਨ ਵਾਲਾ ਸੰਤ ਸਮਾਗਮ (ਸਾਨੂੰ) ਬਖਸ਼ੋ; ਹੇ ਗੋਬਿੰਦ! ਜਦ ਤੂੰ ਇਸ ਮਨੁੱਖ ਤੇ ਕ੍ਰਿਪਾ ਕਰਦਾ ਹੈਂ ਤਾਂ ਪਾਪੀਆਂ ਦਾ ਉਧਾਰ ਕਰਨ ਵਾਲਾ ਸਾਧ ਸਮਾਗਮ ਪ੍ਰਾਪਤ ਕਰਾ ਦਿੰਦਾ ਹੈਂ।੧੬।

ਪਦਾਰਥ = ਅਨਿਤ੍-(ਅਨਿਤਿਅ ਬੋਲੋ)ਨਿੱਤ ਨਾ ਰਹਿਣ ਵਾਲੀ ਭਾਵ ਨਾਸ਼ਵੰਤ; ਝੂਠੀ।ਵਿਤੰ-ਧਨ।ਚਿਤੰ-ਮਨ; ਚੇਤਨ ਮਾਯਾ; ਚਿੰਤਨ ਕਰਨਾ।ਹੇਤੰ-ਹਿਤ; ਮੋਹ।ਅਹੰ-ਹੰਕਾਰ।ਬੰਧੰ-ਬੰਧਨ।ਮਲਨੰ-ਮੈਲੇ।ਫਿਰੰਤ-ਫਿਰਦੇ ਹਨ।ਜਠਰਾਗਨਿ-ਮਾਂ ਦੇ ਪੇਟ ਦੀ ਅੱਗ ਵਿਚ।ਮਲੀਣ ਬੁਧੰ-ਮੈਲੀ ਬੁੱਧੀ ਵਾਲਾ।ਮਇਆ-ਕਿਰਪਾ।ਪਤਿਤ-ਪਾਪੀਆਂ ਦਾ।ਸਾਧ ਸੰਗਮਹ-ਸਾਧ ਸੰਗਤ।੧੬।

ਸਾਰ = ਆਸਾ ਕਰਨ ਵਾਲਾ ਚਿਤ, ਆਸ ਅਤੇ ਜਿਸ ਦੀ ਆਸ ਕਰਦਾ ਹੈ, ਤਿੰਨੇ ਅਨਿਤ ਹਨ।ਗੁਰੂ ਜੀ ਨੇ ਪਾਪੀਆਂ ਦੇ ਉਧਾਰ ਲਈ ਸਤ ਸੰਗ ਦਾ ਪ੍ਰਵਾਹ ਚਲਾਇਆ, ਸਤ ਸੰਗ ਕਰਦੇ ਉਹ ਹਨ, ਜਿਨ੍ਹਾਂ ਤੇ ਮਾਲਕ ਕ੍ਰਿਪਾ ਕਰਦਾ ਹੈ।੧੬।

ਗਿਰੰਤ ਗਿਰਿ ਪਤਿਤ ਪਾਤਾਲੰ,ਜਲੰਤ ਦੇਦੀਪ੍ ਬੈਸ੍ਵਾਂਤਰਹ ॥ (ਜੇ ਕੋਈ ਮਨੁੱਖ) ਪਹਾੜ ਤੋਂ ਗਿਰ ਪਵੇ, ਤੇ ਪਤਾਲ (ਨੀਵੀਂ ਡੂੰਘੀ ਥਾਂ) ਜਾ ਡਿੱਗੇ ਅਤੇ ਤੇਜ ਬਲਦੀ ਅੱਗ ਵਿਚ ਸੜ ਜਾਵੇ।

ਬਹੰਤਿ ਅਗਾਹ ਤੋਯੰ ਤਰੰਗੰ, ਦੁਖੰਤ ਗ੍ਰਹ ਚਿੰਤਾ, ਜਨਮੰ ਤ ਮਰਣਹ ॥ ਬਹੁਤ ਜਿਆਦਾ ਪਾਣੀ ਦੀਆਂ ਲਹਿਰਾਂ ਵਿਚ ਰੁੜ੍ਹ ਕੇ (ਮਰ ਜਾਵੇ।ਪਹਾੜ ਤੋਂ ਗਿਰਨਾ, ਅੱਗ ਵਿਚ ਸੜਨ, ਪਾਣੀ ਵਿਚ ਰੁੜ੍ਹਨ ਤੋਂ ਵੀ ਵੱਧ) ਘਰ ਦੀ ਚਿੰਤਾ ਦੁੱਖਦਾਈ ਹੈ, ਜੋ (ਮਨੁੱਖ ਨੂੰ) ਜਨਮ ਮਰਣ ਵਿਚ ਪਾਉਂਦੀ ਹੈ।

ਅਨਿਕ ਸਾਧਨੰ ਨ ਸਿਧ੍ਤੇ ਨਾਨਕ, ਅਸਥੰਭੰ ਅਸਥੰਭੰ ਅਸਥੰਭੰ, ਸਬਦ ਸਾਧ ਸ੍ਵਜਨਹ ॥੧੭॥ ਨਾਨਕ ਗੁਰੂ ਜੀ ਆਖਦੇ ਹਨ (ਚਿੰਤਾ ਤੋਂ ਬਚਣ ਲਈ) ਅਨੇਕਾਂ ਸਾਧਨ (ਜਤਨ) ਕੀਤੇ ਵੀ ਸਫਲ ਨਹੀ ਹੁੰਦੇ; (ਉਪਰ ਲਿਖੇ) ਆਤਮ ਹਤਿਆ ਦੇ ਇਨ੍ਹਾਂ ਸਾਧਨਾਂ ਨਾਲ ਮੁਕਤੀ ਨਹੀਂ ਮਿਲਦੀ; ਸ੍ਰੇਸ਼ਟ ਸਾਧੂ ਜਨਾਂ ਦਾ ਉਪਦੇਸ਼ ਹੀ ਟਿਕਾਓ ਦੇਣ ਵਾਲਾ ਆਸਰਾ ਹੈ; ਸਾਧੂ ਗੁਰੂ ਦੇ ਸ਼ਬਦ ਨਾਲ ਚਿੰਤਾ ਦੀ ਰੋਕ ਹੁੰਦੀ ਹੈ, ਮਨ ਦੀਆਂ ਬ੍ਰਿਤੀਆਂ ਦਾ ਟਿਕਾਓ ਹੁੰਦਾ ਹੈ, ਅਤੇ ਹਰੀ ਦਾ ਆਸਰਾ ਮਿਲਦਾ ਹੈ।੧੭।

ਪਦਾਰਥ = ਗਿਰੰਤ-ਗਿਰ ਪਵੇ।ਗਿਰਿ-ਪਹਾੜ ਤੋਂ।ਪਤਿਤ ਪਾਤਾਲੰ-ਪਤਾਲ ਵਿਚ ਜਾ ਡਿੱਗੇ।ਜਲੰਤ-ਸੜ ਜਾਵੇ।ਦੇਦੀਪ੍-ਪ੍ਰਜੁਅੱਲਤ; ਲਗਾਤਾਰ ਜਾਂ ਜੋਰ ਨਾਲ ਬਲਦੀ।ਬੈਸ੍ਵਾਂਤਰਹ-ਅੱਗ ਵਿਚ(ਬੈਸੁਆਂਤਰਹ ਬੋਲੋ)।ਬਹੰਤਿ-ਰੁੜ੍ਹ ਜਾਵੇ।ਅਗਾਹ-ਅਥਾਹ; ਬਹੁਤ ਜਿਆਦਾ (ਬੇਅੰਤ)।ਤੋਯੰ ਤਰੰਗੰ-ਪਾਣੀ ਦੀਆਂ ਲਹਿਰਾਂ ਵਿਚ।(ਤੋਇਅੰ ਬੋਲੋ)।ਦੁਖੰਤ-ਦੁੱਖ।ਗ੍ਰਹ-ਘਰ ਦੀ।ਨ ਸਿਧ੍ਤੇ-(ਸਿਧਿਅਤੇ ਬੋਲੋ)ਸਫਲ ਨਹੀਂ ਹੁੰਦੇ।ਅਸਥੰਭੰ-ਆਸਰਾ;ਟਿਕਾਓ।ਸਾਧ ਸ੍ਵਜਨਹ-(ਸੁਅਜਨਹ ਉਚਾਰੋ)ਸ੍ਰੇਸ਼ਟ ਸੰਤ ਜਨਾਂ ਦਾ।੧੭।

ਵਿਆਖਿਆ = ਚਿੰਤਾ ਬਹੁਤ ਦੁੱਖਦਾਈ ਹੈ, ਇਸਦਾ ਕੋਈ ਇਲਾਜ ਨਹੀ।ਗੁਰੂ ਦੀ ਸਿਖਿਆ ਨਾਲ ਦੂਰ ਹੁੰਦੀ ਹੈ।ਘਰ ਦੀ ਚਿੰਤਾ ਦੇ ਕਾਰਣ ਕਈ ਮਨੁੱਖ ਪਹਾੜ ਤੋਂ ਥੱਲੇ ਗਿਰ ਕੇ ਮਰ ਜਾਂਦੇ ਹਨ, ਕਈ ਤੇਜ ਅੱਗ ਵਿਚ, ਕਈ ਦਰਿਆ ਦੇ ਪਾਣੀ ਵਿਚ ਰੁੜ੍ਹ ਕੇ ਮਰ ਜਾਂਦੇ ਹਨ।(ਇਹ ਆਤਮ ਹੱਤਿਆ ਅਤੇ ਚਿੰਤਾ ਨਾਲ ਮਨੁੱਖ) ਜੰਮਦਾ ਮਰਦਾ ਰਹਿੰਦਾ ਹੈ।ਗੁਰੂ ਦੇ ਸ਼ਬਦ ਨਾਲ ਚਿੰਤਾ ਤੋਂ ਮੁਕਤੀ ਮਿਲਦੀ ਹੈ।

ਘੋਰ ਦੁਖੵੰ ਅਨਿਕ ਹਤੵੰ, ਜਨਮ ਦਾਰਿਦ੍ਰੰ ,ਮਹਾ ਬਿਖੵਾਦੰ ॥ (ਮਨੁੱਖ ਤੇ) ਭਿਆਨਕ ਦੁਖ ਪਏ ਹੋਏ ਹੋਣ, ਅਨੇਕ ਤਰ੍ਹਾਂ ਦੀਆਂ ਹਤਿਆਵਾਂ ਦਾ ਦੋਸ਼ ਲੱਗਾ ਹੋਵੇ, ਜਨਮ ਤੋਂ ਹੀ ਕੰਗਾਲ ਹੋਵੇ ਅਤੇ ਹੋਰ ਵੱਡੇ ਝਮੇਲੇ ਪਏ ਹੋਣ।

ਮਿਟੰਤ ਸਗਲ, ਸਿਮਰੰਤ ਹਰਿ ਨਾਮ ਨਾਨਕ,ਜੈਸੇ ਪਾਵਕ ਕਾਸਟ ਭਸਮੰ ਕਰੋਤਿ ॥੧੮॥ ਨਾਨਕ ਗੁਰੂ ਜੀ ਆਖਦੇ ਹਨ, ਵਾਹਿਗੁਰੂ ਦਾ ਨਾਮ ਸਿਮਰਦਿਆਂ ਸਾਰੇ (ਦੁੱਖ, ਹਤਿਆਵਾਂ ਦਾ ਦੋਸ਼ ,ਦਲਿਦ੍ਰਤਾ ਤੇ ਝਗੜੇ ਝਮੇਲੇ ਆਦਿ) ਮਿਟ ਜਾਂਦੇ ਹਨ, ਜਿਸ ਤਰ੍ਹਾਂ ਅੱਗ ਲਕੜਾਂ (ਦੇ ਵੱਡੇ ਢੇਰ) ਨੂੰ ਸੁਆਹ ਕਰ ਦੇਂਦੀ ਹੈ।੧੮।ਆਨਿ ਆਨਿ ਸਮਧਾ ਬਹੁ ਕੀਨੀ, ਪਲੁ ਬੈਸੰਤਰ ਭਸਮ ਕਰੀਜੈ।(੧੩੨੪)।ਈਧਨ ਅਧਿਕ ਸਕੇਲੀਐ ਭਾਈ ਪਾਵਕੁ ਰੰਚਕ ਪਾਇ।(੬੩੭)।ਈਧਣ ਕੀਤੋਮੂ ਘਣਾ ਭੋਰੀ ਦਿਤੀਮੁ ਭਾਹਿ। (੭੦੬)।

ਪਦਾਰਥ = ਘੋਰ-ਭਿਆਨਕ; ਬਹੁਤ।ਦੁਖੵੰ ਨੂੰ ਦੁਖਿਅੰ ਉਚਾਰੋ।ਹਤੵੰ-(ਹੱਤਿਅੰ ਬੋਲੋ) ਹੱਤਿਆਵਾਂ।ਦਾਰਿਦ੍ਰੰ-ਗਰੀਬੀ; ਦਲਿਦ੍ਰਤਾ।ਬਿਖੵਾਦੰ-(ਬਿਖਿਆਦੰ ਉਚਾਰੋ) ਝਗੜੇ।ਪਾਵਕ-ਅੱਗ।ਕਾਸਟ-ਲੱਕੜਾਂ।ਭਸਮੰ-ਸੁਆਹ।ਕਰੋਤਿ-ਕਰ ਦੇਂਦੀ ਹੈ।੧੮।

ਸਾਰ = ਸਰੀਰ ਅਤੇ ਮਨ ਦੇ ਸਾਰੇ ਦੁੱਖ ਵਾਹਿਗੁਰੂ ਦੇ ਸਿਮਰਨ ਨਾਲ ਮਿਟ ਜਾਂਦੇ ਹਨ।੧੮।ਸਿਮਰਤ ਇਕ ਬਾਰ ਹਰਿ ਹਰਿ, ਮਿਟਿ ਕੋਟਿ ਕਸਮਲ ਜਾਂਤਿ।(੧੩੦੦)

ਅੰਧਕਾਰ ਸਿਮਰਤ ਪ੍ਰਕਾਸੰ, ਗੁਣ ਰਮੰਤ ਅਘ ਖੰਡਨਹ ॥ ਵਾਹਿਗਗੁਰੂ ਦਾ ਸਿਮਰਨ ਕਰਨ ਨਾਲ ਅਗਿਆਨ ਰੂਪ ਹਨ੍ਹੇਰੇ ਵਿਚ ਗਿਆਨ

ਦਾ ਪ੍ਰਕਾਸ਼ ਹੋ ਜਾਂਦਾ ਹੈ ਅਤੇ ਉਸਦੇ ਗੁਣ ਉਚਾਰਨ ਕਰਨ (ਗਾਉਣ) ਨਾਲ ਪਾਪ ਨਾਸ਼ ਹੋ ਜਾਂਦੇ ਹਨ।
ਰਿਦ ਬਸੰਤਿ ਭੈ ਭੀਤ ਦੂਤਹ, ਹਿਰਦੇ ਵਿਚ ਵਾਹਿਗੁਰੂ ਦਾ ਨਾਮ ਵਸਣ ਨਾਲ ਜਮ ਦੂਤ ਭੈ ਭੀਤ ਹੋ (ਡਰ) ਜਾਂਦੇ ਹਨ।
ਕਰਮ ਕਰਤ ਮਹਾ ਨਿਰਮਲਹ ॥(ਨਾਮ ਦੇ ਪ੍ਰਤਾਪ ਨਾਲ ਮਨੁੱਖ) ਮਹਾਨ ਪਵਿਤ੍ਰ ਕਰਮ ਕਰਦਾ ਹੈ; (ਜੋ ਮਨੁੱਖ ਨਾਮ ਜਪਣਾ ਦਾ ਉਕਤ) ਕਰਮ ਕਰਦਾ ਹੈ (ਉਹ) ਬਹੁਤ ਨਿਰਮਲ ਹੋ ਜਾਂਦਾ ਹੈ।
ਜਨਮ ਮਰਣ ਰਹੰਤ ਸ੍ਰੋਤਾ, ਸੁਖ ਸਮੂਹ ਅਮੋਘ ਦਰਸਨਹ ॥ ਨਾਮ ਸੁਣਨ ਵਾਲਾ ਮਨੁੱਖ ਜਨਮ ਮਰਣ ਤੋਂ ਰਹਿਤ ਹੋ ਜਾਂਦਾ ਹੈ, ਵਾਹਿਗੁਰੂ ਦੇ ਸਫਲ ਦਰਸ਼ਨ ਹੋ ਜਾਂਦੇ ਹਨ ਅਤੇ ਸਾਰੇ ਸੁਖ ਮਿਲਦੇ ਹਨ ਜਾਂ (ਨਾਮ ਦੇ ਸ੍ਰੋਤੇ ਦਾ) ਦਰਸ਼ਨ ਕਰਨਾ ਸਫਲਾ ਹੁੰਦਾ ਹੈ ਭਾਵ ਉਸਦੇ ਦਰਸ਼ਨ ਕੀਤਿਆਂ ਸਭ ਇਛਾਂ ਪੂਰੀਆਂ ਹੁੰਦੀਆਂ ਹਨ।
ਸਰਣਿ ਜੋਗੰ ਸੰਤ ਪ੍ਰਿਅ ਨਾਨਕ, ਸੋ ਭਗਵਾਨ ਖੇਮੰ ਕਰੋਤਿ ॥੧੯॥ਨਾਨਕ ਗੁਰੂ ਜੀ ਆਖਦੇ ਹਨ ਕਿ ਸੰਤਾਂ ਦਾ ਪਿਆਰਾ ਪ੍ਰਭੂ, ਸਰਣ ਵਿਚ ਆਇਆਂ ਦੀ ਰੱਖਿਆ ਕਰਨ ਦੇ ਜੋਗ (ਸਮਰੱਥ) ਹੈ,(ਸ਼ਰਣ ਵਿਚ ਆਉਣ ਵਾਲਿਆਂ ਦੀ) ਮੁਕਤੀ ਕਰਦਾ ਹੈ।੧੯।
ਪਦਾਰਥ = ਅੰਧਕਾਰ-ਘੁੱਪ ਹਨ੍ਹੇਰੇ ਵਿਚ।ਅਘ-ਪਾਪ।ਰਮੰਤ-ਉਚਾਰਦਿਆਂ।ਖੰਡਨਹ-ਨਾਸ਼ ਹੁੰਦੇ ਹਨ।ਰਿਦ ਬਸੰਤਿ-ਹਿਰਦੇ ਵਿਚ ਵਸਣ ਨਾਲ।ਭੈ ਭਤਿ-ਡਰ ਜਾਂਦੇ ਹਨ।ਦੂਤਹ-ਜਮ ਦੂਤ।ਰਹੰਤ-ਰਹਿਤ; ਮੁੱਕ ਜਾਂਦੇ ਹਨ।ਸ੍ਰੋਤਾ-ਸੁਣਨ ਵਾਲਾ।ਅਮੋਘ-ਸਫਲ (ਫਲ ਦਾਇਕ); ਖਾਲੀ ਨਾ ਜਾਣ ਵਾਲਾ।ਜੋਗੰ-ਸਮਰੱਥ;ਯੋਗ।ਖੇਮੰ-ਮੁਕਤੀ; ਕਲਿਆਣ; ਰੱਖਿਆ।ਕਰੋਤਿ-ਕਰਦਾ ਹੈ।੧੯।
ਪਾਛੰ ਕਰੋਤਿ ਅਗ੍ਰਣੀਵਹ, (ਗੁਰੂ ਦੀ ਸੇਵਾ) ਪਿੱਛੇ ਰਹੇ ਹੋਇਆਂ (ਪਛੜੇ ਹੋਏ, ਗਰੀਬ, ਨੀਵੀਂ ਪੱਧਰ ਜਾਂ ਨੀਚ ਜਾਤ ਦੇ ਮਨੁੱਖਾਂ) ਨੂੰ, ਅੱਗੇ ਕਰ ਦੇਂਦੀ ਹੈ (ਸੇਵਾ ਕਰਨ ਵਾਲਾ ਮਨੁੱਖ ਸਭ ਦਾ ਆਗੂ ਬਣ ਜਾਂਦਾ ਹੈ) {ਨੀਚਹ ਊਚ ਕਰੈ ਮੇਰਾ ਗੋਬਿੰਦ...੧੧੦੬}।
ਨਿਰਾਸੰ ਆਸ ਪੂਰਨਹ ॥ (ਗੁਰੂ ਦੀ ਸੇਵਾ) ਨਿਰਾਸਿਆਂ ਦੀ ਆਸ ਪੂਰੀ ਕਰਦੀ ਹੈ।
ਨਿਰਧਨ ਭਯੰ ਧਨਵੰਤਹ, (ਸੇਵਾ ਕਰਨ ਵਾਲੇ) ਨਿਰਧਨ ਧਨਵਾਨ (ਅਮੀਰ) ਬਣ ਜਾਂਦੇ ਹਨ।
ਰੋਗੀਅੰ ਰੋਗ ਖੰਡਨਹ ॥ (ਗੁਰੂ ਦੀ ਸੇਵਾ) ਰੋਗੀਆਂ ਦੇ ਰੋਗ ਨਾਸ਼ ਕਰ ਦੇਂਦੀ ਹੈ।
ਭਗਤ੍ਰੰ ਭਗਤਿ ਦਾਨੰ, (ਗੁਰੂ ਦੀ ਸੇਵਾ ਭਗਤੀ ਦੀ ਚਾਹ ਵਾਲੇ) ਭਗਤਾਂ ਨੂੰ ਭਗਤੀ ਦਾ ਦਾਨ ਦੇਂਦੀ ਹੈ।
ਰਾਮ ਨਾਮ ਗੁਣ ਕੀਰਤਨਹ ॥ (ਫਿਰ ਭਗਤ ਜਨ) ਰਾਮ ਨਾਮ ਦਾ ਜਾਪ ਅਤੇ ਗੁਣਾਂ ਦਾ ਕੀਰਤਨ (ਸਿਫਤ ਸਲਾਹ) ਕਰਦੇ ਹਨ; (ਗੁਰੂ ਦੀ ਸੇਵਾ ਤੋਂ) ਪ੍ਰਮਾਤਮਾ ਦਾ ਨਾਮ, ਸ਼ੁੱਭ ਗੁਣਾਂ ਅਤੇ ਕੀਰਤਨ ਦੀ ਦਾਤ ਮਿਲਦੀ ਹੈ।
ਪਾਰਬ੍ਰਹਮ ਪੁਰਖ ਦਾਤਾਰਹ, ਨਾਨਕ ਗੁਰ ਸੇਵਾ, ਕਿੰ ਨ ਲਭ੍ਯਤੇ ॥੨੦॥ ਪ੍ਰਮਾਤਮਾ ਦਾਤਾਂ ਦੇਣ ਵਾਲਾ ਪੁਰਖ ਹੈ, ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੀ ਸੇਵਾ ਕਰਨ ਨਾਲ ਉਸ (ਪ੍ਰਮਾਤਮਾ) ਤੋਂ ਕੀ ਨਹੀਂ ਮਿਲਦਾ (ਲੱਭਦਾ)? ਭਾਵ ਸਭ ਕੁਝ ਮਿਲ ਜਾਂਦਾ ਹੈ।੨੦।
ਪਦਾਰਥ = ਪਾਛੰ-ਪਿੱਛੇ ਰਹੇ ਹੋਏ (ਨੀਵੇਂ ਮਨੁੱਖਾਂ ਨੂੰ)।ਅਗ੍ਰਣੀਵਹ-(ਸੇਵਾ ਕਰਨ ਵਾਲਿਆਂ ਨੂੰ) ਅੱਗੇ ਕਰ ਦਿੰਦਾ ਹੈ; ਆਗੂ ਬਣਾ ਦਿੰਦਾ ਹੈ।ਪੂਰਨਹ-ਪੂਰੀ ਕਰਦਾ ਹੈ।ਭਯੰ-ਹੋ ਜਾਂਦੇ ਹਨ।ਧਨਵੰਤਹ-ਧਨਵਾਨ।ਰੋਗੀਅੰ-ਰੋਗੀਆਂ ਦੇ।ਖੰਡਨਹ-ਨਾਸ਼ ਕਰਦਾ ਹੈ।ਭਗਤ੍ਰੰ-ਭਗਤਾਂ ਨੂੰ।ਕਿੰ ਨ ਲਭ੍ਯਤੇ-ਕੀ ਕੀ ਚੀਜ ਨਹੀਂ ਲੱਭਦੀ (ਮਿਲਦੀ)?।੨੦।
ਸਾਰ = ਨਾਮ ਜਪਣ ਤੇ ਗੁਰੂ ਦੀ ਸੇਵਾ ਕਰਨ ਵਾਲੇ ਪਛੜੇ ਹੋਏ ਨੀਵੀ ਜਾਤ ਦੇ ਮਨੁੱਖਾਂ ਨੂੰ ਵੀ ਅਕਾਲ ਪੁਰਖ ਉਚੇ ਬਣਾ ਦੇਂਦਾ ਹੈ।
ਅਧਰੰ ਧਰੰ ਧਾਰਣਹ, ਨਿਰਧਨੰ ਧਨ ਨਾਮ ਨਰਹਰਹ ॥ (ਕਿਸੇ ਸਥੂਲ ਆਸਰੇ ਤੋਂ ਬਿਨਾ ਜੋ) ਧਰਤੀ ਹੈ ਉਸ ਨੂੰ ਆਸਰਾ ਦੇਣ (ਧਾਰਣ) ਵਾਲਾ ਵਾਹਿਗੁਰੂ ਦਾ ਨਾਮ ਹੈ (ਭਾ:ਵੀਰ ਸਿੰਘ; ਸੰ.ਸ.) {ਨਾਮ ਕੇ ਧਾਰੇ ਆਗਾਸ ਪਾਤਾਲ ੨੮੪} ਅਤੇ ਨਿਰਧਨਾਂ ਲਈ ਧਨ ਹੈ; ਵਾਹਿਗੁਰੂ ਦਾ ਨਾਮ ਨਿਆਸਰਿਆਂ ਨੂੰ ਆਸਰਾ ਦੇਣ ਵਾਲਾ ਹੈ ਅਤੇ ਨਿਰਧਨਾਂ ਲਈ ਧਨ ਹੈ (ਫ.ਸ.; ਸ਼ਬਦਾਰਥ; ਦਰਪਣ; ਸੰ.ਸ.)।
ਅਨਾਥ ਨਾਥ ਗੋਬਿੰਦਹ,ਬਲਹੀਣ ਬਲ ਕੇਸਵਹ ॥ ਵਾਹਿਗੁਰੂ ਗਰੀਬਾਂ ਦਾ ਮਾਲਕ ਹੈ, ਉਹ ਕੇਸਾਂ ਵਾਲਾ (ਵਾਹਿਗੁਰੂ) ਕਮਜੋਰਾਂ ਨੂੰ ਤਾਕਤ ਦੇਣ ਵਾਲਾ (ਨਿਤਾਣਿਆ ਦਾ ਤਾਣ) ਹੈ।
ਸਰਬ ਭੂਤ ਦਯਾਲ ਅਚੁਤ, ਦੀਨ ਬਾਂਧਵ ਦਾਮੋਦਰਹ ॥ ਅਟੱਲ ਪ੍ਰਮਾਤਮਾ ਸਾਰੇ ਜੀਵਾਂ ਤੇ ਦਇਆ ਕਰਨ ਵਾਲਾ ਹੈ; ਅਚੁੱਤ ਦਿਆਲੂ ਪ੍ਰਮਾਤਮਾ ਸਰਬ ਜੀਵ ਰੂਪ (ਆਪ ਹੀ) ਹੈ।ਪ੍ਰਭੂ ਗਰੀਬਾਂ ਦਾ ਬੰਧੂ (ਸਹਾਇਕ) ਹੈ {ਦੀਨ ਬਾਂਧਵ ਭਗਤਿ ਵਛਲ ਸਦਾ ਸਦਾ ਕ੍ਰਿਪਾਲ (ਮ:੫) ੯੮੮}।
ਸਰਬਗ੍ਯ ਪੂਰਨ ਪੁਰਖ ਭਗਵਾਨਹ,ਭਗਤਿ ਵਛਲ ਕਰੁਣਾਮਯਹ ॥ ਉਹ ਪੂਰਨ ਵਿਆਪਕ ਪ੍ਰਮਾਤਮਾ ਸਭ ਦੇ ਦਿਲਾਂ ਦੀ ਜਾਨਣ ਵਾਲਾ ਹੈ।(ਪ੍ਰਮਾਤਮਾ) ਭਗਤੀ ਨੂੰ ਪਿਆਰ ਕਰਨ ਵਾਲਾ ਅਤੇ ਦਇਆ ਦਾ ਸਰੂਪ ਹੈ।
ਅੰਗ ੧੩੫੬ =ਘਟਿ ਘਟਿ ਬਸੰਤ ਬਾਸੁਦੇਵਹ, ਪਾਰਬ੍ਰਹਮ ਪ੍ਰਮੇਸੁਰਹ ॥ ਪਾਰਬ੍ਰਹਮ ਪਰਮੇਸਰ ਵਾਹਿਗੁਰੂ ਹਰੇਕ ਜੀਵ ਦੇ ਹਿਰਦੇ ਵਿਚ ਵਸਦਾ ਹੈ।
ਜਾਚੰਤਿ ਨਾਨਕ ਕ੍ਰਿਪਾਲ ਪ੍ਰਸਾਦੰ, ਨਹ ਬਿਸਰੰਤਿ ਨਹ ਬਿਸਰੰਤਿ ਨਾਰਾਇਣਹ ॥੨੧॥ਗੁਰੂ (ਅਰਜਨ ਦੇਵ) ਜੀ ਉਸ ਕ੍ਰਿਪਾਲ ਪ੍ਰਭੂ ਤੋਂ ਕ੍ਰਿਪਾ

ਦੀ ਦਾਤ ਮੰਗਦੇ ਹਨ ਕਿ ਮੇਰੇ ਮਨ ਤਨ ਵਿਚੋਂ (ਪ੍ਰਭੂ ਦਾ ਨਾਮ) ਕਦੇ ਨਾ ਭੁੱਲੇ।੨੧।
ਪਦਾਰਥ = ਅਧਰੰ–ਆਸਰੇ ਤੋਂ ਰਹਿਤ ਧਰਤੀ; ਨਿਆਸਰਿਆਂ ਨੂੰ। ਧਰੰ–ਧਰਤੀ; ਆਸਰਾ। ਧਾਰਣਹ–ਧਾਰਨ ਵਾਲਾ; ਦੇਣ ਵਾਲਾ; ਬਣਦਾ ਹੈ। ਨਰਹਰਹ–ਵਾਹਿਗੁਰੂ। ਬਲਹੀਣ–ਨਿਤਾਣਿਆਂ (ਕਮਜ਼ੋਰ ਲੋਕਾਂ ਨੂੰ)। ਬਲ–ਤਾਕਤ। ਕੇਸਵਹ–ਕੇਸਾਂ ਵਾਲਾ ਪ੍ਰਮਾਤਮਾ। ਸਰਬ ਭੂਤ–ਸਾਰੇ ਜੀਵਾਂ ਦਾ। ਅਚੁਤ–ਅਬਿਨਾਸੀ। ਦੀਨ–ਗ੍ਰੀਬਾਂ ਦਾ। ਬਾਂਧਵ–ਮਿਤ੍ਰ; ਸਬੰਧੀ। ਦਾਮੋਦਰਹ–ਪ੍ਰਭੂ। ਸਰਬਗ੍ਯ–ਸਭ ਕੁਝ ਜਾਨਣ ਵਾਲਾ; ਸਰਬ ਸ਼ਕਤੀਮਾਨ। ਭਗਤਿ ਵਛਲ–ਭਗਤੀ ਨੂੰ ਪਿਆਰ ਕਰਨ ਵਾਲਾ। ਕਰੁਣਾ ਮਯਹ–(ਕਰੁਣਾ ਮਇਅਹ ਉਚਾਰੋ) ਦਇਆ ਦਾ ਸਰੂਪ। ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ। ਬਾਸੁਦੇਵਹ–ਪ੍ਰਭੂ। ਜਾਚੰਤਿ–ਮੰਗਦਾ ਹੈ। ਪ੍ਰਸਾਦੰ–ਕ੍ਰਿਪਾ।੨੧।
ਨੋਟ = ਬਾਸੁਦੇਵਹ, ਕੇਸਵਹ, ਦਾਮੋਦਰਹ, ਭਗਵਾਨਹ, ਗੋਬਿੰਦ, ਨਾਰਾਇਣਹ ਆਦਿ ਸਾਰੇ ਨਾਮ ਵਾਹਿਗੁਰੂ ਲਈ ਵਰਤੇ ਗਏ ਹਨ।
ਨਹ ਸਮਰਥੰ ਨਹ ਸੇਵਕੰ, ਨਹ ਪ੍ਰੀਤਿ ਪਰਮ ਪੁਰਖੋਤਮੰ ॥ ਹੇ ਪਰਮ ਪੁਰਖ ਉਤਮ ਪ੍ਰਭੂ ! ਨਾ ਤਾਂ ਮੇਰੇ ਵਿਚ (ਨਾਮ ਜਪਣ ਦੀ) ਸਮਰੱਥਾ (ਤਾਕਤ) ਹੈ, ਨਾ ਹੀ ਮੈਂ ਚੰਗਾ ਸੇਵਕ ਹਾਂ, ਨਾ (ਮੇਰੇ ਅੰਦਰ ਤੇਰੀ) ਪ੍ਰੀਤੀ ਹੈ (ਜਿੰਨੀ ਪ੍ਰੀਤੀ ਹੋਣੀ ਚਾਹੀਦੀ ਸੀ ਉਤਨੀ ਨਹੀ ਹੈ)।
ਤਵ ਪ੍ਰਸਾਦਿ ਸਿਮਰਤੇ ਨਾਮੰ, ਨਾਨਕ ਕ੍ਰਿਪਾਲ ਹਰਿ ਹਰਿ ਗੁਰੰ ॥੨੨॥ ਗੁਰੂ ਜੀ ਆਖਦੇ ਹਨ, ਹੇ ਕ੍ਰਿਪਾਲ ਹਰੀ ਗੁਰੂ ! ਕੇਵਲ ਤੇਰੀ ਕਿਰਪਾ ਹੀ ਨਾਲ ਅਸੀਂ ਤੇਰਾ ਨਾਮ ਸਿਮਰਦੇ ਹਾਂ।੨੨॥
ਪਦਾਰਥ = ਸਮਰਥੰ–ਤਾਕਤ। ਸੇਵਕੰ–ਸੇਵਕੀ ਭਾਵ (ਸੇਵਕਾਂ ਵਾਲਾ ਵਰਤਾਓ); ਚੰਗਾ ਸੇਵਕ। ਪਰਮ ਪੁਰਖੋਤਮੰ–ਹੇ ਸਭ ਤੋਂ ਉਤਮ ਪਰਮ ਅਕਾਲ ਪੁਰਖ। (ਤਵ ਪ੍ਰਸਾਦਿ–ਤੇਰੀ ਕਿਰਪਾ ਨਾਲ।੨੨।
ਵਿਆਖਿਆ = ਹਰੀ ਦਾ ਨਾਮ ਸਿਮਰਨ, ਸੇਵਕ ਭਾਵ, ਹਰੀ ਦਾ ਪ੍ਰੇਮ ਆਪਣੇ ਜੋਰ ਜਾਂ ਹਠ ਨਾਲ ਨਹੀ ਮਿਲਦੇ। ਵਾਹਿਗੁਰੂ ਦੀ ਪ੍ਰਸੰਨਤਾ ਅਤੇ ਕ੍ਰਿਪਾ ਨਾਲ ਇਹ ਦਾਤਾਂ ਮਿਲਦੀਆਂ ਹਨ। ਕਈ ਵਾਰ ਅਪਣੇ ਸਿਮਰਨ, ਸੇਵਕ ਭਾਵ ਅਤੇ ਪ੍ਰੇਮ ਤੇ ਹੰਕਾਰ ਹੋ ਜਾਂਦਾ ਹੈ ਕਿ ਇਹ ਸਭ ਮੇਰੀਆਂ ਕੋਸ਼ਿਸ਼ਾਂ ਸਫਲ ਹੋਈਆਂ ਹਨ।੨੨।
ਭਰਣ ਪੋਖਣ ਕਰੰਤ ਜੀਆ,ਬਿਸ੍ਰਾਮ ਛਾਦਨ ਦੇਵੰਤ ਦਾਨੰ ॥ ਪ੍ਰਮਾਤਮਾ ਸਾਰੇ ਜੀਵਾਂ ਦੀ ਪਾਲਣਾ ਪੋਸਣਾ ਕਰਦਾ ਹੈ; ਜੀਵਾਂ ਨੂੰ ਪੈਦਾ ਕਰਕੇ ਸਭ ਦਾ ਪੇਟ ਭਰਦਾ ਅਤੇ ਪਾਲਣਾ ਕਰਦਾ ਹੈ, ਆਰਾਮ ਕਰਨ ਦਾ ਟਿਕਾਣਾ ਅਤੇ ਪਹਿਨਣ ਲਈ ਬਸਤ੍ਰ ਦਾਨ ਦੇਂਦਾ ਹੈ।
ਸ੍ਰਿਜੰਤ ਰਤਨ ਜਨਮ, ਚਤੁਰ ਚੇਤਨਹ ॥ ਪ੍ਰਮਾਤਮਾ ਨੇ (ਮਨੁੱਖ ਨੂੰ ਹੋਰ ਜੂਨੀਆਂ ਨਾਲੋਂ) ਬੁੱਧੀ ਅਤੇ ਚੇਤਨਾ ਵਾਲਾ ਰਤਨ ਵਰਗਾ ਕੀਮਤੀ ਜਨਮ ਦੇ ਕੇ ਪੈਦਾ ਕੀਤਾ ਹੈ; ਚਤੁਰ ਅਤੇ ਚੇਤਨ ਹਰੀ ਰਚਦਾ ਹੈ ਰਤਨ ਵਰਗਾ ਕੀਮਤੀ ਮਨੁੱਖਾ ਜਨਮ (ਭਾ:ਵੀਰ ਸਿੰਘ; ਸ਼ਬਦਾਰਥ)।
ਵਰਤੰਤਿ ਸੁਖ ਆਨੰਦ ਪ੍ਰਸਾਦਹ ॥ (ਮਨੁੱਖ ਅਪਣਾ ਜੀਵਨ) ਵਾਹਿਗੁਰੂ ਦੀ ਕਿਰਪਾ ਨਾਲ ਸੁੱਖ ਅਨੰਦ ਵਿਚ ਵਰਤਦੇ (ਰਹਿੰਦੇ) ਹਨ।
ਸਿਮਰੰਤ ਨਾਨਕ ਹਰਿ ਹਰਿ ਹਰੇ ॥ ਗੁਰੂ ਜੀ ਆਖਦੇ ਹਨ, ਜਿਹੜੇ ਮਨੁੱਖ ਤਨ ਮਨ ਬਾਣੀ ਕਰਕੇ ਹਰੀ ਨਾਮ ਸਿਮਰਦੇ ਹਨ।
ਅਨਿਤ੍ਰ ਰਚਨਾ ਨਿਰਮੋਹ ਤੇ ॥੨੩॥ ਉਹ ਸੰਸਾਰ ਦੀ ਨਾਸ਼ਵੰਤ ਰਚਨਾ ਤੋਂ ਨਿਰਮੋਹ ਹੋ ਜਾਂਦੇ ਹਨ (ਮੋਹ ਛੱਡ ਕੇ ਨਾਮ ਨੂੰ ਪਿਆਰ ਕਰਦੇ ਹਨ)।੨੩।
ਪਦਾਰਥ = ਭਰਣ ਪੋਖਣ ਕਰੰਤ–(ਅੰਨ ਦਾਨ ਦੇ ਕੇ) ਪਾਲਣ ਪੋਸਣ ਕਰਦਾ ਹੈ। ਜੀਆ–ਜੀਵਾਂ ਦੀ। ਬਿਸ੍ਰਾਮ–ਟਿਕਾਣਾ। ਛਾਦਨ–ਬਸਤ੍ਰ। ਦੇਵੰਤ–ਦੇਂਦਾ ਹੈ। ਸ੍ਰਿਜੰਤ–ਸਿਰਜਦਾ (ਪੈਦਾ ਕਰਦਾ) ਹੈ। ਰਤਨ–ਰਤਨਾਂ ਵਰਗਾ ਕੀਮਤੀ। ਚਤੁਰ–ਸਿਆਣਾ। ਚੇਤਨਹ–ਚੇਤੰਨ (ਸਭ ਕੁਝ ਅਨੁਭਵ ਕਰਨ ਵਾਲਾ)। ਪ੍ਰਸਾਦਹ–ਕ੍ਰਿਪਾ ਨਾਲ। ਅਨਿਤ੍ਰ–(ਅਨਿੱਤਅ ਉਚਾਰੋ) ਨਿੱਤ ਨਾ ਰਹਿਣ ਵਾਲਾ(ਨਾਸ਼ਵੰਤ)। ਰਚਨਾ–ਸੰਸਾਰ ਰਚਨਾ। ਤੇ–ਤੋਂ।੨੩।
ਵਿਆਖਿਆ = ਸੰਸਾਰੀ ਜੀਵ ਹਰੀ ਦੀ ਕ੍ਰਿਪਾ ਦਾ ਸੁੱਖ ਮਾਣਦੇ ਹਨ, ਜਿਸਨੇ ਸਾਨੂੰ ਜਨਮ ਦਿਤਾ, ਖਾਨ ਪਾਨ, ਰਹਿਣ ਲਈ ਮਕਾਨ, ਪਹਿਨਣ ਲਈ ਕਪੜੇ ਆਦਿ ਉਸਦੇ ਪ੍ਰਸਾਦ ਰੂਪ ਵਿਚ ਸਾਨੂੰ ਮਿਲਦੇ ਹਨ। ਇਸ ਲਈ ਸਿਮਰੋ ਵਾਹਿਗੁਰੂ ਨੂੰ।੨੩।
ਦਾਨੰ ਪਰਾ ਪੂਰਬੇਣ, ਭੁੰਚੰਤੇ ਮਹੀਪਤੇ॥ ਪਿਛਲੇ ਜਨਮਾਂ ਦੇ ਕੀਤੇ ਦਾਨ ਦਾ ਫਲ ਧਰਤੀ ਦੇ ਮਾਲਕ (ਬਣ ਕੇ) ਰਾਜੇ ਭੋਗਦੇ ਹਨ।
ਬਿਪਰੀਤ ਬੁਧੰ ਮਾਰਤ ਲੋਕਹ,ਨਾਨਕ ਚਿਰੰਕਾਲ ਦੁਖ ਭੋਗਤੇ ॥੨੪॥ (ਰਾਜ ਦੇ ਨਸ਼ੇ ਵਿਚ) ਉਲਟੀ ਬੁਧੀ ਵਾਲੇ ਹੋ ਕੇ ਲੋਕਾਂ ਨੂੰ ਮਾਰਦੇ (ਜੁਲਮ ਕਰਦੇ) ਹਨ (ਭਾ:ਵੀਰ ਸਿੰਘ; ਸੰ.ਸ.;ਫ.ਸ.), ਗੁਰੂ ਜੀ ਕਹਿੰਦੇ ਹਨ (ਪਰਜਾ ਤੇ ਜੁਲਮ ਕਰਨ ਅਤੇ ਦੁੱਖ ਦੇਣ ਕਰਕੇ ਉਹ ਜਾਲਮ ਰਾਜੇ ਪ੍ਰਲੋਕ ਵਿਚ ਜਾ ਕੇ) ਬਹੁਤ ਦੇਰ ਤਕ (ਨਰਕਾਂ ਵਿਚ) ਦੁਖ ਭੋਗਦੇ ਹਨ (ਗੁਰੂ ਹਰਿ ਰਾਇ ਜੀ ਨੇ ਦਾਰਾ ਸ਼ਕੋਹ ਨੂੰ ਸਵੱਰਗ ਦਾ ਰਾਜ ਬਖਸ਼ ਕੇ ਔਰੰਗਜੇਬ ਨੂੰ ਭੰਗੀ ਰੂਪ ਵਿਚ ਦਾਰੇ ਦੇ ਰਾਜ ਦੀਆਂ ਗਲੀਆਂ ਸਾਫ ਕਰਦਾ ਹੋਇਆ ਸੁਪਨੇ ਵਿਚ ਵਿਚ ਦਿਖਾ ਦਿਤਾ ਸੀ)।੨੪।
ਪਦਾਰਥ = ਪਰਾ ਪੂਰਬੇਣ–ਪਿਛਲੇ ਅਨੇਕ ਜਨਮਾਂ ਦੇ। ਭੁੰਚੰਤੇ–ਭੋਗਦੇ ਹਨ। ਮਹੀ ਪਤੇ–ਧਰਤੀ ਦੇ ਰਾਜੇ। ਬਿਪਰੀਤ ਬੁਧੰ–(ਬੁਧਿਅੰ ਬੋਲੋ) ਉਲਟੀ ਬੁੱਧੀ ਕਰਕੇ। ਮਾਰਤ–ਮਾਰਦੇ (ਜੁਲਮ ਕਰਦੇ)ਹਨ। ਲੋਕਹ–ਲੋਕਾਂ ਨੂੰ {ਰਾਜ ਤੇ ਕੀਟ ਕੀਟ ਤੇ ਸੁਰਪਤਿ, ਕਰਿ ਦੋਖ ਜਠਰ ਕਉ ਭਰਤੇ ੧੨੬੭}। ਚਿਰੰਕਾਲ–ਬਹੁਤ ਦੇਰ ਤੱਕ। ਭੋਗਤੇ–ਭੋਗਦੇ ਹਨ।੨੪।
ਵਿਆਖਿਆ = ਹਰੀ ਲਾਲ,ਕ੍ਰਿਸ਼ਨ ਲਾਲ ਨੇ ਗੁਰੂ ਜੀ ਨੂੰ ਪੁਛਿਆ ਕਿ ਬਹੁਤ ਲੋਕ ਭਜਨ ਤੋਂ ਹੀਣੇ ਵੀ ਚੰਗਾ ਚੋਖਾ ਖਾਂਦੇ ਤੈ ਐਸ਼ ਵਾਲਾ ਜੀਵਨ ਬਤੀਤ ਕਰਦੇ ਹਨ। ਤਾਂ ਗੁਰੂ ਜੀ ਨੇ ਕਿਹਾ ਕਿ ਤਪੋਂ ਰਾਜ ਰਾਜੋਂ ਨਰਕ। ਪੁੰਨ ਦਾਨ ਕਰਕੇ ਰਾਜ ਮਿਲਦਾ ਹੈ। ਰਾਜੇ ਰਾਜ ਮਦ ਅਤੇ

ਐਸ਼ ਪ੍ਰਸਤੀ ਵਿਚ ਪੈ ਕੇ ਪੁਤ੍ਰਾਂ ਵਰਗੀ ਪਰਜਾ ਨੂੰ ਦੁਖੀ ਕਰਦੇ ਹਨ। ਜਿਸ ਤੇ ਰਾਜਿਆਂ ਨੂੰ ਕੀਤੇ ਕਰਮਾਂ ਦੀ ਸਜਾ ਨਰਕਾਂ ਵਿਚ ਦੁਖ ਭੋਗਣ ਦੇ ਰੂਪ ਵਿਚ ਮਿਲਦੀ ਗੁਰੂ ਜੀ ਨੇ ਦਸੀ ਹੈ।੨੪।

ਬ੍ਰਿਥਾ ਅਨੁਗ੍ਰਹੰ ਗੋਬਿੰਦਹ, ਜਸੵ ਸਿਮਰਣ ਰਿਦੰਤਰਹ ॥ ਜਿਨ੍ਹਾਂ ਦੇ ਹਿਰਦੇ ਅੰਦਰ (ਗੋਬਿੰਦ ਦਾ) ਸਿਮਰਨ ਹੈ, ਉਹ ਪੀੜ (ਦੁੱਖ ਦਰਦ) ਨੂੰ ਵੀ ਗੋਬਿੰਦ ਦੀ ਕਿਰਪਾ ਸਮਝਦੇ ਹਨ (ਸ਼ਬਦਾਰਥ; ਭਾ:ਵੀਰ ਸਿੰਘ); ਉਹ ਮਨੁੱਖ ਪ੍ਰਭੂ ਦੀ ਕ੍ਰਿਪਾ ਤੋਂ (ਬ੍ਰਿਥਾ) ਵਾਂਝੇ ਹਨ, ਜਿਨ੍ਹਾਂ ਦੇ ਰਿਦੇ ਵਿਚ ਸਿਮਰਨ ਦਾ (ਭੇਦ) ਅੰਤਰਾ ਹੈ ਭਾਵ ਸਿਮਰਨ ਨਹੀਂ ਕਰਦੇ (ਦਰਪਣ ਨੇ ਵੀ ਇਸ ਨਾਲ ਮਿਲਦਾ ਅਰਥ ਕੀਤਾ ਹੈ)।

ਆਰੋਗੵ ਮਹਾ ਰੋਗੵ ,ਬਿਸਿਮ੍ਰਿਤੇ ਕਰੁਣਾਮਯਹ ॥੨੫॥ (ਉਹ ਪੁਰਖ) ਜੇ ਮਹਾਂ ਰੋਗੀ ਵੀ ਹੋਣ, ਫਿਰ ਵੀ ਅਪਣੇ ਆਪ ਨੂੰ ਅਰੋਗ ਹੀ ਮੰਨਦੇ ਹਨ, ਕਿਉਂਕਿ ਉਹ ਵਿਸ਼ੇਸ਼ ਕਰਕੇ ਦਇਆ ਦੇ ਸਰੂਪ ਪ੍ਰਭੂ ਨੂੰ ਸਿਮਰਦੇ ਹਨ; ਜੋ ਅਰੋਗੀ ਬੰਦੇ ਕ੍ਰਿਪਾ ਸਰੂਪ ਪ੍ਰਮਾਤਮਾ ਦਾ ਸਿਮਰਣ ਨਹੀ ਕਰਦੇ, (ਉਹ ਅਰੋਗ ਹੁੰਦੇ ਹੋਏ ਵੀ) ਮਹਾਂ ਰੋਗੀ ਹਨ (ਟਕਸਾਲ; ਫ.ਸ.; ਸੰ. ਸ. ਨੇ ਦੋਵੇਂ ਅਰਥ ਕੀਤੇ ਹਨ)।੨੫।

ਪਦਾਰਥ = ਬ੍ਰਿਥਾ–ਪੀੜਾ (ਦਰਦ); ਖਾਲੀ; ਬਾਂਝਾ।ਅਨੁਗ੍ਰਹ–ਕਿਰਪਾ।ਗੋਬਿੰਦਹ–ਗੋਬਿੰਦ ਦੀ।ਜਸੵ–ਜਿਨ੍ਹਾ ਦੇ।ਰਿਦੰਤਰਹ–ਹਿਰਦੇ ਵਿਚ ਭੇਦ (ਅੰਤਰ); ਹਿਰਦੇ ਵਿਚ।ਆਰੋਗੵੰ ਨੂੰ ਆਰੋਗਿਅੰ ਅਤੇ ਰੋਗੵੰ ਨੂੰ ਰੋਗਿਅੰ ਪੜ੍ਹਨਾ ਹੈ।ਬਿਸਿਮ੍ਰਿਤੇ–ਵਿਸ਼ੇਸ਼ ਕਰਕੇ ਸਿਮਰਦੇ ਹਨ; ਨਹੀਂ ਸਿਮਰਦੇ; ਭੁਲਾ ਦੇਂਦੇ ਹਨ।ਕਰੁਣਾਮਯਹ–(ਕਰੁਣਾ ਮਇਅਹ ਪੜ੍ਹੋ) ਕਿਰਪਾ ਸਰੂਪ ਪ੍ਰਭੂ ਦਾ।੨੫।

ਰਮਣੰ ਕੇਵਲੰ ਕੀਰਤਨੰ, ਸੁਧਰਮੰ ਦੇਹ ਧਾਰਣਹ ॥ ਮਨੁੱਖਾ ਦੇਹ ਧਾਰਨ ਦਾ ਉਤਮ ਧਰਮ ਕੇਵਲ (ਹਰੀ ਦਾ ਨਾਮ) ਸਿਮਰਨ ਅਤੇ ਕੀਰਤਨ ਕਰਨਾ ਹੈ।

ਅੰਮ੍ਰਿਤ ਨਾਮੁ ਨਾਰਾਇਣ ਨਾਨਕ, ਪੀਵਤੰ ਸੰਤ ਨ ਤ੍ਰਿਪੵਤੇ ॥੨੬॥ ਗੁਰੂ ਜੀ ਕਹਿੰਦੇ ਹਨ, ਹਰੀ ਦੇ ਅੰਮ੍ਰਿਤ ਨਾਮ ਨੂੰ ਪੀਂਦੇ ਹੋਏ ਸੰਤ ਰੱਜਦੇ ਨਹੀ (ਸਦਾ ਨਾਮ ਅੰਮ੍ਰਿਤ ਦੀ ਪਿਆਸ ਲੱਗੀ ਰਹਿੰਦੀ ਹੈ, ਜਿਉਂ ਜਿਉਂ ਪੀਂਦੇ ਹਨ, ਛੱਡਣ ਨੂੰ ਜੀ ਨਹੀ ਕਰਦਾ)।੨੬।

ਪਦਾਰਥ = ਰਮਣੰ–ਭਜਨ ਕਰਨਾ।ਸੁਧਰਮੰ–ਸ੍ਰੇਸ਼ਟ ਧਰਮ।ਦੇਹ–ਮਨੁੱਖਾ ਸਰੀਰ।ਧਾਰਣਹ–ਧਾਰਨ ਕਰਨ ਦਾ।ਪੀਵਤੰ–ਪੀਂਦੇ ਹੋਏ।ਨ ਤ੍ਰਿਪੵਤੇ–(ਤ੍ਰਿਪਿਅਤੇ ਉਚਾਰੋ) ਰੱਜਦੇ ਨਹੀਂ।੨੬।

ਸਹਣ ਸੀਲ ਸੰਤੰ, ਸਮ ਮਿਤ੍ਰਸੵ ਦੁਰਜਨਹ ॥ ਸੰਤਾਂ ਦਾ ਸ਼ਾਂਤ ਸੁਭਾਓ (ਦੂਜਿਆਂ ਦੀ ਵਧੀਕੀ) ਸਹਾਰਨ ਵਾਲਾ ਹੁੰਦਾ ਹੈ, (ਉਨ੍ਹਾਂ ਲਈ) ਮਿਤ੍ਰ ਤੇ ਵੈਰੀ (ਬੁਰੇ ਬੰਦੇ) ਇਕੋ ਜਿਹੇ ਹਨ।

ਨਾਨਕ ਭੋਜਨ ਅਨਿਕ ਪ੍ਰਕਾਰੇਣ, ਨਿੰਦਕ ਆਵਧ ਹੋਇ ਉਪਤਿਸਟਤੇ ॥੨੭॥ ਗੁਰੂ ਜੀ ਆਖਦੇ ਹਨ ਕਿ ਭਾਵੇਂ ਕੋਈ (ਉਨ੍ਹਾਂ ਸੰਤਾਂ ਲਈ) ਅਨੇਕ ਤਰ੍ਹਾਂ ਦੇ ਭੋਜਨ ਅਰਪਣ ਕਰੇ, (ਭਾਵੇਂ ਕੋਈ) ਨਿੰਦਕ ਮਾਰਨ ਲਈ ਹਥਿਆਰ (ਖਿੱਚ ਕੇ) ਨੇੜੇ ਖੜਾ ਹੋਵੇ; ਹੇ ਨਾਨਕ! ਮਿਤ੍ਰ ਤਾਂ ਕਈ ਤਰ੍ਹਾਂ ਦੇ ਭੋਜਨ ਲਈ ਲੈ ਕੇ ਸੰਤਾਂ ਕੋਲ ਜਾਂਦੇ ਹਨ, ਪਰ ਨਿੰਦਕ ਮਾਰਨ ਲਈ ਸ਼ਸ਼ਤ੍ਰ ਲੈ ਕੇ ਸੰਤਾਂ ਕੋਲ ਜਾਂਦੇ ਹਨ।੨੭।

ਪਦਾਰਥ = ਸਹਣ–ਸਹਿਨ ਕਰਨ ਵਾਲਾ।ਸੀਲ–ਸ਼ਾਂਤ ਸੁਭਾਵ।ਦੁਰਜਨਹ–ਭੈੜੇ ਮਨੁੱਖ।ਸਮ–ਬਰਾਬਰ; ਇਕੋ ਜਿਹਾ।ਦੁਰਜਨਹ–ਭੈੜੇ ਮਨੁੱਖ।ਪ੍ਰਕਾਰੇਣ–ਪ੍ਰਕਾਰ ਦੇ।ਆਵਧ–ਹਥਿਆਰ।ਉਪਤਿਸਟਤੇ–ਨੇੜੇ ਖੜਾ ਹੋਵੇ।੨੭।

ਵਿਆਖਿਆ = ਸ਼ਰਧਾਲੂ ਸੰਤਾਂ ਦੀ ਖੁਸ਼ੀ ਲੈਣ ਲਈ ਭੋਜਨ ਲੈ ਕੇ ਖੜਾ ਹੈ, ਦੁਸ਼ਟ ਬੰਦੇ ਨਿਰਾਦਰ ਕਰਦੇ ਹਨ।ਸੰਤ ਅਡੋਲ ਚਿਤ ਅਨੰਦ ਵਿਚ ਰਹਿੰਦੇ ਹਨ, ਉਨ੍ਹਾਂ ਲਈ ਭੋਜਨ ਅਰਪਣ ਕਰਨ ਵਾਲਾ ਸ਼ਰਧਾਲੂ ਅਤੇ ਮਾਰਨ ਵਾਲਾ ਨਿੰਦਕ ਇਕ ਬਰਾਬਰ ਹਨ।੨੭।

ਤਿਰਸਕਾਰ ਨਹ ਭਵੰਤਿ, ਨਹ ਭਵੰਤਿ ਮਾਨ ਭੰਗਨਹ ॥(ਸੰਤਾਂ ਦਾ) ਨਿਰਾਦਰ ਨਹੀ ਹੁੰਦਾ ਅਤੇ ਨਾ ਹੀ ਉਨ੍ਹਾਂ ਦਾ ਸਨਮਾਨ ਭੰਗ (ਅਪਮਾਨ) ਹੁੰਦਾ ਹੈ; (ਸੰਤਾਂ ਦਾ) ਇਸ ਲੋਕ ਵਿਚ ਨਿਰਾਦਰ ਨਹੀ ਹੁੰਦਾ, ਨਾ ਹੀ ਪ੍ਰਲੋਕ ਵਿਚ ਅਪਮਾਨ ਹੁੰਦਾ ਹੈ (ਫ.ਸ.; ਸੰ.ਸ.)।

ਸੋਭਾ ਹੀਨ ਨਹ ਭਵੰਤਿ,ਨਹ ਪੋਹੰਤਿ ਸੰਸਾਰ ਦੁਖਨਹ ॥ ਸੰਤ ਸੋਭਾ ਤੋਂ ਹੀਣ (ਬਿਨਾ) ਨਹੀ ਹੁੰਦੇ, ਸੰਸਾਰ ਦਾ ਦੁੱਖ ਉਨ੍ਹਾਂ ਨੂੰਨਹੀ ਪੋਂਹਦਾ ਭਾਵ ਅਸਰ ਨਹੀ ਕਰਦਾ।

ਗੋਬਿੰਦ ਨਾਮ ਜਪੰਤਿ, ਮਿਲਿ ਸਾਧ ਸੰਗਹ, ਨਾਨਕ ਸੇ ਪ੍ਰਾਣੀ ਸੁਖ ਬਾਸਨਹ ॥੨੮॥ ਜੋ ਮਨੁੱਖ (ਇਹੋ ਜਿਹੇ) ਸਾਧੂਆਂ ਦੀ ਸੰਗਤ ਵਿਚ ਮਿਲ ਕੇ ਵਾਹਿਗੁਰੂ ਦਾ ਨਾਮ ਜਪਦੇ ਹਨ, ਗੁਰੂ ਜੀ ਆਖਦੇ ਹਨ ਉਹ ਮਨੁੱਖ ਸੁਖਾਂ ਵਿਚ ਵਸਦੇ ਹਨ ਜਾਂ ਸੁਖਾਂ ਦੇ ਪਾਤ੍ਰ ਹਨ।੨੮।

ਪਦਾਰਥ = ਤਿਰਸਕਾਰ–ਨਿਰਾਦਰ।ਨਹ ਭਵੰਤਿ–ਨਹੀਂ ਹੁੰਦਾ।ਮਾਨ–ਸਨਮਾਨ।ਭੰਗਨਹ–ਨਾਸ਼ ਹੋਣਾ।ਨਹ ਪੋਹੰਤਿ–ਨਹੀਂ ਪੋਂਹਦਾ; ਅਸਰ ਨਹੀ ਕਰਦਾ।ਸਾਧ ਸੰਗਹ–ਸਾਧੂਆਂ ਦੀ ਸੰਗਤ ਵਿਚ।ਸੇ ਪ੍ਰਾਣੀ–ਉਹ ਮਨੁੱਖ।ਸੁਖ ਬਾਸਨਹ–ਸੁਖਾਂ ਵਿਚ ਵਸਦੇ ਹਨ; ਸੁਖਾਂ ਦੇ ਪਾਤ੍ਰ (ਬਾਸਨ–ਪਾਤ੍ਰ; ਭਾਂਡਾ)।੨੮।

ਵਿਆਖਿਆ = ਸਤਾਈਵੇਂ ਸਲੋਕ ਵਿਚ ਸੰਤਾਂ ਦੀ ਸਮ ਦ੍ਰਿਸਟੀ ਦਸੀ ਹੈ, ਇਸ ਕਰਕੇ ਸਭ ਥਾਂਵਾਂ ਤੇ ਉਨ੍ਹਾਂ ਦਾ ਆਦਰ ਹੁੰਦਾ ਹੈ।ਨਾਮ ਦੀ ਬਰਕਤ ਕਰਕੇ ਸੁਖ ਅਨੰਦ ਵਿਚ ਰਹਿੰਦੇ ਹਨ, ਸੰਸਾਰ ਦੇ ਦੁੱਖ ਸੰਤਾਂ ਨੂੰ ਨਹੀਂ ਪੋਹ ਸਕਦੇ।੨੮।

ਸੈਨਾ ਸਾਧ ਸਮੂਹ ਸੂਰ ਅਜਿਤੰ, ਸੰਨਾਹੰ ਤਨਿ ਨਿੰਮ੍ਰਤਾਹ ॥ ਸਾਧੂਆਂ ਦਾ ਸਮਦਾਇ ਨਾ ਜਿੱਤੇ ਜਾਣ ਵਾਲੇ ਸੂਰਮਿਆਂ ਦੀ ਫੌਜ ਹੈ, (ਉਨ੍ਹਾਂ ਸੰਤਾਂ ਨੇ) ਸਰੀਰ ਤੇ ਨਿਮ੍ਰਤਾ ਰੂਪ ਸੰਜੋਅ (ਪਹਿਨੀ ਹੋਈ) ਹੈ, (ਤਾਂ ਕਿ ਈਰਖਾਲੂਆਂ ਦਾ ਤਰਕ ਰੂਪ ਕੋਈ ਸ਼ਸ਼ਤ੍ਰ ਨਾ ਲੱਗੇ)।

ਆਵਧਹ ਗੁਣ ਗੋਬਿੰਦ ਰਮਣੰ, ਓਟ ਗੁਰ ਸਬਦ ਕਰ ਚਰਮਣਹ ॥ ਗੋਬਿੰਦ ਦੇ ਗੁਣਾਂ ਦਾ ਉਚਾਰਨ (ਉਨ੍ਹਾਂ ਕੋਲ) ਹਥਿਆਰ ਹਨ।(ਸੰਤਾਂ

ਨੇ ਵਿਕਾਰਾਂ ਦੇ ਸ਼ਸ਼ਤ੍ਰਾਂ ਦੇ ਬਚਾਓ ਤੋਂ) ਗੁਰੂ ਦੇ ਸ਼ਬਦ ਦੀ ਓਟ ਉਨ੍ਹਾ ਦੇ ਹੱਥ ਵਿਚ ਢਾਲ (ਗੈਂਡੇ ਦੇ ਚੰਮ ਦੀ ਮਾਨੋ ਫੜੀ ਹੋਈ) ਹੈ।

ਆਰੂੜਤੇ ਅਸ੍ਵ ਰਥ ਨਾਗਹ, ਬੁਝੰਤੇ ਪ੍ਰਭ ਮਾਰਗਹ ॥ ਸੰਤ ਪ੍ਰਭੂ ਪ੍ਰਾਪਤੀ ਦੇ ਰਸਤੇ ਨੂੰ ਸਮਝਦੇ ਹਨ, (ਇਹ ਮਾਨੋਂ ਉਹ) ਘੋੜਿਆਂ, ਰਥਾਂ ਅਤੇ ਹਾਥੀਆਂ ਤੇ ਚੜ੍ਹਦੇ(ਸਵਾਰ ਹੁੰਦੇ) ਹਨ (ਹਰੀ ਦੇ ਮਾਰਗ ਨੂੰ ਬੁਝਣਾ ਸੰਤਾਂ ਕੋਲ ਘੋੜ ਸਵਾਰ ਸੈਨਾ, ਹਾਥੀਆਂ ਦੀ ਅਤੇ ਰਥਾਂ ਵਾਲੀ ਸੈਨਾ ਹੈ)।

ਬਿਚਰਤੇ ਨਿਰਭਯੰ ਸਤ੍ਰ ਸੈਨਾ, ਧਾਯੰਤੇ ਗੁੋਪਾਲ ਕੀਰਤਨਹ ॥ (ਕਾਮਾਦਿਕਾਂ) ਵੈਰੀਆਂ ਦੀ ਸੈਨਾ ਵਿਚ ਨਿਰਭੈ ਹੋ ਕੇ ਖੁਲ੍ਹਾ ਫਿਰਦੇ ਹਨ (ਵੈਰੀਆਂ ਦੇ ਝੁੰਡ ਵਿਚ ਜਾ ਵੜਦੇ ਹਨ, ਵੈਰੀਆਂ ਦਾ ਕੋਈ ਚਾਰਾ ਨਹੀਂ ਚਲਦਾ, ਉਚੀ ਧੁਨ ਵਿਚ) ਪ੍ਰਮਾਤਮਾ ਦਾ ਕੀਰਤਨ ਕਰਨਾ ਧਾਵਾ ਕਰਦੇ (ਬੋਲਦੇ) ਹਨ।

ਜਿਤਤੇ ਬਿਸ੍ਵ ਸੰਸਾਰਹ, ਨਾਨਕ ਵਸ੍ਯੰ ਕਰੋਤਿ ਪੰਚ ਤਸਕਰਹ ॥੨੯॥ ਸਾਰੇ ਸੰਸਾਰ ਨੂੰ ਜਿਤ ਲੈਂਦੇ ਹਨ, ਨਾਨਕ ਗੁਰੂ ਜੀ ਆਖਦੇ ਹਨ (ਇਸ ਤਰ੍ਹਾਂ ਸੰਤ) ਪੰਜ ਚੋਰਾਂ (ਕਾਮਾਦਿਕਾਂ) ਨੂੰ ਅਪਣੇ ਵਸ ਵਿਚ ਕਰ ਲੈਂਦੇ ਹਨ।੨੯।

ਪਦਾਰਥ = ਸੈਨਾ-ਫੌਜ।ਸਾਧ ਸਮੂਹ-ਸਾਧੂਆਂ ਦਾ ਸਮਦਾਇ (ਅਖਾੜਾ)।ਸੂਰ ਅਜਿਤੰ-ਨਾ ਜਿੱਤੇ ਜਾਣ ਵਾਲੇ ਸੂਰਮਿਆਂ ਦੀ।ਸੰਨਾਹੰ-ਸੰਜੋਅ (ਲੋਹੇ ਦਾ ਪਹਿਨਿਆ ਬਸਤ੍ਰ)।ਤਨਿ-ਸਰੀਰ ਉਤੇ।ਨਿਮ੍ਰਤਾਹ-ਨਿਮ੍ਰਤਾ ਦੀ।ਆਵਧਹ-ਹਥਿਆਰ।ਰਮਣੰ-ਸਿਮਰਨ ਕਰਨਾ। ਕਰ-ਹੱਥਾਂ ਵਿਚ।ਚਰਮਣਹ-(ਗੈਂਡੇ ਦੇ ਚੰਮ ਦੀ ਬਣੀ) ਢਾਲ।ਆਰੂੜਤੇ-ਚੜ੍ਹਦੇ (ਸਵਾਰ ਹੁੰਦੇ) ਹਨ।ਅਸ੍ਵ-(ਅਸੁਅ ਪੜ੍ਹਨਾ ਚਾਹੀਦਾ ਹੈ ਪਰ ਆਮ ਅਸਵ ਹੀ ਪੜ੍ਹਿਆ ਜਾਂਦਾ ਹੈ) ਘੋੜੇ।ਨਾਗਹ-ਹਾਥੀ।ਬੁਝੰਤੇ-ਸਮਝਦੇ ਹਨ।ਬਿਚਰਤੇ-ਖੁਲ੍ਹਾ ਫਿਰਦੇ ਹਨ।ਨਿਰਭਯੰ ਨੂੰ ਨਿਰਭਇਅੰ ਪੜ੍ਹਨਾ ਹੈ।ਧਾਯੰਤੇ-(ਧਾਇਅੰਤੇ ਪੜ੍ਹਨਾ ਹੈ) ਹੱਲਾ ਬੋਲਦੇ ਹਨ।ਜਿਤਤੇ-ਜਿੱਤਦੇ ਹਨ।ਬਿਸ੍ਵ ਸੰਸਾਰਹ-(ਬਿਸ੍ਵ ਦਾ ਵਾਵਾ ਅੱਧਾ ਬੋਲੋ, ਬਿਸੁਅ ਵਾਂਗ ਪੜ੍ਹੋ, ਪੈਰ ਵਾਲਾ ਵਾਵਾ ਔਂਕੁੜ ਦੇ ਰੂਪ ਵਿਚ ਬੋਲਦਾ ਹੈ, ਪਰ ਆਮ ਬਿਸਵ ਹੀ ਪੜ੍ਹਿਆ ਜਾਂਦਾ ਹੈ) ਸਾਰੇ ਵਿਸ਼ਵ ਸੰਸਾਰ ਨੂੰ।ਵਸ੍ਯੰ ਕਰੋਤਿ-(ਵਸਿਅੰ ਉਚਾਰੋ) ਕਾਬੂ ਕਰਦੇ ਹਨ।ਪੰਚ ਤਸਕਰਹ-ਪੰਜ ਕਾਮ ਆਦਿਕ ਚੋਰਾਂ ਨੂੰ।੨੯।

ਵਿਆਖਿਆ = ਸੰਤਾਂ ਨੂੰ ਫੌਜ ਦੀ ਉਪਮਾ ਦੇ ਕੇ ਪਰਮਾਰਥ ਦੇ ਰਸਤੇ ਆਉਣ ਵਾਲੇ ਕਾਮ ਆਦਿਕਾਂ ਦੀ ਫੌਜ ਨਾਲ ਨਿਰਭੈ ਹੋ ਕੇ ਲੜਦੇ ਦਸਿਆ ਹੈ।ਸੰਤ ਅਜਿੱਤ ਬਹਾਦਰ ਰਾਜੇ ਬਣ ਜਾਂਦੇ ਹਨ।੨੯।

ਮ੍ਰਿਗ ਤ੍ਰਿਸਨਾ ਗੰਧਰਬ ਨਗਰੰ,ਦ੍ਰੁਮ ਛਾਯਾ ਰਚਿ ਦੁਰਮਤਿਹ ॥ਜਿਵੇਂ ਮ੍ਰਿਗ ਲਈ ਮਾਰੂ ਥਲ ਵਾਲਾ ਜਲ (ਭਰਮ ਦੇ ਕਾਰਣ ਸੱਚਾ ਭਾਸਦਾ ਹੈ, ਪਰ) ਹੈ ਝੂਠਾ (ਤਿਵੇਂ ਪਦਾਰਥਾਂ ਦੀ ਲਾਲਸਾ ਝੂਠੀ ਹੈ), ਜਿਵੇਂ ਗਰਮੀ ਦੇ ਸਮੇਂ ਮਾਰੂ ਥਲਾਂ ਵਰਗੀਆਂ ਥਾਵਾਂ ਤੇ ਅਕਾਸ਼ ਵਿਚ ਭਰਮ ਕਰਕੇ ਇਕ ਪਿੰਡ ਪ੍ਰਤੀਤ ਹੁੰਦਾ ਹੈ, ਪਰ ਝੂਠਾ ਹੀ ਦਿਖਦਾ ਹੈ (ਇਸੇ ਤਰ੍ਹਾਂ ਦਾ ਇਹ ਜਗਤ ਹੈ)।ਬ੍ਰਿਛ ਦੀ ਛਾਂ ਨੂੰ ਸਦਾ ਟਿਕੀ ਰਹਿਣ ਵਾਲੀ ਜਾਣਦਾ ਹੈ, ਮਾਇਆ ਵੀ ਰੁੱਖ ਦੀ ਛਾਂ ਵਾਂਗ ਹੈ।

ਬਿਰਖ ਕੀ ਛਾਇਆ ਸਿਉ ਰੰਗੁ ਲਾਵੈ।ਓਹ ਬਿਨਸੈ ਉਹੁ ਮਨਿ ਪਛਤਾਵੈ ੨੬੮

ਖਿਨ ਮਹਿ ਝੂਠੁ ਸਭੁ ਬਿਨਸਿ ਜਾਇ, ਜਿਉ ਟਿਕੈ ਨ ਬਿਰਖ ਕੀ ਛਾਉ ੭੮੬

(ਬ੍ਰਿਛ ਦੀ ਛਾਂ ਸਵੇਰੇ ਕਿਤੇ, ਦੁਪਹਿਰੇ ਕਿਤੇ,ਸ਼ਾਮ ਨੂੰ ਸੂਰਜ ਛਿਪਿਆਂ ਖਤਮ ਹੋ ਜਾਂਦੀ ਹੈ।ਤਿਵੇਂ ਸੰਸਾਰਕ ਸਬੰਧ ਤੇ ਮੋਹ ਦੇ ਪਸਾਰੇ ਇਕ ਰਸ ਨਹੀਂ ਰਹਿੰਦੇ, ਕਦੇ ਖੁਸ਼ੀ ਕਦੇ ਗਮੀ, ਨਾਸ਼ਵੰਤ ਚੀਜਾਂ ਵਿਚ ਫਸ ਕੇ ਹਰੀ ਨੂੰ ਭੁੱਲੀ ਫਿਰਦਾ ਹੈ, ਪਰ) ਖੋਟੀ ਬੁਧੀ ਵਾਲਾ ਮਨੁੱਖ ਇਸੇ ਤਰ੍ਹਾਂ ਝੂਠੀਆਂ ਚੀਜਾਂ ਵਿਚ ਫਸਿਆ ਹੋਇਆ ਹੈ ਜਾਂ ਇਨ੍ਹਾਂ ਨਾਸ਼ਵੰਤ ਚੀਜਾਂ ਵਿਚ ਫਸ ਕੇ (ਮਨੁੱਖ) ਖੋਟੀ ਬੁਧੀ ਵਾਲਾ ਬਣ ਜਾਂਦਾ ਹੈ।

ਤਤਹ ਕੁਟੰਬ ਮੋਹ ਮਿਥਿਆ,ਸਿਮਰੰਤਿ ਨਾਨਕ ਰਾਮ ਰਾਮ ਨਾਮਹ ॥੩੦॥ ਤਿਵੇਂ ਹੀ ਪ੍ਰਵਾਰ ਦਾ ਮੋਹ ਝੂਠਾ ਹੈ, ਨਾਨਕ ਗੁਰੂ ਜੀ ਆਖਦੇ ਹਨ, (ਇਹ ਸਭ ਝੂਠੀਆਂ ਚੀਜਾਂ ਨੂੰ ਛੱਡ ਕੇ ਸੰਤ) ਸਾਰੇ ਰਮੇ ਹੋਏ (ਵਿਆਪਕ) ਰਾਮ ਦੇ ਨਾਮ ਦਾ ਸਿਮਰਨ ਕਰਦੇ ਹਨ।੩੦।

ਪਦਾਰਥ = ਮ੍ਰਿਗ ਤ੍ਰਿਸਨਾ-ਹਿਰਨ ਦੀ ਪਿਆਸ।ਗੰਧਰਬ ਨਗਰੰ-ਅਕਾਸ਼ ਵਿਚ ਮਿਥੀ ਹੋਈ ਕਲਪਤ ਨਗਰੀ।ਦ੍ਰੁਮ ਛਾਯਾ-ਬ੍ਰਿਛ ਦੀ ਛਾਂ।ਰਚਿ-ਫਸ ਕੇ।ਦੁਰਮਤਿਹ-ਖੋਟੀ ਬੁੱਧੀ ਵਾਲਾ ਮਨੁੱਖ।ਤਤਹ-ਤਿਵੇਂ; ਉਸੇ ਤਰ੍ਹਾਂ।ਕੁਟੰਬ-ਪ੍ਰਵਾਰ ਦਾ।ਮਿਥਿਆ-ਝੂਠ; ਨਾਸ਼ਵੰਤ। ਰਾਮ ਰਾਮ ਨਾਮਹ-ਸਰਬ ਵਿਆਪਕ ਪ੍ਰਭੂ ਦਾ ਨਾਮ।੩੦।

ਵਿਆਖਿਆ = ਰੇਤਲੇ ਮੈਦਾਨਾਂ ਵਿਚ ਦੁਪਹਿਰ ਵੇਲੇ ਸੂਰਜ ਦੀਆਂ ਕਿਰਣਾਂ ਰੇਤ ਉਤੇ ਪੈਂਦੀਆਂ ਹਨ, ਤਾਂ ਮ੍ਰਿਗ ਆਦਿਕ ਜਾਨਵਰਾਂ ਨੂੰ ਪਾਣੀ ਭਾਸਦਾ ਹੈ।ਤ੍ਰੇਹ ਦਾ ਮਾਰਿਆ ਹਿਰਣ ਪਾਣੀ ਵਲ ਦੌੜਦਾ ਹੈ, ਪਰ ਪਾਣੀ ਅੱਗੇ ਅੱਗੇ ਚਲਦਾ ਪ੍ਰਤੀਤ ਹੁੰਦਾ ਹੈ।ਇਸ ਤਰ੍ਹਾ ਤੜਪ ਕੇ ਮਰ ਜਾਂਦਾ ਹੈ।ਸੂਰਜ ਦੇ ਢਲਿਆਂ ਅਸਲੀਅਤ ਦਾ ਪਤਾ ਲਗਦਾ ਹੈ।ਮਾਯਾ ਦੇ ਭਰਮ ਕਰਕੇ ਪਦਾਰਥਾਂ ਨੂੰ ਭੋਗਣ ਦੀ ਲਾਲਸਾ ਪੈਦਾ ਹੁੰਦੀ ਹੈ ਜੋ ਮ੍ਰਿਗ ਤ੍ਰਿਸ਼ਨਾ ਵਾਂਗ ਅਸੱਤ (ਅਨਿਸਥਿਰ ਭੋਗਾਂ ਲਈ ਮ੍ਰਿਗ ਤ੍ਰਿਸ਼ਨਾ ਵਰਤਿਆ) ਹੈ।ਮਨੁੱਖ ਨਾਸ਼ਵੰਤ ਚੀਜਾਂ ਵਿਚ ਫਸ ਕੇ ਵਾਹਿਗੁਰੂ ਤੋਂ ਬੇਮੁੱਖ ਹੋ ਰਿਹਾ ਹੈ।੩੦।

ਨਚ ਬਿਦਿਆ ਨਿਧਾਨ ਨਿਗਮੰ,ਨਚ ਗੁਣਗ੍ਯ ਨਾਮ ਕੀਰਤਨਹ ॥ ਹੇ ਹਰੀ! (ਮੇਰੇ ਕੋਲ) ਨਾ ਹੀ ਵੇਦ ਵਿਦਿਆ ਦਾ ਖਜਾਨਾ ਹੈ, ਗੁਣਾਂ ਦਾ ਗਿਆਤਾ ਵੀ ਨਹੀਂ, ਨਾ ਨਾਮ (ਜਪਦਾ ਹਾਂ) ਨਾ ਕੀਰਤਨ (ਕਰਦਾ ਹਾਂ)।

ਨਚ ਰਾਗ ਰਤਨ ਕੰਠੰ,ਨਹ ਚੰਚਲ ਚਤੁਰ ਚਾਤੁਰਹ ॥ ਮੇਰਾ ਕੰਠ (ਗਲਾ) ਵੀ ਕੀਮਤੀ ਰਾਗ (ਗਾਉਣ ਵਾਲਾ ਰਸੀਲਾ) ਨਹੀਂ ਹੈ, ਨਾ ਵਿਹਾਰ

ਵਿਚ ਚੰਚਲ (ਫੁਰਤੀ ਨਾਲ ਸੇਵਾ ਕਰਨ ਵਾਲਾ) ਹਾਂ, ਨਾ ਵਿਦਿਆ ਵਿਚ ਬੁਧੀਮਾਨ ਤੇ ਨਾ ਪ੍ਰਮਾਰਥ ਦੀ ਕਰਨੀ ਵਿਚ ਸਿਆਣਾ (ਭਾਵ ਗੁਣ ਹੀਣ) ਹਾਂ।

ਭਾਗ ਉਦਿਮ ਲਬਧੵੰ ਮਾਇਆ, ਨਾਨਕ ਸਾਧ ਸੰਗਿ ਖਲ ਪੰਡਿਤਹ ॥੩੧॥ਨਾਨਕ ਗੁਰੂ ਜੀ ਆਖਦੇ ਹਨ (ਹੇ ਪੰਡਤੋ ! ਅਜੇਹੇ ਗੁਣ ਹੀਣ ਮਨੁੱਖ ਦੇ ਜੇ) ਪੂਰਬਲੇ ਭਾਗ ਉਦੇ ਹੋ ਜਾਣ; ਤਾਂ ਸਾਧ ਸੰਗਤ ਨਾਲ ਮਿਲ ਕੇ (ਜਾਂ ਚੰਗੇ ਭਾਗਾਂ ਤੇ ਉਦਮ ਕਰਨ ਨਾਲ) ਮੂਰਖ ਵੀ ਪੰਡਤ (ਵਿਦਵਾਨ) ਹੋ ਜਾਂਦਾ ਹੈ ਤੇ ਮਾਇਆ ਵੀ ਲੱਭ(ਮਿਲ) ਜਾਂਦੀ ਹੈ।੩੧।ਦੂਜਾ ਅਰਥਃ- ਵੇਦਾਂ ਦੀ ਵਿਦਿਆ ਦਾ ਖਜਾਨਾ ਹਾਸਲ ਕਰਕੇ ਹਰੀ ਦੀ ਪ੍ਰਾਪਤੀ ਨਹੀਂ ਹੁੰਦੀ।ਗੁਣਾਂ ਦਾ ਗਿਆਤਾ (ਸਾਇੰਸਦਾਨ ਬਣ ਕੇ), ਦੇਵਤਿਆਂ ਦੇ ਨਾਵਾਂ ਦੇ ਮੰਤ੍ਰ (ਜਾਂ ਪਖੰਡ ਨਾਲ ਕੇਵਲ ਲੋਕ ਦਿਖਾਵੇ ਲਈ ਹੀ ਨਾਮ) ਜਪ ਕੇ, ਦੇਵਤਿਆਂ ਦੇ ਸਤੋਤਰ (ਵਿਸ਼ਨਪਦੇ ਆਦਿ) ਗਾਉਣ ਨਾਲ ਵੀ ਹਰੀ ਦੀ ਪ੍ਰਾਪਤੀ ਨਹੀਂ ਹੁੰਦੀ (ਤੋਤੇ ਮੈਨੇ ਮਿੱਠੇ ਗੀਤ ਗਾਉਂਦੇ ਹੀ ਹਨ)।ਰਾਗ ਅਤੇ ਰਾਗਾਂ ਦੇ ਪੁਤ੍ਰ (ਜਾਂ ਕੀਮਤੀ ਰਸੀਲੇ ਰਾਗਾਂ) ਦੇ ਗਾਉਣ ਕਰਕੇ ਅਤੇ ਰਸੀਲਾ ਕੰਠ ਹੋਣ ਕਰਕੇ ਵੀ ਹਰੀ ਨਹੀ ਮਿਲਦਾ।ਨਾਹੀ ਬਾਂਦਰ ਵਾਂਗ ਚੰਚਲ ਅਤੇ ਕਾਂ ਵਾਂਗ (ਵਿਹਾਰਾਂ ਵਿਚ) ਚਤਰ ਚਲਾਕ ਹੋਣ ਤੇ ਵੀ ਹਰੀ ਦੀ ਪ੍ਰਾਪਤੀ ਹੁੰਦੀ।ਜੇ ਮਨੁੱਖ ਦੇ ਭਾਗ ਜਾਗ ਪੈਣ (ਅਤੇ ਉਦਮ ਕਰਨ ਕਰਕੇ) ਅਤੇ ਸੱਤ ਸੰਗ ਕਰੇ ਤਾਂ ਮੂਰਖ ਵੀ ਵਿਦਵਾਨ ਬਣ ਜਾਂਦਾ ਹੈ, ਮਾਇਆ ਵੀ ਆ ਕੇ ਸੇਵਾ ਵਿਚ ਹਾਜਰ ਹੁੰਦੀ ਹੈ (ਟਕਸਾਲ ਤੇ ਸੰ. ਸ.)।੩੧।

ਪਦਾਰਥ = ਨਚ-ਨਹੀਂ; ਨਹੀ ਅਤੇ (ਦਰਪਣ)।ਨਿਧਾਨ-ਖਜਾਨਾ।ਨਿਗਮੰ-ਵੇਦ ਵਿੱਦਿਆ ਦਾ।ਗੁਣਗੵ-(ਗੁਣੱਗਿਅ ਉਚਾਰੋ, ਟਕਸਾਲ ਦਾ ਉਚਾਰਣ ਗੁਣੱਗ ਹੈ) ਗੁਣਾਂ ਦਾ ਗਿਆਤਾ।ਕੰਠੰ-ਕੰਠ (ਗਲਾ)।ਉਦਿਮ-ਉਦੇ (ਪ੍ਰਗਟ)ਹੋਣ ਤੇ; ਉਦਮ ਕਰਨ ਨਾਲ।ਲਬਧੵੰ-(ਲਬਧਿਅੰ ਬੋਲੋ) ਲੱਭ ਜਾਂਦੀ ਹੈ।ਖਲ-ਮੂਰਖ।ਪੰਡਿਤਹ-ਵਿਦਵਾਨ ਪੰਡਤ।੩੧।

ਕੰਠ ਰਮਣੀਯ ਰਾਮ ਰਾਮ ਮਾਲਾ,ਹਸਤ ਊਚ ਪ੍ਰੇਮ ਧਾਰਣੀ ॥ ਜੋ ਮਨੁੱਖ ਵਾਹਿਗੁਰੂ ਦਾ ਨਾਮ ਸਿਮਰਨ ਗਲੇ ਦੀ ਮਾਲਾ (ਬਣਾਉਂਦਾ) ਹੈ, ਮਨ ਵਿਚ ਹਰੀ ਪ੍ਰੇਮ ਧਾਰਨਾ ਹੀ ਉਨ੍ਹਾਂ ਦੀ ਗੋਮੁਖੀ ਹੈ।

ਜੀਹ ਭਣਿਜੋ ਉਤਮ ਸਲੋਕ,ਉਧਰਣੰ ਨੈਨ ਨੰਦਨੀ ॥੩੨॥ ਜੋ ਜੀਭ ਰਾਹੀਂ ਹਰੀ ਦੇ ਉਤਮ ਸਲੋਕ (ਜਸ) ਉਚਾਰਦਾ ਹੈ, ਉਹ ਅੱਖਾਂ ਨੂੰ ਅਨੰਦ ਦੇਣ ਵਾਲੀ ਮਾਇਆ ਤੋਂ ਬਚ ਜਾਂਦਾ ਹੈ।

ਪਦਾਰਥ = ਰਮਯੀਯ-(ਰਮਣੀਅ ਬੋਲੋ) ਜਪਣਾ; ਸੁੰਦਰ (ਨਾਮ ਸਿਮਰਨ ਹੀ ਸੁੰਦਰ ਮਾਲਾ ਹੈ)।ਹਸਤ ਊਚ-ਇਕ ਤਰ੍ਹਾਂ ਦੀ ਗੁੱਥਲੀ ਜਿਸਦਾ ਆਕਾਰ ਗਾਂ ਦੇ ਮੂੰਹ ਵਰਗਾ ਹੁੰਦਾ ਹੈ, ਇਸ ਵਿਚ ਹੱਥ ਪਾ ਕੇ ਗੁਪਤ ਤਰੀਕੇ ਨਾਲ ਮਾਲਾ ਫੇਰੀਦੀ ਹੈ, ਹਿੰਦੂ ਸਾਸਤ੍ਰਾਂ ਅਨੁਸਾਰ ਜਮੀਨ ਨਾਲ ਛੁਹਾਣ ਦੀ ਆਗਿਆ ਨਹੀਂ।ਹੱਥ ਉਚਾ ਚੁੱਕ ਕੇ ਛਾਤੀ ਨਾਲ ਲਾ ਕੇ ਜਪਣ ਦੀ ਆਗਿਆ ਹੈ, ਇਸ ਨੂੰ ਹਸਤ ਊਚ ਜਾਂ ਗੋ ਮੁਖੀ ਆਖਦੇ ਹਨ।ਧਾਰਣੀ-ਧਾਰਨ ਕਰਨਾ।ਜੀਹ-ਜੀਭ।ਭਣਿਜੋ-ਉਚਾਰਦਾ ਹੈ।ਉਧਰਣੰ-ਬਚ ਜਾਂਦਾ ਹੈ।ਨੈਨ ਨੰਦਨੀ-ਅੱਖਾਂ ਨੂੰ ਅਨੰਦ ਦੇਣ (ਸੋਹਣੀ ਲਗਣ) ਵਾਲੀ ਮਾਇਆ।੩੨।ਸਾਰ = ਮਾਲਾ ਦੀ ਥਾਂ ਨਾਮ ਜਪਣਾ ਚਾਹੀਦਾ ਹੈ ਅਤੇ ਗੋ ਮੁਖੀ ਦੀ ਥਾਂ ਹਰੀ ਦੇ ਪ੍ਰੇਮ ਨੂੰ ਦਿਲ ਵਿਚ ਟਿਕਾਓ।ਗੁਰ ਬਾਣੀ ਦਾ ਪਾਠ ਕਰੋ, ਮਾਯਾ ਤੋਂ ਬਚ ਜਾਓਗੇ।

ਗੁਰ ਮੰਤ੍ਰ ਹੀਣਸੵ ਜੋ ਪ੍ਰਾਣੀ,ਧ੍ਰਿਗੰਤ ਜਨਮ ਭ੍ਰਸਟਣਹ ॥ ਜੋ ਮਨੁੱਖ ਗੁਰ ਮੰਤ੍ਰ (ਗੁਰ ਦੀਖਿਆ) ਤੋਂ ਖਾਲੀ ਹੈ, ਉਸਦੇ ਜਨਮ ਨੂੰ ਧਿਰਕਾਰ ਹੈ, ਤੇ ਉਹ (ਸ੍ਰੇਸਟਾਚਾਰ ਤੋਂ) ਭ੍ਰਿਸਟਿਆ ਹੋਇਆ ਹੈ {ਜਿਉ ਨਿਗੁਰਾ ਬਹੁ ਬਾਤਾ ਜਾਣੈ, ਓਹੁ ਹਰਿ ਦਰਗਹ ਹੈ ਭ੍ਰਸਟੀ ੫੨੮}।

ਅੰਗ ੧੩੫੭ = ਕੂਕਰਹ ਸੂਕਰਹ ਗਰਧਭਹ ਕਾਕਹ, ਸਰਪਨਹ ਤੁਲਿ ਖਲਹ ॥੩੩॥ (ਐਸਾ ਨਿਗੁਰਾ) ਮਨੁੱਖ ਕੁੱਤੇ, ਸੂਰ, ਗਧੇ, ਕਾਵਾਂ, ਸੱਪਾਂ ਅਤੇ ਡੰਗਰਾਂ ਦੇ ਬਰਾਬਰ ਹੈ; ਉਹ ਮੂਰਖ ਮਨੁੱਖ ਕੁੱਤੇ, ਸੂਰ, ਗਧੇ, ਕਾਂ ਅਤੇ ਸੱਪਾਂ ਦੇ ਬਰਾਬਰ ਹੈ।ਸਰਪ ਨਹ (ਪਦ ਛੇਦ ਕਰਕੇ) ਅਰਥ ਬਣਦਾ ਹੈ = ਕਾਵਾਂ ਕੁੱਤਿਆਂ ਸੱਪਾਂ ਦੇ ਬਰਾਬਰ ਵੀ ਨਹੀ (ਭਾ:ਵੀਰ ਸਿੰਘ)।੩੩।

ਪਦਾਰਥ = ਹੀਣਸੵ-ਹੀਣ+ਅਸ-ਖਾਲੀ ਹੈ; ਸੱਖਣਾ ਹੈ।ਧ੍ਰਿਗੰਤ-ਧਿਰਕਾਰ (ਬਹੁਤ ਨਖਿੱਧ)।ਭ੍ਰਸਟਣਹ-ਗੰਦਾ; ਭ੍ਰਿਸਟਿਆ ਹੋਇਆ।ਕੂਕਰਹ-ਕੁੱਤੇ।ਸੂਕਰਹ-ਸੂਰ।ਗਰਧਭਹ-ਗਧਾ।ਕਾਕਹ-ਕਾਂ।ਸਰਪਨਹ-ਸੱਪ।ਤੁਲਿ-ਬਰਾਬਰ।ਖਲਹ-ਮੂਰਖ; ਡੰਗਰ।੩੩।

ਵਿਆਖਿਆ = ਜੇ ਮਨੁੱਖ ਜਨਮ ਲੈ ਕੇ ਪਸ਼ੂ ਬ੍ਰਿਤੀ ਰਖਦਾ ਹੈ, ਤਾਂ ਉਹ ਚੰਗਾ ਕਿਵੇਂ ਹੋਇਆ? ਕੁੱਤਾ ਰਾਖੀ ਕਰਦਾ ਹੈ, ਸੂਰ ਗੰਦਗੀ ਸਾਫ ਕਰਦਾ ਹੈ।ਖੋਤਾ ਭਾਰ ਢੋਂਦਾ ਹੈ, ਅਪਣੇ ਮਾਲਕ ਨੂੰ ਪਛਾਣਦਾ ਹੈ।ਕਾਂ ਸੁਨੇਹੇ ਲਿਜਾਣ ਲਈ ਮਸ਼ਹੂਰ ਹੈ ਅਤੇ ਅਪਣੀ ਜਾਤ ਦਾ ਭਲਾ ਕਰਦਾ ਹੈ, ਰੋਟੀ ਦੇਖ ਕੇ ਨਾਲ ਦੇ ਕਾਵਾਂ ਨੂੰ ਵੀ ਬੁਲਾ ਲੈਂਦਾ ਹੈ।ਸੋ ਨਿਗੁਰਾ ਮਨੁੱਖ ਸਭ ਤੋਂ ਮਾੜਾ ਹੈ, ਗਿਆਨ ਲੈ ਕੇ ਜਨਮ ਸਫਲ ਨਹੀਂ ਕਰਦਾ।੩੩।ਜੋ ਨ ਸੁਨਹਿ ਜਸੁ ਪਰਮਾਨੰਦਾ।ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ ੧੮੮; ਜਿਨ ਦਰਸਨੁ ਸਤਿਗੁਰ ਸਤਪੁਰਖ ਨ ਪਾਇਆ, ਤੇ ਭਾਗ ਹੀਣ ਜਮਿ ਮਾਰੇ।ਸੇ ਕੂਕਰ ਸੂਕਰ ਗਰਧਭ, ਪਵਹਿ ਗਰਭ ਜੋਨੀ, ਦਯਿ ਮਾਰੇ ਮਹਾ ਹਤਿਆਰੇ।(੪੯੩)

ਚਰਣਾਰਬਿੰਦ ਭਜਨੰ, ਰਿਦਯੰ ਨਾਮ ਧਾਰਣਹ ॥ ਜੋ ਮਨੁੱਖ ਪ੍ਰਭੂ ਦੇ ਚਰਨਾਂ ਕਮਲਾਂ ਨੂੰ ਸਿਮਰਦਾ ਹੈ ਅਤੇ ਹਿਰਦੇ ਵਿਚ ਵਾਹਿਗੁਰੂ ਦਾ ਨਾਮ ਧਾਰਣ ਕਰਦਾ (ਟਿਕਾ ਲੈਂਦਾ) ਹੈ।

ਕੀਰਤਨੰ ਸਾਧ ਸੰਗੇਣ ਨਾਨਕ, ਨਹ ਦ੍ਰਿਸਟੰਤਿ ਜਮਦੂਤਨਹ ॥੩੪॥ (ਅਤੇ) ਸਾਧੂਆਂ ਦੇ ਸੰਗ ਵਿਚ ਜਾ ਕੇ ਕੀਰਤਨ (ਹਰੀ ਜਸ) ਕਰਦਾ

ਹੈ, ਨਾਨਕ ਗੁਰੂ ਜੀ ਆਖਦੇ ਹਨ, ਜਮ ਦੂਤ (ਉਸ ਮਨੁੱਖ ਵੱਲ) ਦੇਖ ਵੀ ਨਹੀਂ ਸਕਦੇ; ਉਹ ਜਮਦੂਤਾਂ ਨੂੰ ਨਹੀ ਦੇਖੇਗਾ (ਭਾ:ਵੀਰ ਸਿੰਘ;ਸ਼ਬਦਾਰਥ; ਸੰ.ਸ.)।੩੪।

ਜਹ ਸਾਧੂ ਗੋਬਿੰਦ ਭਜਨੁ ਕੀਰਤਨੁ ਨਾਨਕ ਨੀਤ।ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ੨੫੬}।

ਪਦਾਰਥ = ਚਰਣਾਰਬਿੰਦ (ਚਰਣ+ਅਰਬਿੰਦ)-ਸੋਹਣੇ ਚਰਨ ਕਮਲ।ਰਿਦਯੰ-ਹਿਰਦੇ ਵਿਚ।ਧਾਰਣਹ-ਧਾਰ (ਟਿਕਾ) ਲੈਂਦਾ ਹੈ।ਨਹ ਦ੍ਰਿਸਟੰਤਿ-ਦੇਖ ਨਹੀਂ ਸਕਦੇ; ਨਹੀਂ ਦੇਖੇਗਾ।ਜਮਦੂਤਨਹ-ਜਮ ਦੂਤ।੩੪।

ਨਚ ਦੁਰਲਭੰ ਧਨੰ ਰੂਪੰ,ਨਚ ਦੁਰਲਭੰ ਸ੍ਵਰਗ ਰਾਜਨਹ ॥ (ਹੇ ਹਰੀ ਲਾਲ ਅਤੇ ਕ੍ਰਿਸ਼ਨ ਲਾਲ!) ਧਨ ਅਤੇ ਸੁੰਦਰ ਰੂਪ ਲੱਭਣਾ (ਮਿਲਣਾ) ਔਖਾ ਨਹੀ (ਧਨ ਵੇਸਵਾਵਾਂ ਚੋਰਾਂ ਡਾਕੂਆਂ ਕੋਲ ਵੀ ਹੈ, ਸੁੰਦਰ ਰੂਪ ਮੋਰਾਂ ਤੋਤਿਆਂ ਆਦਿਕਾਂ ਕੋਲ ਵੀ ਹੁੰਦਾ ਹੈ)।ਸੁਰਗਾਂ ਦਾ ਰਾਜ (ਜਾਂ ਸੁਰਗ ਤੇ ਰਾਜ, ਸਭ ਨੇ ਸੁਰਗਾਂ ਦਾ ਰਾਜ ਹੀ ਅਰਥ ਕੀਤਾ ਹੈ, ਜਿਵੇਂ ਇੰਦ੍ਰ ਨੇ ਕਈ ਵਾਰ ਸੁਰਗ ਦਾ ਰਾਜ ਲਿਆ, ਕਈ ਵਾਰ ਦੈਂਤਾਂ ਨੇ ਖੋਹ ਲਿਆ) ਵੀ ਮਿਲਣਾ ਔਖਾ ਨਹੀ ਹੈ।

ਨਚ ਦਰਲਭੰ ਭੋਜਨੰ ਬਿੰਜਨੰ,ਨਚ ਦੁਰਲਭੰ ਸ੍ਵਛ ਅੰਬਰਹ ॥ (ਭਾਂਤ ਭਾਂਤ ਦੇ) ਮਸਾਲੇਦਾਰ ਸੁਆਦੀ ਭੋਜਨ ਮਿਲਣੇ ਵੀ ਔਖੇ ਨਹੀਂ ਹਨ (ਸੁਆਦੀ ਖਾਣੇ ਰਾਜਿਆਂ ਦੇ ਹਾਥੀਆਂ ਘੋੜਿਆਂ ਤੇ ਅਮੀਰਾਂ ਦੇ ਕੁੱਤਿਆਂ ਨੂੰ ਭੀ ਮਿਲ ਜਾਂਦੇ ਹਨ।ਪਹਿਨਣ ਲਈ) ਚੰਗੇ ਸੁੰਦਰ ਬਸਤ੍ਰ ਪ੍ਰਾਪਤ ਹੋ ਜਾਣੇ ਵੀ ਔਖੇ ਨਹੀਂ ਹਨ।

ਨਚ ਦੁਰਲਭੰ ਸੁਤ ਮਿਤ੍ਰ ਭ੍ਰਾਤ ਬਾਂਧਵ, ਨਚ ਦੁਰਲਭੰ ਬਨਿਤਾ ਬਿਲਾਸਹ ॥ ਪੁਤ੍ਰ ਮਿਤ੍ਰ ਭਰਾ ਤੇ ਰਿਸ਼ਤੇਦਾਰ ਪ੍ਰਾਪਤ ਹੋਣੇ ਵੀ ਦੁਰਲੱਭ ਨਹੀ ਹਨ (ਕਿਉਂਕਿ ਇਹ ਸਭ ਹੋਰ ਜੂਨਾਂ ਵਿਚ ਵੀ ਮਿਲ ਜਾਂਦੇ ਹਨ), ਇਸਤ੍ਰੀ ਦਾ (ਭੋਗ) ਅਨੰਦ ਮਿਲਣਾ ਵੀ ਔਖਾ ਨਹੀ ਹੈ।

ਨਚ ਦੁਰਲਭੰ ਬਿਦਿਆ ਪ੍ਰਬੀਣੰ, ਨਚ ਦੁਰਲਭੰ ਚਤੁਰ ਚੰਚਲਹ ॥ ਵਿਦਿਆ ਵਿਚ ਵੀ ਨਿਪੁੰਨ (ਸਿਆਣਾ) ਹੋਣਾ ਵੀ ਦੁਰਲੱਭ ਨਹੀਂ ਹੈ, ਨਾ ਹੀ (ਵਿਦਿਆ ਦੀ ਸਹੈਤਾ ਨਾਲ) ਚਤਰ ਹੋਣਾ ਅਤੇ ਵਿਹਾਰਾਂ ਵਿਚ ਚੰਚਲ ਹੋਣਾ ਦੁਰਲਭ ਹੈ।

ਦੁਰਲਭ ਏਕ ਭਗਵਾਨ ਨਾਮਹ, ਨਾਨਕ ਲਬਧੵੰ ਸਾਧ ਸੰਗਿ ਕ੍ਰਿਪਾ ਪ੍ਰਭੰ ॥੩੫॥ਨਾਨਕ ਗੁਰੂ ਜੀ ਆਖ ਰਹੇ ਹਨ ਕਿ ਇਕ ਵਾਹਿਗੁਰੂ ਦਾ ਨਾਮ ਦੁਰਲੱਭ ਹੈ, ਜੋ ਸਾਧ ਸੰਗਤ ਵਿਚੋਂ ਵਾਹਿਗੁਰੂ ਦੀ ਕ੍ਰਿਪਾ ਨਾਲ ਲੱਭਦਾ ਹੈ;ਉਹ (ਨਾਮ) ਸਾਧ ਸੰਗਤ ਵਿਚੋਂ ਮਿਲਦਾ ਹੈ,(ਅਤੇ ਸਾਧ ਸੰਗਤ) ਵਾਹਿਗੁਰੂ ਦੀ ਕ੍ਰਿਪਾ ਨਾਲ ਮਿਲਦੀ ਹੈ।੩੫।ਕਿਰਪਾ ਕਰੇ ਜਿਸੁ ਪਾਰਬ੍ਰਹਮੁ ,ਹੋਵੈ ਸਾਧੂ ਸੰਗੁ।(੭੧)

ਸੁਤ ਦਾਰਾ ਅਰ ਲੱਛਮੀ, ਪਾਪੀ ਦੇ ਭੀ ਹੋਇ।ਸੰਤ ਸਮਾਗਮ ਹਰਿ ਕਥਾ, ਤੁਲਸੀ ਦੁਰਲੱਭ ਦੋਇ। (ਤੁਲਸੀ ਦਾਸ)

ਪਦਾਰਥ = ਨਚ-ਨਹੀਂ ਹੈ।ਦੁਰਲਭੰ-ਔਖਾ ਲੱਭਣਾ (ਜੋ ਮੁਸ਼ਕਲ ਨਾਲ ਮਿਲੇ)।ਧਨੰ-ਮਾਇਆ।ਰੂਪੰ-ਸੁੰਦਰ ਰੂਪ।ਸ੍ਵਰਗ ਨੂੰ ਸੁਅਰਗ ਪੜ੍ਹਨਾ ਹੈ।ਭੋਜਨੰ ਬਿਜਨੰ-ਸੁਆਦਲੇ (ਮਸਾਲੇ ਦਾਰ) ਭੋਜਨ।ਸ੍ਵਛ-(ਸੁਅੱਛ ਉਚਾਰੋ)-ਸਾਫ ਸੁਥਰੇ ਭਾਵ ਸੁੰਦਰ ਕੀਮਤੀ।ਅੰਬਰਹ-ਕਪੜੇ।ਸੁਤ-ਪੁਤ੍ਰ।ਭ੍ਰਾਤ-ਭਰਾ।ਬਾਂਧਵ-ਰਿਸਤੇਦਾਰ।ਬਨਿਤਾ ਬਿਲਾਸਹ-ਇਸਤ੍ਰੀ ਦਾ ਅਨੰਦ (ਸੁੱਖ; ਭੋਗ)।ਬਿਦਿਆਪ੍ਰਬੀਣੰ-ਵਿਦਿਆ ਵਿਚ ਨਿਪੁੰਨ (ਵਿਦਵਾਨ)।ਚਤੁਰ ਚੰਚਲਹ-ਵਿਹਾਰਾਂ ਵਿਚ ਸਿਆਣਾ ਅਤੇ ਚਲਾਕ; ਸਰੀਰ ਕਰਕੇ ਫੁਰਤੀਲਾ ਹੋਣਾ।ਨਾਮਹ-ਨਾਮ।ਲਬਧੵੰ-(ਲਬਧਿਅੰ ਬੋਲੋ) ਲੱਭਦਾ (ਮਿਲਦਾ) ਹੈ।੩੫।

ਵਿਆਖਿਆ = ਮਨੁੱਖ ਜਿਨ੍ਹਾਂ ਚੀਜਾਂ ਨੂੰ ਦੁਰਲੱਭ ਸਮਝਦਾ ਹੈ, ਇਹ ਤਾਂ ਆਮ ਲੋਕਾਂ ਕੋਲ ਹੁੰਦੀਆਂ ਹੀ ਹਨ।ਇਨ੍ਹਾਂ ਨੂੰ ਲੱਭਣਾ ਅਪਣੇ ਕਰਮਾਂ ਉਦਮ ਅਤੇ ਹਿੰਮਤ ਤੇ ਨਿਰਭਰ ਕਰਦਾ ਹੈ।ਭੋਜਨ ਕਪੜੇ ਬੜੇ ੨ ਅਮੀਰਾਂ ਕੋਲ ਵੀ ਹੁੰਦੇ ਹਨ, ਉਲਾਦ, ਇਸਤ੍ਰੀ ਭੋਗ ਦਾ ਅਨੰਦ ਮਨੁਖ ਤੋਂ ਬਿਨਾ ਹੋਰ ਪਸ਼ੂਆਂ ਪੰਛੀਆਂ ਕੋਲ ਵੀ ਹੈ।ਕੁੱਤਾ ਤੋਤਾ ਮੈਨਾ dolPhinਆਦਿ ਬਥੇਰਾ ਪੜ੍ਹ ਜਾਂਦੇ ਹਨ, ਬਾਂਦਰ ਤੇ ਲੰਗੂਰ ਬੜੇ ਚੰਚਲ ਹੁੰਦੇ ਹਨ।ਕੇਵਲ ਇਕ ਨਾਮ ਮਿਲਣਾ ਮੁਸ਼ਕਲ ਹੈ, ਜੋ ਹਰੀ ਦੀ ਕਿਰਪਾ ਨਾਲ ਸਾਧ ਸੰਗਤ ਵਿਚੋਂ ਮਿਲਦਾ ਹੈ।੩੫।

ਜਤ ਕਤਹ ਤਤਹ ਦ੍ਰਿਸਟੰ, ਸ੍ਵਰਗ ਮਰਤ ਪਯਾਲ ਲੋਕਹ ॥ ਜਿਥੇ ਕਿਥੇ (ਨਿਗ੍ਹਾ ਮਾਰ ਕੇ ਦੇਖੀਏ) ਉਥੇ ਸ੍ਵਰਗ (ਸੁਅੱਰਗ ਬੋਲੋ), ਮਾਤ, ਪਤਾਲ ਲੋਕ ਵਿਚ, (ਸਾਰੇ ਪ੍ਰਮਾਤਮਾ ਹੀ) ਦਿਸਦਾ ਹੈ {ਜਤ ਕਤਾ ਤਤ ਪੇਖੀਐ, ਹਰਿ ਪੁਰਖ ਪਤਿ ਪਰਧਾਨ ੧੩੨੨}।

ਸਰਬਤ੍ਰ ਰਮਣੰ ਗੋਬਿੰਦਹ,ਨਾਨਕ ਲੇਪ ਛੇਪ ਨ ਲਿਪ੍ਯਤੇ ॥੩੬॥ ਸਭ (ਥਾਵਾਂ ਤੇ) ਪ੍ਰਮਾਤਮਾ ਵਿਆਪਕ ਹੈ, ਹੇ ਨਾਨਕ! (ਉਸ ਪ੍ਰਮਾਤਮਾ ਨੂੰ) ਅਪਵਿਤ੍ਰਤਾ ਦਾ ਦਾਗ ਨਹੀ ਲਗਦਾ।੩੬।ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ੮੬੮; ਨਹੀ ਲੇਪੁ ਤਿਸੁ ਪੁੰਨਿ ਨ ਪਾਪਿ।(੮੯੪)

ਪਦਾਰਥ = ਜਤ-ਜਿਥੇ।ਕਤਹ-ਕਿਥੇ।ਤਤਹ-ਤਿਥੇ (ਉਥੇ)।ਮਰਤ-ਮਾਤ ਲੋਕ।ਸਰਬਤ੍ਰ-ਸਭ ਜਗ੍ਹਾ।ਰਮਣੰ-ਵਿਆਪਕ; ਰਮਿਆ ਹੋਇਆ।ਲੇਪ-ਅਪਵਿਤ੍ਰਤਾ; ਪੋਚਾ; ਵਿਕਾਰਾਂ ਦਾ।ਛੇਪ-ਦਾਗ।ਲਿਪ੍ਯਤੇ-(ਲਿਪਿਅਤੇ ਬੋਲੋ) ਲਿਬੜਦਾ; ਲਗਦਾ; ਛੋਂਹਦਾ।੩੬।

ਸਾਰ = ਵਾਹਿਗੁਰੂ ਸਭ ਵਿਚ ਵਸਦਾ ਹੋਇਆ ਵੀ ਕਿਸੇ ਪਦਾਰਥ, ਕਿਸੇ ਸ਼ਕਤੀ ਵਿਚ ਫਸਿਆ ਹੋਇਆਨਹੀ, ਨਿਰਲੇਪ ਹੈ, ਕਿਤੇ ਬੱਝਾ ਨਹੀ, ਕਿਤੇ ਊਣਾ ਨਹੀ।ਏਹੀ ਉਸਦੀ ਵਡਿਆਈ ਅਤੇ ਮਹਾਨਤਾ ਹੈ।੩੬।

ਬਿਖਯਾ ਭਯੰਤਿ ਅੰਮ੍ਰਿਤੰ, ਦ੍ਰੁਸਟਾਂ ਸਖਾ ਸ੍ਵਜਨਹ ॥ (ਵਾਹਿਗੁਰੂ ਦੀ ਕ੍ਰਿਪਾ ਹੋਣ ਤੇ) ਵਿਹੁ (ਬਦਲ ਕੇ) ਅੰਮ੍ਰਿਤ ਬਣ ਜਾਂਦੀ ਹੈ, ਵੈਰੀ ਪਿਆਰੇ ਮਿਤ੍ਰ ਬਣ ਜਾਂਦੇ ਹਨ {ਬੈਰੀ ਉਲਟਿ ਭਏ ਹੈ ਮੀਤਾ।ਸਾਕਤ ਉਲਟਿ ਸੁਜਨ ਭਏ ਚੀਤਾ ੩੨੬}।

ਦੁਖੰ ਭਯੰਤਿ ਸੁਖੵੰ, ਭੈ ਭੀਤੰ ਤ ਨਿਰਭਯਹ ॥ ਦੁੱਖ (ਬਦਲ ਕੇ) ਸੁੱਖ ਹੋ ਜਾਂਦੇ ਹਨ, ਜੋ ਵਾਹਿਗੁਰੂ ਦੇ ਭੈ ਤੋਂ ਡਰਦੇ ਹਨ ਉਹ ਜਮਾਂ ਤੋਂ

ਨਿਰਭੈ ਹੋ ਜਾਂਦੇ ਹਨ (ਭਾ:ਵੀਰ ਸਿੰਘ); ਮੌਤ ਤੋਂ ਭੈ ਭੀਤ ਹੋਏ (ਮਨੁੱਖ) ਨਿਰਭੈ ਹੋ ਜਾਂਦੇ ਹਨ।

ਥਾਨ ਬਿਹੂਨ ਬਿਸ੍ਰਾਮ ਨਾਮੰ,ਨਾਨਕ ਕ੍ਰਿਪਾਲ ਹਰਿ ਹਰਿ ਗੁਰਹ ॥੩੭॥ ਥਾਨ ਬਿਹੂਣਿਆਂ (ਨਿਥਾਵਿਆਂ) ਦਾ ਟਿਕਾਣਾ (ਵਾਹਿਗੁਰੂ ਦੇ) ਨਾਮ ਵਿਚ ਹੋ ਜਾਂਦਾ ਹੈ (ਸੰਸਾਰ ਸਾਡਾ ਅਸਲੀ ਘਰ ਨਹੀ ਹੈ, ਨਾਮ ਜਪ ਕੇ ਵਾਹਿਗੁਰੂ ਦੇ ਚਰਨਾਂ ਵਿਚ ਅਸਲੀ ਬਿਸ੍ਰਾਮ (ਟਿਕਾਣਾ) ਮਿਲ ਜਾਂਦਾ ਹੈ), ਨਾਨਕ ਗੁਰੂ ਜੀ ਆਖਦੇ ਹਨ, (ਉਕਤ ਚੀਜਾਂ ਉਨ੍ਹਾਂ ਨੂੰ ਪ੍ਰਾਪਤ ਹੁੰਦੀਆਂ ਹਨ) ਜਿਨ੍ਹਾਂ ਤੇ ਵਾਹਿਗੁਰੂ ਸਰੂਪ ਗੁਰੂ ਕ੍ਰਿਪਾਲ ਹੋ ਜਾਵੇ।੩੭।

ਪਦਾਰਥ = ਬਿਖਯਾ-ਜਹਿਰ।ਭਯੰਤਿ-(ਭਇਅੰਤ ਬੋਲੋ) ਹੋ (ਬਣ) ਜਾਂਦਾ ਹੈ।ਦੁਸਟਾਂ-(ਦਰੁਸਟਾਂ ਬੋਲੋ) ਵੈਰੀ; ਦੋਖੀ।ਸਖਾ-ਮਿਤ੍ਰ। ਸੁਜਨਹ-(ਸੁਅਜਨਹ ਬੋਲੋ) ਚੰਗਾ ਪੁਰਖ।ਸੁਖੰ ਨੂੰ ਸੁਖਿਅੰ ਉਚਾਰੋ।ਭੈ ਭੀਤੰ-(ਭੀਤੰਤ ਕੱਠਾ ਪਾਠ ਵੀ ਕੀਤਾ ਜਾਂਦਾ ਹੈ) ਡਰੇ ਹੋਏ। ਨਿਰਭਯਹ-ਭੈ ਰਹਿਤ (ਨਿਰਭਇਅਹ ਬੋਲੋ)।ਬਿਹੂਨ-ਵਿਹੂਣਾ।ਬਿਸ੍ਰਾਮ-ਟਿਕਾਣਾ।ਗੁਰਹ-ਗੁਰੂ।੩੭।

ਵਿਆਖਿਆ = ਨਾਮ ਜਪਣ ਵਾਲੇ ਉਤੇ ਗੁਰੂ ਅਤੇ ਪ੍ਰਭੂ ਕ੍ਰਿਪਾ ਕਰਦੇ ਹਨ।ਦੁਖ, ਵੈਰੀ ਤੇ ਜਹਿਰ ਬਦਲ ਕੇ ਸੁਖ, ਮਿਤ੍ਰ ਤੇ ਅੰਮ੍ਰਿਤ ਬਣ ਜਾਂਦੇ ਹਨ।ਮੀਰਾਂ ਬਾਈ ਦੇ ਜੇਠ ਨੇ ਨੌਕਰ ਤੋਂ ਖਿਚੜੀ ਵਿਚ ਜਹਿਰ ਪੁਆ ਕੇ ਮੀਰਾਂ ਨੂੰ ਖੁਆ ਦਿਤੀ, ਪਰ ਵਾਹਿਗੁਰੂ ਦੀ ਕਿਰਪਾ ਦਾ ਸਦਕਾ ਜਹਿਰ ਦਾ ਅਸਰ ਨਹੀਂ ਹੋਇਆ।ਬਾਬਾ ਕਰਮ ਸਿੰਘ ਹੋਤੀ ਮਰਦਾਨ ਵਾਲਿਆਂ ਤੋਂ ਪਿੱਛੋਂ ਬਾਬਾ ਆਇਆ ਸਿੰਘ ਜੀ ਦੇ ਸੇਵਕ ਨੇ ਮਹੰਤੀ ਲੈਣ ਵਾਸਤੇ ਬਾਬਾ ਆਇਆ ਸਿੰਘ ਜੀ ਨੂੰ ਤਿੰਨ ਵਾਰ ਦੁੱਧ ਵਿਚ ਪਾ ਕੇ ਜਹਿਰ ਖੁਆਈ।ਪਰ ਵਾਹਿਗੁਰੂ ਦੇ ਸਿਮਰਨ ਦਾ ਸਦਕਾ ਜਹਿਰ ਅਸਰ ਨਾ ਕਰ ਸਕੀ।ਵਾਹਿਗੁਰੂ ਦੀ ਕ੍ਰਿਪਾ ਨਾਲ ਕਾਮਾਦਿਕ ਸ਼ੁੱਭ ਗੁਣਾਂ ਵਿਚ ਬਦਲ ਜਾਂਦੇ ਹਨ।ਜਮਾਂ ਦਾ ਡਰ ਵਾਹਿਗੁਰੂ ਦੇ ਡਰ ਵਿਚ ਬਦਲ ਜਾਂਦਾ ਹੈ ਅਤੇ ਜਨਮ ਮਰਨ ਤੋਂ ਰਹਿਤ ਹੋ ਕੇ ਪ੍ਰਭੂ ਚਰਨਾਂ ਵਿਚ ਪੱਕਾ ਨਿਵਾਸ ਮਿਲਦਾ ਹੈ।੩੭।

ਸਰਬ ਸੀਲ ਮਮੰ ਸੀਲੰ, ਸਰਬ ਪਾਵਨ ਮਮ ਪਾਵਨਹ ॥ ਜਿਹੜਾ ਨਿਰੰਕਾਰ ਸਭ ਨੂੰ ਨੇਕ ਸੁਭਾਓ ਦੇਣ ਵਾਲਾ ਹੈ, ਉਹ ਮੈਨੂੰ ਵੀ ਸੀਲ (ਸ਼ਾਂਤ; ਨੇਕ) ਸੁਭਾਵ ਦੇਂਦਾ ਹੈ, ਜੋ ਸਭ ਨੂੰ ਪਵਿਤ੍ਰ ਕਰਦਾ ਹੈ, ਮੈਨੂੰ ਵੀ ਪਵਿਤ੍ਰ ਕਰਨ ਵਾਲਾ ਹੈ।

ਸਰਬ ਕਰਤਬ ਮਮੰ ਕਰਤਾ,ਨਾਨਕ ਲੇਪ ਛੇਪ ਨ ਲਿਪ੍ਯਤੇ ॥੩੮॥ ਜੋ ਸਾਰਿਆਂ ਦੇ ਕਾਰਜ ਪੂਰੇ ਕਰਦਾ ਹੈ, ਉਹ ਮੇਰੇ ਵੀ ਕਾਰਜ ਪੂਰੇ ਕਰਦਾ ਹੈ (ਸੰ.ਸ.); ਜੋ ਨਿਰੰਕਾਰ ਸਾਰੇ ਵਿਸ਼ਵ ਦਾ ਕਰਤਾ ਹੈ, ਉਹ ਮੇਰਾ ਵੀ ਕਰਤਾ ਹੈ (ਫ.ਸ.; ਦਰਪਣ; ਸ਼ਬਦਾਰਥ)।ਨਾਨਕ ਗੁਰੂ ਜੀ ਆਖਦੇ ਹਨ ਕਿ ਵਾਹਿਗੁਰੂ ਨੂੰ ਮਾਇਆ ਦਾ ਕੋਈ ਦੋਸ਼ ਨਹੀ ਲਗਦਾ ਭਾਵ ਨਿਰਲੇਪ ਹੈ।੩੮।

ਪਦਾਰਥ = ਸਰਬ-ਸਾਰਿਆਂ ਨੂੰ; ਸਭ ਦਾ।ਸੀਲ-ਉਤਮ;ਸ਼ਾਂਤ ਸੁਭਾਵ।ਮਮੰ-ਮੈਨੂੰ।ਪਾਵਨ-ਪਵਿਤ੍ਰਤਾ।ਪਾਵਨਹ-ਪਵਿਤ੍ਰ ਕਰਨ ਵਾਲਾ।ਕਰਤਬ-ਕਾਰਜ; ਕਰਨ ਵਾਲਾ (ਕਰਤਾ)।ਕਰਤਾ-ਰਚਨਹਾਰ।ਲੇਪ-ਪਾਪਾਂ; ਵਿਕਾਰਾਂ; ਮਾਇਆ ਦਾ।ਛੇਪ-ਦਾਗ;ਕਲੰਕ।ਨ ਲਿਪ੍ਯਤੇ-ਨਹੀਂ ਛੋਂਹਦਾ; ਨਹੀਂ ਲਿਬੜਦਾ।੩੮।

(ਪੰਡਤਾਂ ਨੇ ਪੁਛਿਆ ਕਲਯੁਗ ਦੀ ਤਪਸ਼ ਵਿਚ ਸੀਤਲ ਕੌਣ ਹੈ?)।

ਨਹ ਸੀਤਲੰ ਚੰਦ੍ਰ ਦੇਵਹ, ਨਹ ਸੀਤਲੰ ਬਾਵਨ ਚੰਦਨਹ ॥ ਚੰਦ ਦੇਵਤਾ (ਪ੍ਰਕਾਸ਼ ਕਰਨ ਵਾਲਾ ਚੰਦ) ਵੀ ਠੰਡਾ ਨਹੀ ਹੈ, ਬਾਵਨ ਚੰਦਨ ਵੀ ਠੰਡਾ ਨਹੀਂ ਹੈ।

ਨਹ ਸੀਤਲੰ ਸੀਤ ਰੁਤੇਣ,ਨਾਨਕ ਸੀਤਲੰ ਸਾਧ ਸ੍ਵਜਨਹ ॥੩੯॥ ਨਾ ਹੀ ਸਿਆਲ ਦੀ ਰੁੱਤ (ਉਤਨੀ) ਠੰਢੀ ਹੁੰਦੀ ਹੈ, ਨਾਨਕ ਗੁਰੂ ਜੀ ਆਖਦੇ ਹਨ, (ਜਿਤਨੇ ਸਭ ਦੇ) ਸੱਜਨ ਸਾਧੂ ਸੀਤਲ (ਸ਼ਾਂਤ ਸੁਭਾਓ ਵਾਲੇ) ਹੁੰਦੇ ਹਨ (ਅਪਣੇ ਪ੍ਰੇਮੀਆਂ ਨੂੰ ਵੀ ਸੀਤਲ ਕਰਦੇ ਹਨ, ਇਸ ਲਈ ਮਿਤ੍ਰ ਹਨ)।੩੯।ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ।ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ।(੭੦੯)

ਪਦਾਰਥ = ਨਹ ਸੀਤਲੰ-ਠੰਢਾ ਨਹੀਂ।ਚੰਦ੍ਰ ਦੇਵਹ-ਚੰਦ ਦੇਵਤਾ।ਬਾਵਨ ਚੰਦਨਹ-ਚਿੱਟਾ ਚੰਦਨ ਜੋ ਸੁਗੰਧੀ ਵਾਲਾ ਹੁੰਦਾ ਹੈ।ਸੀਤ ਰੁਤੇਣ-ਸਰਦੀ ਦੀ ਰੁੱਤ।ਸਾਧ ਸ੍ਵਜਨਹ-ਸਭ ਦੇ ਮਿਤ੍ਰ ਸਾਧੂ; ਸ੍ਰੇਸਟ ਸਾਧੂ।੩੯।(ਚੰਦ ਦੀ ਚਾਨਣੀ, ਚੰਦਨ ਅਤੇ ਸਰਦ ਰੁੱਤ ਦਾ ਅਸਰ ਸਰੀਰ ਦੇ ਬਾਹਰ ਹੁੰਦਾ ਹੈ, ਮਨ ਦੀ ਤਪਸ਼ ਤਾਂ ਸੰਤਾਂ ਦੀ ਸੰਗਤ ਨਾਲ ਦੂਰ ਹੁੰਦੀ ਹੈ)।

ਮੰਤ੍ਰੰ ਰਾਮ ਰਾਮ ਨਾਮੰ, ਧ੍ਯਾਨੰ ਸਰਬਤ੍ਰ ਪੂਰਨਹ ॥ (ਸੰਤ ਕਿਹੋ ਜਿਹੇ ਹੁੰਦੇ ਹਨ, ਇਸ ਸਲੋਕ ਵਿਚ ਦਸਦੇ ਹਨ ਉਨ੍ਹਾਂ ਵਿਚ ਛੇ ਗੁਣ ਹੁੰਦੇ ਹਨ।੧. ਜੋ ਸੰਤ) ਰਮੇ ਹੋਏ ਰਾਮ ਦੇ ਨਾਮ ਦਾ ਮੰਤ੍ਰ ਜਪਦੇ ਹਨ, ਸਾਰਿਆਂ ਵਿਚ ਵਾਹਿਗੁਰੂ ਨੂੰ ਪੂਰਨ ਜਾਣ ਕੇ ਉਸਦਾ ਧਿਆਨ ਕਰਦੇ ਹਨ; (ਐਸੇ ਸੰਤਾਂ ਦਾ) ਧਿਆਨ ਇਹ ਹੈ ਕਿ ਵਾਹਿਗੁਰੂ ਸਭ ਥਾਂ ਵਿਆਪਕ ਹੈ (ਸ਼ਬਦਾਰਥ; ਫ.ਸ.)।

ਗ੍ਯਾਨੰ ਸਮ ਦੁਖ ਸੁਖੰ,ਜੁਗਤਿ ਨਿਰਮਲ ਨਿਰਵੈਰਣਹ ॥੨. (ਉਨ੍ਹਾਂ ਦਾ) ਗਿਆਨ ਇਹ ਹੈ, ਸੁੱਖ ਦੁੱਖ ਨੂੰ ਬਰਾਬਰ ਸਮਝਦੇ ਹਨ ਅਤੇ ਜੁਗਤੀ ਉਨ੍ਹਾਂ ਦੀ ਨਿਰਮਲ ਨਿਰਵੈਰ ਹੋਣਾ ਹੈ (ਸ਼ਬਦਾਰਥ;ਫ.ਸ.) ਭਾਵ ਪਵਿਤ੍ਰ ਅਤੇ ਵੈਰ ਰਹਿਤ ਹੋਣਾ (ਸੰਤਾਂ ਦੇ) ਜੀਵਨ ਦੀ ਜੁਗਤੀ (ਮਰਿਆਦਾ; ਢੰਗ) ਹੈ।

ਦਯਾਲੰ ਸਰਬਤ੍ਰ ਜੀਆ, ਪੰਚ ਦੋਖ ਬਿਵਰਜਿਤਹ ॥ ੩. ਸਭ ਜੀਵਾਂ ਤੇ ਦਿਆਲ ਰਹਿੰਦੇ ਹਨ, ਪੰਜ ਕਾਮਾਦਿਕ ਦੋਸ਼ਾਂ ਨੂੰ ਰੋਕੀ ਰੱਖਦੇ ਹਨ।ਭੋਜਨੰ ਗੋਪਾਲ ਕੀਰਤਨੰ,ਅਲਪ ਮਾਇਆ ਜਲ ਕਮਲ ਰਹਤਹ ॥ ੪. ਹਰੀ ਦਾ ਕੀਰਤਨ ਕਰਨਾ ਹੀ ਉਨ੍ਹਾਂ ਦਾ ਭੋਜਨ (ਆਤਮਕ ਖੁਰਾਕ) ਹੈ ਅਤੇ ਮਾਇਆ ਵਿਚ ਇਸ ਤਰ੍ਹਾਂ ਨਿਰਲੇਪ ਰਹਿੰਦੇ ਹਨ, ਜਿਵੇਂ ਪਾਣੀ ਵਿਚ ਕਮਲ ਫੁੱਲ (ਅਭਿੱਜ ਰਹਿੰਦਾ ਹੈ)।

ਉਪਦੇਸੰ ਸਮ ਮਿਤ੍ਰ ਸਤ੍ਰਹ,ਭਗਵੰਤ ਭਗਤਿ ਭਾਵਨੀ ॥ ੫. ਮਿਤ੍ਰ ਅਤੇ ਵੈਰੀ ਨੂੰ ਇਕੋ ਜਿਹਾ ਜਾਣ ਕੇ ਸਿਖਿਆ ਦੇਂਦੇ ਹਨ, (ਕਿਉਂਕਿ) ਵਾਹਿਗੁਰੂ ਦੀ ਭਗਤੀ ਵਿਚ (ਉਨ੍ਹਾਂ ਸੰਤਾਂ ਦੀ) ਸ਼ਰਧਾ ਹੁੰਦੀ ਹੈ (ਉਨ੍ਹਾਂ ਸੰਤਾਂ ਦੀ ਸੰਗਤ ਵਿਚ ਭਾਵੇਂ ਮਿਤ੍ਰ ਭਾਵੇਂ ਸ਼ਤਰੂ ਆਵੇ, ਸਭ ਨੂੰ ਇਕੋ ਜਿਹਾ ਦੇਖਦੇ ਹਨ ਅਤੇ ਆਪਸ ਵਿਚ ਪ੍ਰੇਮ ਭਾਵ ਰੱਖਣ ਦਾ ਉਪਦੇਸ ਕਰਦੇ ਹਨ। ਜਾਂ ਭਗਵੰਤ ਦੀ ਸ਼ਰਧਾ ਨਾਲ ਭਗਤੀ ਕਰਨ ਦਾ ਉਪਦੇਸ਼ ਮਿਤ੍ਰਾਂ ਵੈਰੀਆਂ (ਸਭ ਨੂੰ) ਇਕੋ ਜਿਹਾ ਦੇਂਦੇ ਹਨ (ਮੇਰਾ ਖਿਆਲ)।

ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ, ਆਪੁ ਤ੍ਰਿਾਗਿ ਸਗਲ ਰੇਣੁਕਹ ॥ ੬. ਪਰਾਈ ਨਿੰਦਾ ਕੰਨਾਂ ਨਾਲ ਨਹੀਂ ਸੁਣਦੇ, ਆਪਾ ਭਾਵ ਛਡ ਕੇ ਸਭ ਦੇ ਚਰਨਾਂਦੀ ਧੂੜੀ ਬਣਦੇ (ਨਿਮ੍ਰਤਾ ਧਾਰਦੇ) ਹਨ।

ਖਟ ਲਖ੍ਹਣ ਪੂਰਨੰ ਪੁਰਖਹ,ਨਾਨਕ ਨਾਮ ਸਾਧ ਸ੍ਵਜਨਹ ॥੪੦॥ ਛੇ ਲੱਛਣਾਂ ਨਾਲ ਜੋ ਪੁਰਖ ਪੂਰਾ ਹੈ (ਜਾਂ ਪੂਰਨ ਪੁਰਖਾਂ ਵਿਚ ਇਹ ੬ ਲੱਛਣ ਹੁੰਦੇ ਹਨ), ਗੁਰੂ ਜੀ ਆਖਦੇ ਹਨ, ਉਨ੍ਹਾਂ ਦਾ ਨਾਮ ਸੱਜਨ (ਸ੍ਰੇਸਟ) ਸਾਧੂ ਹੈ (ਇਸ ਤੁਕ ਦਾ ਅਰਥ ਸ਼ੁਰੂ ਵਿਚ ਕਰਨਾ)।੪੦।

ਪਦਾਰਥ = ਸਰਬਤ੍ਰ–ਸਾਰਿਆਂ ਵਿਚ। ਪੂਰਨਹ–ਪੂਰਨ (ਵਿਆਪਕ) ਜਾਣ ਕੇ। ਸਮ–ਇਕੋ ਜਿਹਾ; ਬਰਾਬਰ। ਜੁਗਤਿ–ਜੁੜਦੇ ਹਨ; ਜੀਵਨ ਦੀ ਮਰਿਆਦਾ। ਨਿਰਮਲ–ਮੈਲ ਰਹਿਤ (ਪਵਿਤ੍ਰ)। ਪੰਚ ਦੋਖ–ਪੰਜ ਕਾਮਾਦਿਕ; ਪੰਜ ਸ਼ਬਦ ਸਪਰਸ ਰਸ ਰੂਪ ਗੰਧ ਵਿਕਾਰਾਂ ਨੂੰ। ਬਿਵਰਜਿਤਹ–ਰੋਕਦੇ ਹਨ। ਅਲਪ–ਨਿਰਲੇਪ {ਜੈਸੇ ਜਲ ਮਹਿ ਕਮਲ ਅਲੇਪ ੨੭੨}। ਰਹਤਹ–ਰਹਿੰਦਾ ਹੈ। ਸਤ੍ਰਹ–ਸ਼ਤਰੂਆਂ ਨੂੰ। ਭਾਵਨੀ–ਸ਼ਰਧਾ। ਪਰ–ਪਰਾਈ। ਸ੍ਰੋਤਿ–ਸੁਣਨਾ। ਸ੍ਰਵਣੰ–ਕੰਨਾਂ ਨਾਲ। ਆਪੁ–ਆਪਾ ਭਾਵ (ਅਪਣੱਤ)। ਸਗਲ ਰੇਣਕਹ–ਸਭ ਦੇ ਚਰਨਾਂ ਦੀ ਧੂੜ। ਖਟ ਲਖ੍ਹਣ–(ਲੱਖਿਅਣ ਉਚਾਰੋ) ਛੇ ਗੁਣ; ਨਿਸ਼ਾਨੀਆਂ। ਪੂਰਨੰ ਪੁਰਖਹ–ਪੂਰਨ ਪੁਰਖ (ਪੁੱਗੇ ਹੋਏ ਸਾਧੂ ਦੀਆਂ)। ਧ੍ਹਾਨੰ ਨੂੰ ਧਿਆਨੰ, ਗ੍ਹਾਨੰ ਨੂੰ ਗਿਆਨੰ, ਤ੍ਰਿਾਗਿ ਨੂੰ ਤਿਆਗ ਅਤੇ ਸ੍ਵਜਨਹ ਨੂੰ ਸੁਅਜਨਹ ਉਚਾਰੋ।੪੦।

ਅਜਾ ਭੋਗੰਤ ਕੰਦ ਮੂਲੰ,ਬਸੰਤੇ ਸਮੀਪਿ ਕੇਹਰਹ ॥ ਜਿਵੇਂ ਬਕਰੀ (ਚੰਗੇ ਚੰਗੇ) ਫਲ ਪੱਤੇ ਖਾਂਦੀ ਹੋਵੇ, ਪਰ ਸ਼ੇਰ ਦੇ ਨੇੜੇ ਵਸਦੀ ਹੋਣ ਕਰਕੇ (ਬੱਕਰੀ ਨੂੰ ਮੌਤ ਦਾ ਡਰ ਬਣਿਆ ਰਹਿੰਦਾ ਹੈ, ਚੰਗਾ ਖਾਣ ਦੇ ਬਾਵਜੂਦ ਵੀ ਬਕਰੀ ਵਧਦੀ ਫੁਲਦੀ ਨਹੀ)।

ਤਤ੍ਰ ਗਤੇ ਸੰਸਾਰਹ,ਨਾਨਕ ਸੋਗ ਹਰਖੰ ਬਿਆਪਤੇ ॥੪੧॥ ਓਹੀ ਹਾਲਤ ਸੰਸਾਰ ਦੀ ਹੈ, ਗੁਰੂ ਜੀ ਕਹਿੰਦੇ ਹਨ, (ਸੰਸਾਰ ਦੇ ਲੋਕਾਂ ਨੂੰ) ਖੁਸ਼ੀ ਗਮੀ ਲਗਦੇ ਰਹਿੰਦੇ ਹਨ।੪੧।

ਪਦਾਰਥ = ਅਜਾ–ਬਕਰੀ। ਭੋਗੰਤ–ਖਾਂਦੀ ਹੈ। ਕੰਦ ਮੂਲੰ–ਫਲ ਤੇ ਜੜਾਂ ਆਦਿ। ਬਸੰਤੇ–ਵਸਦੀ ਹੈ। ਸਮੀਪਿ–ਨੇੜੇ; ਕੋਲ। ਕੇਹਰਹ–ਸ਼ੇਰ ਦੇ। ਤਤ੍ਰ–ਉਸੇ ਤਰ੍ਹਾਂ। ਗਤੇ–ਹਾਲਤ। ਸੋਗ ਹਰਖੰ–ਗਮੀ ਤੇ ਖੁਸ਼ੀ। ਬਿਆਪਤੇ–ਲਗਦੇ (ਵਿਆਪਦੇ) ਹਨ।੪੧।

ਵਿਆਖਿਆ = ਮਨੁੱਖ ਚੰਗੇ ਚੰਗੇ ਭੋਜਨ ਖਾ ਕੇ ਬੜਾ ਖੁਸ਼ ਹੁੰਦਾ ਹੈ, ਪਰ ਮੌਤ ਰੂਪ ਸ਼ੇਰ ਦੇ ਨੇੜੇ ਹੋਣ ਅਤੇ ਡਰ ਕਰਕੇ ਅੰਦਰੋਂ ਅੰਦਰੀਂ ਸੁਕਦਾ ਰਹਿੰਦਾ ਹੈ। ਪੈਂਦੇ ਖਾਨ ਨੇ ਛੇਵੇਂ ਗੁਰੂ ਜੀ ਨੂੰ ਬੇਨਤੀ ਕੀਤੀ, ਵਿਕਾਰ ਬਹੁਤ ਤੰਗ ਕਰਦੇ ਹਨ, ਇਨ੍ਹਾਂ ਤੋਂ ਕਿਵੇਂ ਬਚਿਆ ਜਾਵੇ। ਤਾਂ ਗੁਰੂ ਜੀ ਨੇ ਸਮਝਾਉਣ ਲਈ ਕਿਹਾ ਕਿ ਤੈਂ ਪਰਸੋਂ ਮਰਨਾ ਹੈ। ਮਰਨਾ ਸੁਣ ਸਹਮ ਗਿਆ, ਵਿਕਾਰ ਤਾਂ ਇਕ ਪਾਸੇ ਰਹੇ, ਖਾਣਾ ਵੀ ਚੰਗਾ ਨਾ ਲੱਗੇ। ਵਾਹਿਗੁਰੂ ਨੂੰ ਭੁਲਾ ਕੇ ਪਦਾਰਥਾਂ ਦੇ ਸੁਆਦਾਂ ਵਿਚ ਪੈਣ ਨਾਲ ਮੌਤ ਦਾ ਡਰ ਬਣਿਆ ਰਹਿੰਦਾ ਹੈ, ਇਸੇ ਕਰਕੇ ਮਨੁੱਖ ਨੂੰ ਮਨ ਦੀ ਖੁਸ਼ੀ ਨਹੀਂ ਮਿਲਦੀ।੪੧।

ਛਲੰ ਛਿਦ੍ਰੰ ਕੋਟਿ ਬਿਘਨੰ, ਅਪਰਾਧੰ ਕਿਲਬਿਖ ਮਲੰ ॥ (ਦੂਜਿਆਂ) ਨਾਲ ਧੋਖਾ ਕਰਨਾ, ਹੋਰਨਾਂ ਦੇ ਦੋਸ਼ (ਜਾਹਰ ਕਰਨੇ) {ਜਉ ਦੇਖੈ ਛਿਦ੍ਰੁ ਤਉ ਨਿੰਦਕੁ ਉਮਾਹੈ, ਭਲੋ ਦੇਖਿ ਦੁਖ ਭਰੀਐ ੮੨੩}, ਦੂਜਿਆਂ ਦੇ ਕੰਮਾ ਵਿਚ ਕ੍ਰੋੜਾਂ ਵਿਘਨ ਪਾਉਣੇ, (ਇਨ੍ਹਾਂ) ਗੁਨਾਹਾਂ ਅਤੇ ਪਾਪਾਂ ਕਰਕੇ (ਮਨੁੱਖ ਦਾ ਮਨ) ਮੈਲਾ ਹੋ ਰਿਹਾ ਹੈ।

ਭਰਮ ਮੋਹੰ ਮਾਨ ਅਪਮਾਨੰ, ਮਦੰ ਮਾਯਾ ਬਿਆਪਿਤੰ ॥ ਭਰਮ, ਮੋਹ, ਮਾਨ (ਆਦਰ), ਅਪਮਾਨ (ਨਿਰਾਦਰ ਤੇ ਮਾਯਾ ਦਾ) ਨਸ਼ਾ (ਜਾਂ ਹੰਕਾਰ ਆਦਿ ਵਿਕਾਰ) ਮਾਯਾ ਕਰਕੇ ਮਨੁੱਖ ਨੂੰ ਵਿਆਪ ਰਹੇ (ਲੱਗੇ ਹੋਏ) ਹਨ।

ਮ੍ਰਿਤ੍ਯੁ ਜਨਮ ਭ੍ਰਮੰਤਿ ਨਰਕਹ,ਅਨਿਕ ਉਪਾਵੰ ਨ ਸਿਧ੍ਯਤੇ ॥ (ਇਨ੍ਹਾਂ ਵਿਕਾਰਾਂ ਕਰਕੇ ਮਨੁੱਖ) ਮਰਦਾ ਤੇ ਜਨਮਦਾ ਹੋਇਆ ਨਰਕਾਂ ਵਿਚ ਭਟਕਦਾ ਹੈ, (ਜਨਮ ਮਰਨ ਤੋਂ ਬਚਣ ਲਈ) ਅਨੇਕਾਂ ਜਤਨ ਵੀ ਸਫਲ ਨਹੀਂ ਹੁੰਦੇ।

ਨਿਰਮਲੰ ਸਾਧ ਸੰਗਹ, ਜਪੰਤਿ ਨਾਨਕ ਗੋਪਾਲ ਨਾਮੰ ॥ ਰਮੰਤਿ ਗੁਣ ਗੋਬਿੰਦ ਨਿਤਪ੍ਰਤਹ ॥੪੨॥ ਨਾਨਕ ਗੁਰੂ ਜੀ ਆਖਦੇ ਹਨ, (ਜੋ ਮਨੁੱਖ) ਸਾਧੂਆਂ ਦੇ ਸੰਗ ਵਿਚ ਮਿਲ ਕੇ ਹਰੀ ਦਾ ਨਾਮ ਜਪਦੇ ਹਨ ਅਤੇ ਹਰ ਰੋਜ ਹਰੀ ਦੇ ਗੁਣ ਗਾਉਂਦੇ ਹਨ, ਉਹ ਮਨੁੱਖ ਪਵਿਤ੍ਰ (ਜੀਵਨ ਵਾਲੇ) ਹੋ ਜਾਂਦੇ ਹਨ।੪੨।

ਪਦਾਰਥ = ਛਲੰ–ਛਲ; ਧੋਖਾ। ਛਿਦ੍ਰੰ–ਦੋਸ਼। ਅਪਰਾਧੰ–ਗੁਨਾਹ। ਕਿਲਬਿਖ–ਪਾਪ। ਮਲੰ–ਮੈਲ। ਮਾਨ–ਆਦਰ। ਅਪਮਾਨੰ–ਨਿਰਾਦਰ। ਮਦੰ–ਨਸ਼ਾ; ਹੰਕਾਰ। ਬਿਆਪਤੰ–ਵਿਆਪਦੇ (ਲਗਦੇ) ਹਨ। ਮ੍ਰਿਤ੍ਯੁ–(ਮ੍ਰਿਤਉ ਪੜ੍ਹੋ, ਕਿਉਂਕਿ ਤੱਤੇ ਦੇ ਪੈਰ ਵਿਚਲੇ ਯਯੇ ਨੂੰ ਔਂਕੜ ਲੱਗਾ ਹੈ)ਮੌਤ। ਭ੍ਰਮੰਤਿ–ਭਟਕਦੇ ਹਨ। ਉਪਾਵੰ–ਜਤਨ। ਨ ਸਿਧ੍ਯਤੇ–(ਸਿਧਿਅਤੇ ਬੋਲੋ) ਸਫਲ ਨਹੀ ਹੁੰਦੇ; ਮੁਕਤੀ ਨਹੀ ਮਿਲਦੀ। ਨਿਰਮਲੰ–ਪਵਿਤ੍ਰ। ਗੋਪਾਲ–ਪ੍ਰਭੂ। ਨਿਤਪ੍ਰਤਹ–ਨਿਤਾ ਪ੍ਰਤੀ (ਹਰ ਰੋਜ)। ਰਮੰਤਿ–ਜਪਦੇ ਹਨ।੪੨।

ਵਿਆਖਿਆ = ਇਸ ਵਿਚ ਗੁਰੂ ਜੀ ਨੇ ਮਨੁੱਖ ਦੀਆਂ ਤਿੰਨ ਹਾਲਤਾਂ ਦਸੀਆਂ ਹਨ।੧ ਧੋਖਾ, ਅਪਣੇ ਦੋਸ਼ ਲੁਕਾ ਕੇ ਰੱਖਣੇ, ਹੋਰਨਾਂ ਦੇ

ਦੋਸ਼ ਛੱਜ ਵਿਚ ਪਾ ਕੇ ਛੰਡਣੇ। ਕਿਸੇ ਦੇ ਚੰਗੇ ਕੰਮਾਂ ਵਿਚ ਰੁਕਾਵਟਾਂ ਪਾਉਣੀਆਂ, ਇਨ੍ਹਾਂ ਪਾਪਾਂ ਕਰਕੇ ਮਨ ਮੈਲਾ ਹੋ ਜਾਂਦਾ ਹੈ।੨ ਇਸਦਾ ਫਲ ਜਨਮ ਮੌਤ ਅਤੇ ਨਰਕ ਦਾ ਦੁੱਖ ਭੋਗਣ ਵਿਚਹੈ।੩ ਮਾਯਾ ਦੇ ਭਰਮ ਕਰਕੇ ਮਨੁੱਖ ਮੋਹ, ਮਾਨ ਅਪਮਾਨ ਤੇ ਹੰਕਾਰ ਆਦਿ ਵਿਚ ਫਸਿਆ ਹੋਇਆ ਹੈ। ਸਾਧ ਸੰਗਤ ਵਿਚ ਨਾਮ ਜਪ ਕੇ ਹਰੀ ਦੇ ਗੁਣ ਗਾਉਣ ਨਾਲ ਮਨੁੱਖ ਪਵਿਤ੍ਰ ਹੋ ਕੇ ਮੁਕਤ ਹੁੰਦਾ ਹੈ।

ਤਰਣ ਸਰਣ ਸੁਆਮੀ, ਰਮਣ ਸੀਲ ਪਰਮੇਸੁਰਹ ॥ ਸਭ ਕੌਤਕ ਕਰਨ ਵਾਲੇ ਪ੍ਰਭੂ ਦੀ ਸ਼ਰਣ (ਸੰਸਾਰ ਸਾਗਰ ਤੋਂ ਪਾਰ ਕਰਨ ਲਈ) ਜਹਾਜ ਹੈ; ਵਾਹਿਗੁਰੂ ਦੀ ਸ਼ਰਣ (ਭਵਜਲ ਤੋਂ ਤਰਨ ਲਈ) ਜਹਾਜ ਹੈ, ਉਹ ਵਿਆਪਕ ਹੈ ਤੇ ਸੀਲ (ਸ਼ਾਂਤ) ਰੂਪ ਹੈ (ਸ਼ਬਦਾਰਥ)।

ਕਰਣ ਕਾਰਣ ਸਮਰਥਹ,ਦਾਨੁ ਦੇਤ ਪ੍ਰਭੁ ਪੂਰਨਹ ॥ ਜਗਤ ਨੂੰ ਉਤਪਤ ਕਰਨ ਦੇ ਸਮਰੱਥ ਹੈ; ਸਾਰੇ ਜਗਤ ਦਾ ਮੂਲ ਕਾਰਨ ਹੈ ਅਤੇ ਸਭ ਕੁਝ ਕਰਨ ਦੇ ਯੋਗ ਹੈ, ਪੂਰਨ ਪ੍ਰਭੂ (ਖਾਣ ਪਾਨ ਦਾ) ਦਾਨ ਦੇਂਦਾ ਹੈ।

ਨਿਰਾਸ ਆਸ ਕਰਣੰ, ਸਗਲ ਅਰਥ ਆਲਯਹ ॥ ਨਿਰਾਸਿਆਂ ਦੀ ਆਸਾ ਪੂਰੀ ਕਰਨ ਵਾਲਾ ਹੈ ਅਤੇ ਸਾਰੇ ਪਦਾਰਥਾਂ (ਧਰਮ ਅਰਥ ਕਾਮ ਤੇ ਮੋਖ) ਦਾ ਘਰ (ਭੰਡਾਰ) ਹੈ।

ਗੁਣ ਨਿਧਾਨ ਸਿਮਰੰਤਿ ਨਾਨਕ, ਸਗਲ ਜਾਚੰਤ ਜਾਚਿਕਹ ॥੪੩॥ ਨਾਨਕ ਗੁਰੂ ਜੀ ਗੁਣਾਂ ਦੇ ਭੰਡਾਰ ਅਕਾਲ ਪੁਰਖ ਨੂੰ ਸਿਮਰਦੇ ਹਨ;ਗੁਰੂ ਜੀ ਆਖਦੇ ਹਨ, (ਜੀਵ) ਗੁਣਾਂ ਦੇ ਭੰਡਾਰ (ਨਿਰੰਕਾਰ ਨੂੰ) ਸਿਮਰਦੇ ਹਨ, (ਫ. ਸ.; ਭਾ. ਵੀਰ ਸਿੰਘ) ਅਤੇ ਸਾਰੇ ਜੀਵ ਮੰਗਤੇ (ਬਣ ਕੇ ਦਾਤਾਂ ਉਸ ਪ੍ਰਭੂ ਤੋਂ) ਮੰਗਦੇ ਹਨ।੪੩।

ਪਦਾਰਥ = ਤਰਣ-ਜਹਾਜ। ਸੁਆਮੀ-ਮਾਲਕ। ਰਮਣ ਸੀਲ-ਕੌਤਕ ਕਰਨ ਵਾਲਾ (ਮ.ਕੋ.; ਦਰਪਣ); ਚੋਜੀ ਪ੍ਰੀਤਮ; ਜਪਣ ਯੋਗ; ਵਿਆਪਕ ਤੇ ਸੀਲ ਰੂਪ। ਕਰਣ ਕਾਰਣ-ਸਾਰੇ ਕਾਰਨਾਂ ਨੂੰ ਕਰਨ ਵਾਲਾ; ਜਗਤ ਦਾ ਮੂਲ। ਸਮਰਥਹ-ਸਭ ਕੁਝ ਕਰਨ ਯੋਗ। ਦੇਤ-ਦੇਂਦਾ ਹੈ। ਪੂਰਨਹ-ਪੂਰਾ। ਨਿਰਾਸ-ਆਸ ਹੀਣ। ਆਸ ਕਰਣੰ-ਆਸ ਪੂਰੀ ਕਰਨ ਵਾਲਾ। ਅਰਥ-ਪਦਾਰਥ; ਧਨ। ਆਲਯਹ-ਭੰਡਾਰ; ਘਰ (ਆਲਿਅਹ ਬੋਲੋ)। ਗੁਣ ਨਿਧਾਨ-ਗੁਣਾਂ ਦਾ ਖਜਾਨਾ ਅਕਾਲ ਪੁਰਖ। ਜਾਚੰਤ-ਮੰਗਦੇ ਹਨ। ਜਾਚਕਹ-ਮੰਗਤੇ।੪੩।

ਅੰਗ ੧੩੫੮ = ਦੁਰਗਮ ਸਥਾਨ ਸੁਗਮੰ, ਮਹਾ ਦੂਖ ਸਰਬ ਸੂਖਣਹ ॥ (ਵਾਹਿਗੁਰੂ ਦੀ ਕ੍ਰਿਪਾ ਨਾਲ) ਜਿਨ੍ਹਾਂ ਥਾਵਾਂ ਤੇ ਪੁੱਜਣਾ ਕਠਨ ਹੈ, ਉਹ ਸੌਖੇ ਹੋ ਜਾਂਦੇ ਹਨ (ਪ੍ਰਲੋਕ, ਸੱਚਖੰਡ, ਦਸਮ ਦੁਆਰ, ਤੁਰੀਆ ਪਦ ਤੇ ਪਹੁੰਚਣਾ ਔਖਾ ਹੈ, ਪਰ ਜਦ ਵਾਹਿਗੁਰੂ ਦੀ ਮੇਹਰ ਹੋਵੇ ਤਾਂ ਮਨੁੱਖ ਸੌਖਾ ਹੀ ਪੁੱਜ ਜਾਂਦਾ ਹੈ) ਅਤੇ ਸਾਰੇ ਵੱਡੇ ਵੱਡੇ ਦੁੱਖ ਸੁੱਖਾਂ ਵਿਚ ਬਦਲ ਜਾਂਦੇ ਹਨ।

ਦੁਰ ਬਚਨ ਭੇਦ ਭਰਮੰ, ਸਾਕਤ ਪਿਸਨੰਤ ਸੁਰਜਨਹ ॥ (ਜਿਹੜੇ ਮਨੁੱਖ) ਖਰ੍ਹਵੇ ਬੋਲਾਂਨਾਲ ਦੂਜਿਆਂ ਦਾ ਮਨ ਵਿਨ੍ਹਦੇ (ਮਨਾਂ ਵਿਚ ਫਰਕ ਪਾਉਂਦੇ) ਹਨ ਅਤੇ ਭਰਮਾ ਦੇਂਦੇ ਹਨ (ਜਾਂ ਜੀਵਨ ਦੇ ਰਸਤੇ ਤੋਂ ਭਟਕੇ ਹੋਏ) ਸਾਕਤ ਤੇ ਚੁਗਲ ਹਨ, ਉਹ ਸਾਰੇ ਨੇਕ ਬੰਦੇ ਬਣ ਜਾਂਦੇ ਹਨ {ਬੈਰੀ ਉਲਟਿ ਭਏ ਹੈ ਮੀਤਾ। ਸਾਕਤ ਉਲਟਿ ਸੁਜਨ ਭਏ ਚੀਤਾ ੩੨੬}।

ਅਸਥਿਤੰ ਸੋਗ ਹਰਖੰ, ਭੈ ਖੀਣੰਤ ਨਿਰਭਵਹ ॥ ਸੋਗ ਖੁਸ਼ੀ ਵਿਚ ਜਾ ਟਿਕਦਾ ਹੈ, (ਜਮਾਂ ਦਾ) ਭੈ ਨਾਸ਼ ਹੋ ਜਾਂਦਾ ਹੈ ਜਾਂ ਭੈ ਕਰਕੇ ਕਮਜੋਰ ਹੋ ਰਿਹਾ (ਮਨੁੱਖ) ਨਿਰਭੈ ਹੋ ਜਾਂਦਾ ਹੈ।

ਭੈ ਅਟਵੀਅੰ ਮਹਾ ਨਗਰ ਬਾਸੰ,ਧਰਮ ਲਖ੍ਹਣ ਪ੍ਰਭ ਮਇਆ ॥ ਡਰਾਉਣਾ ਜੰਗਲ (ਸੰਸਾਰ) ਵੱਡਾ ਵਸਦਾ ਨਗਰ ਪ੍ਰਤੀਤ ਹੋਣ ਲਗਦਾ (ਜੀਵਨ ਸੁਖੀ ਹੋ ਜਾਂਦਾ) ਹੈ। ਇਹ ਧਰਮ ਦੇ ਲੱਛਣ (ਚਿੰਨ) ਹਨ ਜੋ ਪ੍ਰਭੂ ਦੀ ਕ੍ਰਿਪਾ ਨਾਲ ਮਿਲਦੇ ਹਨ।

ਸਾਧ ਸੰਗਮ ਰਾਮ ਰਾਮ ਰਮਣੰ, ਸਰਣਿ ਨਾਨਕ ਹਰਿ ਹਰਿ ਦਯਾਲ ਚਰਣੰ ॥੪੪॥ ਨਾਨਕ ਗੁਰੂ ਜੀ ਆਖਦੇ ਹਨ, ਜੋ ਮਨੁੱਖ ਸਾਧ ਸੰਗਤ ਵਿਚ ਵਾਹਿਗੁਰੂ ਦਾ ਨਾਮ ਜਪਦਾ ਹੈ ਤੇ ਦਿਆਲ ਹਰੀ ਦੇ ਚਰਨਾਂ ਦੀ ਸ਼ਰਣ ਲੈਂਦਾ ਹੈ (ਉਸ ਨੂੰ ਪ੍ਰਭੂ ਦੀ ਮੇਹਰ ਨਾਲ ਧਰਮ ਦੇ ਲੱਖਣ ਪ੍ਰਾਪਤ ਹੁੰਦੇ ਹਨ)।੪੪।

ਪਦਾਰਥ = ਦੁਰਗਮ-ਕਠਨ; ਜਿਥੇ ਪੁੱਜਣਾ ਮੁਸ਼ਕਲ ਔਖਾ ਹੋਵੇ। ਸੁਗਮੰ-ਸੌਖਾ। ਮਹਾ-ਵੱਡਾ। ਸਰਬ-ਸਾਰੇ। ਦੁਰ ਬਚਨ-ਖਰ੍ਹਵੇ ਬੋਲਾਂਨਾਲ। ਭੇਦ-ਵਿਨ੍ਹਣਾ; ਮਨਾਂ ਵਿਚ ਵਿਥ ਪਾਉਣੀ। ਭਰਮ-ਭਰਮਾਉਂਦੇ ਹਨ; ਭਟਕੇ ਹੋਏ। ਪਿਸਨੰਤ-ਚੁਗਲ ਖੋਰ। ਸੁਰਜਨਹ-ਚੰਗੇ ਮਨੁੱਖ। ਅਸਥਿਤੰ-ਟਿਕਦਾ ਹੈ। ਸੋਗ ਹਰਖੰ-ਗਮੀ ਤੇ ਖੁਸ਼ੀ। ਖੀਣੰਤ-ਨਾਸ਼ ਹੁੰਦਾ ਹੈ (ਪਿਸਨੰ ਤ ਅਤੇ ਖੀਣੰ ਤ ਪਦਛੇਦ ਪਾਠ ਵੀ ਹੈ, ਪਰ ਟਕਸਾਲ ਤੇ ਫਰੀਦਕੋਟ ਸਟੀਕ ਨੇ ਤੱਤੇ ਨਾਲ ਜੋੜ ਕੇ ਪਾਠ ਕੀਤਾ ਹੈ)। ਨਿਰਭਵਹ-ਨਿਰਭੈ। ਭੈ ਅਟਵੀਅੰ-ਡਰਾਉਣਾ ਜੰਗਲ (ਬਹੁਤ ਝਾੜੀਆਂ, ਜਿਨ੍ਹਾਂ ਵਿਚ ਫਸ ਕੇ ਨਿਕਲਨਾ ਕਠਨ ਹੋਵੇ); ਉਜਾੜ (ਗੁ.ਪਾ.ਦ.; ਸੰ.ਸ.)। ਬਾਸੰ-ਵਸੇ ਹੋਏ; ਵਸੋਂ ਵਾਲਾ। ਲਖ੍ਹਣ (ਲੱਖਿਅਣ ਬੋਲੋ)-ਲੱਛਣ। ਰਮਣੰ-ਜਪਦਾ ਹੈ। ਸਾਧ ਸੰਗਮ-ਸਾਧ ਸੰਗਤ ਵਿਚ। ਮਇਆ-ਮੇਹਰ ਨਾਲ।੪੪।

ਵਿਆਖਿਆ = ।ਸਾਧ ਸੰਗਤ ਵਿਚ ਹਰੀ ਦਾ ਨਾਮ ਜਪਣ ਨਾਲ ਮਨੁੱਖ ਦੇ ਅੰਦਰ ਧਰਮ ਆ ਜਾਂਦਾ ਹੈ, ਹਰੀ ਦੀ ਮੇਹਰ ਹੁੰਦੀ ਹੈ। ਸਭ ਬੁਰਿਆਈਆਂ ਨੇਕੀ ਵਿਚ ਬਦਲ ਜਾਂਦੀਆਂ ਹਨ। ਔਖਾ ਮਿਲਣ ਵਾਲਾ ਪਰਮ ਪਦ, ਸੌਖਾ ਹੀ ਮਿਲ ਜਾਂਦਾ ਹੈ।੪੪।

ਹੇ ਅਜਿਤ ਸੂਰ ਸੰਗ੍ਰਾਮੰ, ਅਤਿ ਬਲਨਾ ਬਹੁ ਮਰਦਨਹ ॥ (ਪੰ: ਹਰੀ ਲਾਲ ਅਤੇ ਕ੍ਰਿਸ਼ਨ ਲਾਲ ਗੁਰੂ ਜੀ ਨੂੰ ਪੁਛਦੇ ਹਨ, ਕਾਮ ਕ੍ਰੋਧ ਮੋਹ ਆਦਿ ਕਿੰਨੇ ਕੁ ਬਲਵਾਨ ਹਨ?) ਹੇ ਯੁੱਧ ਵਿਚ ਨਾ ਜਿੱਤੇ ਜਾਣ ਵਾਲੇ (ਮੋਹ ਰੂਪ) ਸੂਰਮੇ! ਤੂੰ ਬਹੁਤ ਬਲਵਾਨ ਅਤੇ ਬਹੁਤ (ਬਲਵਾਨਾਂ

ਨੂੰ) ਮਲ (ਨਾਸ਼ ਕਰ) ਦੇਣ ਵਾਲਾ ਹੈਂ।
ਗਣ ਗੰਧਰਵ ਦੇਵ ਮਾਨੁਖੵੰ ,ਪਸੁ ਪੰਖੀ ਬਿਮੋਹਨਹ ॥ ਗਣ ਗੰਧਰਵ (ਦੇਵਤਿਆਂ ਦੇ ਸੇਵਕ ਅਤੇ ਗਵੱਈਏ) ਦੇਵਤੇ ਮਨੁੱਖ ਪਸ਼ੂ ਪੰਛੀ (ਇਨ੍ਹਾਂ ਸਭ) ਨੂੰ ਚੰਗੀ ਤਰ੍ਹਾਂ ਮੋਹ ਲੈਂਦਾ ਹੈਂ।
ਹਰਿ ਕਰਣਹਾਰੰ ਨਮਸਕਾਰੰ, ਸਰਣਿ ਨਾਨਕ ਜਗਦੀਸ੍ਵਰਹ ॥੪੫॥ (ਹੇ ਪੰਡਤੋ ! ਸਭ ਦੇ) ਰਚਣਹਾਰ ਵਾਹਿਗੁਰੂ ਨੂੰ ਨਮਸ਼ਕਾਰ ਕਰੋ (ਮੋਹ ਤੋਂ ਬਚਣ ਲਈ) ਜਗਤ ਦੇ ਮਾਲਕ (ਵਾਹਿਗੁਰੂ ਦੀ) ਸ਼ਰਣ ਲਵੋ।੪੫।
ਪਦਾਰਥ = ਅਜਿਤ–ਨਾ ਜਿੱਤਿਆ ਜਾਣ ਵਾਲਾ।ਸੂਰ–ਸੂਰਮਾ।ਸੰਗ੍ਰਾਮੰ–ਯੁੱਧ ਵਿਚ।ਅਤਿ ਬਲਨਾ–ਬਹੁਤ ਬਲ ਵਾਲਾ।ਮਰਦਨਹ–ਨਾਸ਼ ਕਰਨ ਵਾਲਾ।ਗਣ–ਦੇਵਤਿਆਂ ਦੇ ਸੇਵਕ।ਗੰਧਰਵ–ਦੇਵ ਲੋਕ ਦੇ ਗਵੱਈਏ।ਦੇਵ–ਦੇਵਤੇ।ਬਿਮੋਹਨਹ–ਚੰਗੀ ਤਰ੍ਹਾਂ ਗੁਮਰਾਹ ਕਰਨ ਵਾਲਾ (ਮ.ਕੋ.); ਮੋਹ ਲੈਣ ਵਾਲਾ।ਮਾਨੁਖੵੰ ਨੂੰ ਮਾਨੁਖਿਅੰ ਪੜ੍ਹੋ।ਪਸੁ–ਪਸ਼ੂ।ਜਗਦੀਸ੍ਵਰਹ–(ਜਗਦੀਸੁਅਰਹ ਪੜ੍ਹੋ) ਜਗਤ ਦਾ ਮਾਲਕ ਪ੍ਰਭੂ।ਕਰਣਹਾਰੰ–ਜਗਤ ਦੀ ਰਚਨਾ ਕਰਨ ਵਾਲਾ ਪ੍ਰਭੂ।੪੫।
ਵਿਆਖਿਆ = ਹੇ ਮੋਹ ! ਜੰਗ ਵਿਚ ਨਾ ਜਿੱਤ ਵਾਲੇ ਬਹੁਤ ਬਲਵਾਨ ਸੂਰਮਿਆਂ ਨੂੰ ਵੀ ਤੈਂ ਨਾਸ਼ ਕਰ ਦਿਤਾ ਹੈ।ਸਾਰਾ ਜਗਤ, ਬੜੇ ਬੜੇ ਰਿਸ਼ੀ ਮੁਨੀ ਸਾਧੂ ਸੰਤ ਅਤੇ ਅਦ੍ਰਿਸਟ ਜਗਤ ਦੇ ਦੇਵੀ ਦੇਵਤੇਅਜਿਤ ਮੋਹ ਤੋਂ ਨਹੀ ਬਚ ਸਕੇ।ਗੁਰੂ ਦਸ਼ਮੇਸ਼ ਜੀ ਨੇ ਸਾਰਾ ਪ੍ਰਵਾਰ ਵਾਰ ਦਿਤਾ, ਮੋਹ ਨੂੰ ਕੇਵਲ ਗੁਰੂ ਜੀ ਨੇ ਜਿਤਿਆ।ਇਕ ਵਾਰ ਅਰਜਨ ਕ੍ਰਿਸ਼ਨ ਜੀ ਪਾਸ ਬੈਠਾ ਸੀ।ਅਰਜਨ ਦੀ ਗੋਦ ਵਿਚ ਪੁਤ੍ਰ ਅਭਿਮੰਨੂ ਖੇਡਦਾ ਸੀ, ਖੇਡਦੇ ਹੋਏ ਅਭਿਮੰਨੂੰ ਨੇ ਪਿਓ ਦੀ ਪੱਗ ਲਾਹ ਦਿਤੀ।ਅਰਜਨ ਫਿਰ ਵੀ ਪਿਆਰ ਕਰੀ ਜਾਵੇ, ਕ੍ਰਿਸ਼ਨ ਜੀ ਹੱਸੇ।ਅਰਜਨ ਨੇ ਹੱਸਣ ਦਾ ਕਾਰਨ ਪੁਛਿਆ।ਕ੍ਰਿਸਨ ਜੀ ਨੇ ਕਿਹਾ ਜੇ ਕੋਈ ਹੋਰ ਤੇਰੀ ਪੱਗ ਲਾਹ ਦਿੰਦਾ, ਤੂੰ ਉਸਦਾ ਸਿਰ ਕੱਟ ਦੇਣਾ ਸੀ, ਪਰ ਮੋਹ ਐਸਾ ਬਲਵਾਨ ਹੈ, ਪੁਤ੍ਰ ਨੇ ਪੱਗ ਲਾਹੀ, ਸੱਗੋਂ ਤੂੰ ਖੁਸ਼ ਹੋ ਰਿਹਾ ਹੈਂ।ਵਿਸ਼ਵਾਮਿਤ੍ਰ ਨੇ ਵਸਿਸਟ ਦਾ ਸੌ ਪੁੱਤ ਮਾਰ ਦਿਤਾ।ਪੁਤ੍ਰਾਂ ਦੇ ਵਿਜੋਗ ਵਿਚ ਵਸਿਸਟ ਸੱਤਲੁਜ ਵਿਚ ਡੁੱਬਣ ਲੱਗਾ, ਤਾਂ ਸਤਲੁਜ ਸੌ ਟੁਕੜੇ ਹੋ ਕੇ ਚੱਲ ਪਿਆ, ਡੋਬਿਆ ਨਾ।੪੫।
ਹੇ ਕਾਮੰ ਨਰਕ ਬਿਸ੍ਰਾਮੰ,ਬਹੁ ਜੋਨੀ ਭ੍ਰਮਾਵਣਹ ॥ ਹੇ ਕਾਮ (ਦੇਵ) ! ਤੂੰ ਜੀਵਾਂ ਨੂੰ ਨਰਕਾਂ ਵਿਚ ਟਿਕਾਣਾ (ਵਾਸਾ) ਦੇਣ ਵਾਲਾ ਅਤੇ ਬਹੁਤ ਜੂਨਾਂ ਵਿਚ ਫਿਰਾਉਣ (ਭਟਕਾਉਣ) ਵਾਲਾ ਹੈਂ।
ਚਿਤ ਹਰਣੰ ਤ੍ਰੈ ਲੋਕ ਗਮੵੰ ,ਜਪ ਤਪ ਸੀਲ ਬਿਦਾਰਣਹ ॥ (ਕਾਮ ਵਿਕਾਰ ਦੀ ਨਜਰ ਨਾਲ) ਮਨ ਨੂੰ ਮੋਹ (ਭਰਮਾ) ਲੈਂਦਾ ਹੈਂ, ਤਿੰਨਾਂ ਲੋਕਾਂ ਵਿਚ ਤੇਰੀ ਪਹੁੰਚ ਹੈ, (ਜੀਵਾਂ ਦੇ) ਜਪ ਤਪ (ਪਾਠ ਪੂਜਾ ਦਾ ਫਲ) ਅਤੇ ਨੇਕ ਸੁਭਾਵ (ਆਚਰਣ) ਨਸ਼ਟ ਕਰਨ ਵਾਲਾ ਹੈਂ।
ਅਲਪ ਸੁਖ ਅਵਿਤ ਚੰਚਲ, ਊਚ ਨੀਚ ਸਮਾਵਣਹ ॥ ਥੋੜਾ ਸੁਖ ਦੇਣ ਵਾਲਾ ਹੈਂ (ਕਾਮ ਦਾ ਅਨੰਦ ਥੋੜਾ ਸਮਾਂ ਰਹਿਣ ਵਾਲਾ ਹੈ), ਧਨ ਹੀਣ (ਕੰਗਾਲ) ਕਰਨ ਵਾਲਾ ਹੈਂ, ਮਨ ਨੂੰ ਚੰਚਲ ਕਰਨ (ਨਾ ਟਿਕਣ ਦੇਣ) ਵਾਲਾ ਹੈਂ, ਉਚੇ ਨੀਵੇਂ (ਸਾਰੇ ਜੀਵਾਂ) ਵਿਚ ਮਿਲ (ਸਮਾ) ਜਾਂਦਾ ਹੈਂ (ਜਦ ਜੀਵ ਵਿਚ ਕਾਮਦੇਵ ਸਮਾਉਂਦਾ ਹੈ ਤਾਂ ਜੀਵ ਉਚ ਨੀਚ ਦਾ ਵੀ ਵਿਚਾਰ ਨਹੀ ਕਰਦਾ){ਛਿਵੈ ਕਾਮ ਨ ਪੁਛੈ ਜਾਤਿ ੧੩੭}।
ਤਵ ਭੈ ਬਿਮੁੰਚਿਤ ਸਾਧ ਸੰਗਮ, ਓਟ ਨਾਨਕ ਨਾਰਾਇਣਹ ॥੪੬॥ਨਾਨਕ ਗੁਰੂ ਹੀ ਆਖਦੇ ਹਨ, (ਹੇ ਕਾਮ !) ਤੇਰਾ ਡਰ ਸਾਧੂਆਂ ਦੇ ਸੰਗ ਅਤੇ ਨਰੈਣ ਦੀ ਓਟ ਲੈਣ ਕਰਕੇ ਦੂਰ ਹੁੰਦਾ ਹੈ (ਫ.ਸ.; ਸੰ.ਸ.); ਗੁਰੂ ਜੀ ਕਹਿੰਦੇ ਹਨ (ਹੇ ਕਾਮ !) ਤੇਰਾ ਭੈ ਉਨ੍ਹਾਂ ਸੰਤਾਂ ਦਾ ਸੰਗ ਕਰਕੇ ਦੂਰ ਹੁੰਦਾ ਹੈ, ਜਿਨ੍ਹਾਂ ਨੂੰ ਨਰੈਣ ਦੀ ਓਟ ਹੈ (ਸੰ.ਸ.; ਭਾ:ਵੀਰ ਸਿੰਘ)।ਜੇ ਲਖ ਇਸਤਰੀਆ ਭੋਗ ਕਰਹਿ, ਨਵ ਖੰਡ ਰਾਜੁ ਕਮਾਹਿ।ਬਿਨੁ ਸਤਿਗੁਰ ਸੁਖੁ ਨ ਪਾਵਈ, ਫਿਰਿ ਫਿਰਿ ਜੋਨੀ ਪਾਹਿ।(੨੬)।ਨਿਮਖ ਕਾਮ ਸੁਆਦ ਕਾਰਣਿ, ਕੋਟਿ ਦਿਨਸ ਦੁਖ ਪਾਵਹਿ।ਘਰੀ ਮੁਹਤ ਰੰਗਿ ਮਾਣਹਿ, ਫਿਰਿ ਬਹੁਰਿ ਬਹੁਰਿ ਪਛੁਤਾਵਹਿ।(੪੦੩)
ਪਦਾਰਥ = ਬਿਸ੍ਰਾਮੰ–ਵਸਾਉਣ ਵਾਲਾ।ਭ੍ਰਮਾਵਣਹ–ਫਿਰਾਉਣ (ਘੁਮਾਉਣ) ਵਾਲਾ।ਹਰਣੰ–ਚੁਰਾਉਣ;ਮੋਹ ਲੈਣ (ਭਰਮਾਉਣ) ਵਾਲਾ।ਗਮੵੰ–(ਗਮਿਅੰ ਬੋਲੋ) ਪਹੁੰਚ।ਸੀਲ–ਸ਼ਾਂਤ ਸੁਭਾਓ।ਬਿਦਾਰਣਹ–ਨਾਸ਼ ਕਰਨ ਵਾਲਾ।ਅਲਪ–ਥੋੜਾ।ਅਵਿਤ–ਧਨ ਹੀਣ (ਕੰਗਾਲ)। ਸਮਾਵਣਹ–ਸਮਾਇਆ ਹੋਇਆ ਹੈਂ।ਤਵ–ਤੇਰਾ।ਬਿਮੁੰਚਿਤ–ਦੂਰ ਹੁੰਦਾ ਹੈ।੪੬।
ਵਿਆਖਿਆ = ਇਸ ਸਲੋਕ ਵਿਚ ਕਾਮ ਦੇ ਦੋਸ਼ ਦੱਸੇ ਹਨ, ਪੰਜ ਤਰ੍ਹਾਂ ਦੇ ਨਰਕ ਭੁਗਾਉਂਦਾ ਹੈ।ਪਹਿਲਾ ਨਰਕ ਇਸ ਨੂੰ ਭੋਗਣਾ, ਜੋ ਵਿਸ਼ੇ ਕਰਕੇ ਦੁਖਦਾਈ ਨਹੀ ਲਗਦਾ ਪਰ ਪਿਛੋਂ ਮਨ ਵਿਚ ਘਿਰਣਾ ਲਗਦੀ ਹੈ।ਦੂਜਾ ਨਰਕ ਕਈ ਤਰ੍ਹਾਂ ਦੇ ਕੋੜ੍ਹ ਵਰਗੇ ਰੋਗ ਦੇ ਕੇ ਤਨ ਨੂੰ ਨਾਸ਼ ਕਰਦਾ ਹੈ।ਤੀਜਾ ਸੰਸਾਰ ਵਿਚ ਬੇ ਇਜਤੀ ਕਰਾ ਦੇਂਦਾ ਹੈ।ਚੌਥਾ ਰਾਜ ਦੰਡ ਦੁਆਉਂਦਾ ਹੈ, ਪੰਜਵਾਂ ਪ੍ਰਲੋਕ ਦਾ ਦੁਖ ਜੋਨੀਆਂ ਭੋਗਣ ਵਿਚ ਦਿਵਾਉਂਦਾ ਹੈ।ਪੂਜਾ ਪਾਠ ਦਾ ਫਲ ਨਸ਼ਟ ਕਰਦਾ ਹੈ।ਕਾਮੀ ਬੰਦੇ ਦਾ ਮਨ ਕਦੇ ਟਿਕਦਾ ਨਹੀ, ਸਾਰੇ ਜੀਵ ਇਸਦੇ ਅਧੀਨ ਹਨ।ਸਾਧ ਸੰਗਤ ਅਤੇ ਹਰੀ ਦੀ ਓਟ ਹੀ ਕਾਮ ਤੋਂ ਬਚਾ ਸਕਦੀ ਹੈ।ਗ੍ਰੰਥਾਕਾਰਾਂ ਨੇ ਕਾਮ ਦੇ ਪੰਜ ਤੀਰ ਲਗਣ ਤੇ ਪੰਜ ਹਾਲਤਾਂ ਦਾ ਵੇਰਵਾ ਦਿਤਾ ਹੈ।(੧) ਦ੍ਰਵਣ–ਚਿਤ ਦਾ ਵਹਿ ਤੁਰਨਾ; ਮਨ ਪਿਘਲ ਜਾਣਾ।(੨) ਸੋਖਣ–ਬਿਰਹੋਂ ਨਾਲ ਜਲਨ ਪੈਦਾ ਹੋਣੀ।(੩) ਤਾਪਨ–ਸਦਾ ਤਪਦੇ ਰਹਿਣਾ।(੪) ਵਸੀਕਰਨ–ਮੋਹ (ਠੱਗ) ਲੈਣਾ।(੫) ਉਨ ਮਾਦਨ–ਪਾਗਲ ਪੁਣਾ, ਮੱਤ ਮਾਰੀ ਜਾਣੀ।੪੬।
ਹੇ ਕਲਿ ਮੂਲ ਕ੍ਰੋਧੰ, ਕਦੰਚ ਕਰੁਣਾ ਨ ਉਪਰਜਤੇ ॥ ਹੇ ਝਗੜੇ ਦੇ (ਮੂਲ ਕਾਰਨ) ਮੁੱਢ ਕ੍ਰੋਧ ! (ਤੇਰੇ ਅੰਦਰ) ਕਦੇ ਵੀ ਦਇਆ ਨਹੀਂ ਪੈਦਾ ਹੁੰਦੀ (ਭਾਵ ਜਿਸ ਮਨੁੱਖ ਦੇ ਅੰਦਰ ਕ੍ਰੋਧ ਆ ਜਾਂਦਾ ਹੈ, ਉਸਨੂੰ ਦਇਆ ਨਹੀ ਉਪਜਦੀ, ਨਿਰਦਈ ਹੋ ਜਾਂਦਾ ਹੈਂ)।

ਬਿਖਯੰਤ ਜੀਵੰ ਵਸ੍ਯੰ ਕਰੋਤਿ, ਨਿਰਤ੍ਯੰ ਕਰੋਤਿ ਜਥਾ ਮਰਕਟਹ ॥ ਤੂੰ ਵਿਸ਼ਈ ਜੀਵਾਂ ਨੂੰ ਵਸ ਵਿਚ ਕਰ ਲੈਂਦਾ ਹੈਂ, (ਤੇਰੇ ਵਸ ਵਿਚ ਜੀਵ ਇਉਂ) ਨਾਚ ਕਰਦੇ ਹਨ ਜਿਵੇਂ (ਮਦਾਰੀ ਅੱਗੇ) ਬਾਂਦਰ ਜਾਂ ਜੋ ਤੇਰੇ ਅੱਗੇ ਬਾਂਦਰ ਵਾਂਗ ਨਾਚ ਕਰਦੇ ਹਨ (ਸ਼ਬਦਾਰਥ)।

ਅਨਿਕ ਸਾਸਨ ਤਾੜੰਤਿ ਜਮਦੂਤਹ, ਤਵ ਸੰਗੇ ਅਧਮੰ ਨਰਹ ॥ (ਹੇ ਕ੍ਰੋਧ!) ਤੇਰਾ ਸੰਗ ਕਰਕੇ ਮਨੁੱਖ ਨੀਚ ਬਣ ਜਾਂਦੇ ਹਨ (ਜਿਸ ਕਰਕੇ ਉਨ੍ਹਾਂ ਨੂੰ) ਜਮਾਂ ਦੇ ਦੂਤ ਕਈ ਤਰ੍ਹਾਂ ਦੀਆਂ ਤਾੜਨਾ (ਸਜਾਵਾਂ) ਨਾਲ ਤਾੜਦੇ (ਮਾਰਦੇ ਕੁੱਟਦੇ) ਹਨ {ਅੰਧ ਕਰੈ ਦ੍ਰਿਗਵੰਤਨ ਕੋ ਸਰੁੱਤਵੰਤਨ ਕੋ ਬਧਰੋ ਕਰ ਡਾਰੈ (ਪ੍ਰਬੋਧ ਚੰਦ੍ਰ ਨਾਟਕ)}।

ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ, ਸਰਬ ਜੀਅ ਰਖ੍ਯਾ ਕਰੋਤਿ ॥੪੭॥ ਨਾਨਕ ਗੁਰੂ ਜੀ ਆਖਦੇ ਹਨ, ਗਰੀਬਾਂ ਦੇ ਦੁੱਖ ਨਾਸ਼ ਕਰਨ ਵਾਲਾ ਦਿਆਲ ਪ੍ਰਭੂ (ਕ੍ਰੋਧ ਤੋਂ) ਸਾਰੇ ਜੀਵਾਂ ਦੀ ਰਖਿਆ ਕਰਦਾ ਹੈ।੪੭।

ਪਦਾਰਥ = ਕਲਿ-ਕਲੇਸ਼; ਕਲਜੁਗ; ਝਗੜਾ।ਮੂਲ-ਮੁੱਢ।ਕਦੰਚ-ਕਦੇ ਵੀ।ਉਪਰਜਤੇ-ਪੈਦਾ ਹੁੰਦੀ।ਕਰੁਣਾ-ਦਇਆ।ਬਿਖਯੰਤ-ਵਿਸ਼ਈ (ਬਿਖਿਅੰਤ ਪੜ੍ਹੋ)।ਜੀਵੰ-ਜੀਵਾਂ ਨੂੰ।ਵਸ੍ਯੰ ਕਰੋਤਿ-(ਵਸਿਅੰ ਬੋਲੋ) ਵਸ ਵਿਚ ਕਰ ਲੈਂਦਾ ਹੈਂ।ਨਿਰਤ੍ਯੰ-(ਨਿਰਤਿਅੰ ਉਚਾਰੋ) ਨਾਚ।ਜਥਾ-ਜਿਵੇਂ; ਵਾਂਗ।ਮਰਕਟਹ-ਬਾਂਦਰ।ਸਾਸਨ-ਸਜਾ।ਤਾੜੰਤਿ-ਮਾਰਦੇ ਕੁੱਟਦੇ ਹਨ (ਸਾਸਨ ਤਾੜੰਤਿ-ਸਜਾਵਾਂ ਦੇਂਦੇ ਹਨ; ਧਮਕਾਉਂਦੇ ਜਾਂ ਡਰਾਉਂਦੇ ਹਨ)।ਤਵ ਸੰਗੇ-ਤੇਰਾ ਸੰਗ ਕਰਕੇ।ਅਧਮੰ-ਨੀਚ।ਨਰਹ-ਮਨੁੱਖ।ਦੀਨ-ਗਰੀਬਾਂ ਦੇ।ਭੰਜਨ-ਨਾਸ਼ ਕਰਨ ਵਾਲਾ।ਸਰਬ ਜੀਅ-ਸਾਰੇ ਜੀਵਾਂ ਦੀ।ਰਖ੍ਯਾ ਨੂੰ ਰੱਖਿਆ ਪੜ੍ਹੋ।੪੭।ਕਲਿ ਤਾਤੀ ਠਾਂਢਾ ਹਰਿ ਨਾਉ ੨੮੮; ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ।(੪੭੦)

ਵਿਆਖਿਆ = ਕ੍ਰੋਧ ਅਧੀਨ ਹੋਇਆ ਬੰਦਾ ਭਲਾ ਬੁਰਾ ਨਹੀ ਸੋਚਦਾ, ਕ੍ਰੋਧ ਵਿਚ ਆ ਕੇ ਕਿਸੇ ਦਾ ਕਤਲ ਵੀ ਕਰ ਦੇਂਦਾ ਹੈ, ਫਿਰ ਸਜਾਵਾਂ ਭੁਗਤਦਾ ਹੈ।ਕ੍ਰੋਧੀ ਦਾ ਸੁਭਾਵ ਚਿੜਚਿੜਾ ਤੇ ਰੁੱਖਾ ਹੁੰਦਾ ਹੈ।ਅਕਾਲ ਪੁਰਖ ਹੀ ਕ੍ਰੋਧ ਤੋਂ ਬਚਾ ਸਕਦਾ ਹੈ।੪੭।

ਹੇ ਲੋਭਾ ਲੰਪਟ ਸੰਗ ਸਿਰਮੋਰਹ, ਅਨਿਕ ਲਹਰੀ ਕਲੋਲਤੇ ॥ ਹੇ ਲੋਭ! ਤੂੰ ਸ਼੍ਰੋਮਣੀ (ਮੁਖੀ ਸੰਤਾਂ) ਨਾਲ ਵੀ ਚਿੰਬੜਿਆ ਹੋਇਆ ਹੈਂ, (ਹੇ ਲੋਭ! ਤੇਰੀਆਂ) ਲਹਿਰਾਂ ਵਿਚ (ਫਸ ਕੇ ਉਹ ਲੋਕ) ਬਹੁਤ ਖੇਡਾਂ ਖੇਲਦੇ ਹਨ (ਅਨੇਕਾਂ ਪਾਪੜ ਵੇਲਦੇ ਹਨ)।

ਧਾਵੰਤ ਜੀਆ ਬਹੁ ਪ੍ਰਕਾਰੰ, ਅਨਿਕ ਭਾਂਤਿ ਬਹੁ ਡੋਲਤੇ ॥ (ਤੇਰੇ ਵਸ ਵਿਚ ਆਏ) ਜੀਵ ਕਈ ਤਰ੍ਹਾਂ ਨਾਲ (ਕੰਮਾਂ ਧੰਧਿਆਂ ਵਿਚ) ਦੌੜੇ ਫਿਰਦੇ ਹਨ, (ਲੋਭ ਦੀ ਵਾਸ਼ਨਾ ਕਰਕੇ ਮਨ) ਬਹੁਤ ਤਰ੍ਹਾਂ ਨਾਲ ਡੋਲਦਾ ਰਹਿੰਦਾ ਹੈ (ਘਾਟਾ ਪੈ ਜਾਵੇ ਜਾਂ ਮਾਯਾ ਕੋਲੋਂ ਚਲੀ ਜਾਵੇ, ਤਾਂ ਮਨੁੱਖ ਡੋਲ ਜਾਂਦਾ ਹੈ)।ਕਬਹੂ ਜੀਅੜਾ ਊਭਿ ਚੜਤੁ ਹੈ, ਕਬਹੂ ਜਾਇ ਪਇਆਲੇ।ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ। (੮੭੬)

ਨਚ ਮਿਤ੍ਰੰ ਨਚ ਇਸਟੰ ਨਚ ਬਾਧਵ ,ਨਚ ਮਾਤ ਪਿਤਾ ਤਵ ਲਜਯਾ ॥ (ਹੇ ਲੋਭ! ਮਨੁੱਖ ਨੂੰ) ਤੇਰੇ ਕਾਰਣ ਨਾ ਮਿਤ੍ਰਾਂ ਦੀ, ਨਾ ਇਸਟ (ਗੁਰੂ ਪੀਰ) ਦੀ, ਨਾ ਰਿਸਤੇਦਾਰਾਂ ਦੀ, ਨਾ ਮਾਂ ਬਾਪ ਦੀ ਸ਼ਰਮ ਰਹਿੰਦੀ ਹੈ (ਲੋਭ ਕਰਕੇ ਸਭ ਦਾ ਧਨ ਹੜੱਪ ਕਰ ਲੈਂਦਾ ਹੈ);

ਲੋਭੀ ਬੰਦੇ ਦਾ ਨਾ ਕੋਈ ਮਿਤ੍ਰ ਹੈ (ਮਿਤ੍ਰਾਂ ਨੂੰ ਵੀ ਠੱਗਦਾ ਹੈ), ਇਸਟ ਵੀ ਲੋਭੀ ਦਾ ਕੋਈ ਨਹੀ (ਚੜ੍ਹਾਵਾ ਅਤੇ ਧਰਮ ਸਥਾਨਾਂ ਤੋਂ ਚੀਜਾਂ ਚੋਰੀ ਕਰਦਾ ਹੈ), ਲੋਭੀ ਦਾ ਸਬੰਧੀ ਵੀ ਕੋਈ ਨਹੀ (ਸਬੰਧੀਆਂ ਨਾਲ ਵੀ ਧੋਖਾ ਕਰਦਾ ਹੈ), ਲੋਭੀ ਮਾਪਿਆਂ ਦੀ ਵੀ ਸ਼ਰਮ ਨਹੀ ਕਰਦਾ (ਲੋਭ ਵਸ ਹੋ ਕੇ ਮਾਂ ਬਾਪ ਨੂੰ ਵੀ ਮਾਰ ਦੇਂਦਾ ਹੈ)।

ਅਕਰਣੰ ਕਰੋਤਿ ਅਖਾਦ੍ਯਿ ਖਾਦ੍ਯੰ ਤੂੰ ਮਨੁੱਖ ਤੋਂ ਨਾ ਕਰਣ ਵਾਲੇ ਕੰਮ ਕਰਵਾ ਦੇਂਦਾ ਹੈਂ, ਨਾ ਖਾਣ ਯੋਗ ਚੀਜਾਂ ਖੁਆ ਦੇਂਦਾ ਹੈਂ; ਲੋਭੀ ਬੰਦਾ ਜੇਬਾਂ ਕੱਟਣ ਵਰਗੇ ਨਾ ਕਰਨੇ ਯੋਗ ਕੰਮ ਕਰਦਾ ਹੈ, ਧਰਮ ਕਾਰਜਾਂ ਲਈ ਕੱਠਾ ਕੀਤਾ ਨਾ ਖਾਣ ਵਾਲਾ ਧਨ ਵੀ ਖਾ ਲੈਂਦਾ ਹੈ (ਜਾਂ ਨਾ ਖਾਣ ਯੋਗ ਨਸ਼ੇ ਤਮਾਕੂ ਆਦਿ ਖਾਂਦਾ ਹੈ)।

ਸਾਖੀ = ਇਕ ਪੰਡਤ ਨੂੰ ਕਥਾ ਦੀ ਭੇਟਾ ਨਾ ਮਿਲੀ ਤਾਂ ਨਿਰਾਸ ਹੋਏ ਜਾ ਰਹੇ ਪੰਡਤ ਨੂੰ ਇਕ ਅਯਾਲੀ ਨੇ ਨਿਰਾਸਤਾ ਦਾ ਕਾਰਣ ਪੁੱਛਿਆ ।ਪੰਡਤ ਕਹਿੰਦਾ ਸਾਲ ਕਥਾ ਸੁਣਾਈ, ਲੋਕਾਂ ਨੇ ਭੇਟਾ ਨਹੀਂ ਦਿਤੀ।ਅਯਾਲੀ ਕਹਿੰਦਾ ਮੇਰੇ ਕੋਲ ਲੋਹੇ ਨੂੰ ਸੋਨਾ ਬਣਾਉਣ ਵਾਲੀ ਪਾਰਸ ਦੀ ਬੱਟੀ ਹੈ, ਜੇ ਮੇਰੀ ਭੇਡ ਦਾ ਦੁੱਧ ਪੀ ਲਵੇਂ ਤਾਂ ਦੱਛਣਾ ਵਿਚ ਦੇਵਾਂਗਾ।ਪੰਡਤ ਕਹਿੰਦਾ ਮੈਂ ਭੇਡਾਂ ਦਾ ਦੁੱਧ ਕਿਉਂ ਪੀਵਾਂ? ਫਿਰ ਲੋਭ ਕਰਕੇ ਪੀਣ ਨੂੰ ਤਿਆਰ ਹੋਇਆ ਤਾਂ ਅਯਾਲੀ ਕਹਿੰਦਾ ਕੁੱਤੀ ਦੇ ਬਰਤਨ ਵਿਚ ਪੀਣਾ ਪਊ।ਫਿਰ ਗਿਲਾਨੀ ਕਰਕੇ ਪੰਡਤ ਨੇ ਪੀਣ ਤੋਂ ਜੁਆਬ ਦੇ ਦਿਤਾ।ਫਿਰ ਲੋਭ ਦੀ ਲਹਿਰ ਨੇ ਜੋਰ ਪਾਇਆ ਤਾਂ ਪੀਣ ਨੂੰ ਤਿਆਰ ਹੋ ਗਿਆ।ਅਯਾਲੀ ਕਹਿੰਦਾ ਕੁੱਤੀ ਦਾ ਭਾਂਡਾ ਵੀ ਹੁਣ ਟੁੱਟ ਗਿਆ, ਲਾਗੇ ਪਈ ਮਨੁੱਖ ਦੀ ਖੋਪਰੀ ਵਿਚ ਪੀਣ ਨੂੰ ਕਿਹਾ।ਪਹਿਲਾਂ ਤਾਂ ਪੰਡਤ ਨੇ ਜੁਆਬ ਦੇ ਦਿਤਾ ਪਰ ਲੋਭ ਵਸ ਹੋ ਕੇ ਜਦ ਖੋਪਰੀ ਵਿਚ ਪੀਣ ਨੂੰ ਤਿਆਰ ਹੋਇਆ ਤਾਂ ਅਯਾਲੀ ਕਹਿੰਦਾ, ਹੇ ਪੰਡਤ ਜੀ! ਸੋਚੋ ਜੇ ਮੇਰੇ ਕੋਲ ਪਾਰਸ ਹੁੰਦਾ ਮੈਂ ਭੇਡਾਂ ਕਾਹਨੂੰ ਚਾਰਦਾ ?

ਅਸਾਜ੍ਯੰ ਸਾਜਿ ਸਮਜਯਾ ॥ ੧. ਜਿਵੇਂ ਮਾਪਿਆਂ ਨਾਲ ਧ੍ਰੋਹ ਕਰਨਾ ਨਹੀ ਫਬਦਾ, ਪਰ ਹੇ ਲੋਭ! ਤੂੰ ਕਰਾ ਦੇਂਦਾ ਹੈਂ।

ਹੋਰ ਅਰਥ = ਸਭਾ ਜਾਂ ਸਮਾਜ ਵਿਚ ਜਾਂ ਸੋਭਾ ਵਾਲੀ ਜਗ੍ਹਾ ਜੋ ਗੱਲ ਕਰਨੀ ਨਹੀਂ ਸਜਦੀ, ਹੇ ਲੋਭ! ਤੂੰ ਕਰਾ ਦੇਂਦਾ ਹੈਂ (ਭਾ:ਵੀਰ ਸਿੰਘ;ਮ.ਕੋ.); ਨਾ ਸਾਜਣ ਵਾਲੀਆਂ ਚੀਜਾਂ ਸਜਾ ਦੇਂਦਾ ਹੈਂ (ਨਾ ਬਣਨ ਯੋਗ ਨੂੰ ਚੰਗੀ ਤਰ੍ਹਾਂ ਬਣਾ ਦੇਂਦਾ ਹੈਂ, ਜਿਵੇਂ ਕਿ ਜਿਹੜੇ ਭੇਸ ਸਜਾਣੇ ਯੋਗ ਨਹੀ, ਲੋਭ ਉਹ ਸਜਾਉਣ ਲਈ ਮਜਬੂਰ ਕਰਦਾ ਹੈ, ਸਿੱਖ ਲਈ ਟੋਪੀ ਸਜਾਉਣੀ ਫਬਦੀ ਨਹੀ, ਪਰ ਉਹ ਵੀ ਪਹਿਨਾ ਦੇਂਦਾ ਹੈ)।ਲੋਭੀ

ਕਾ ਵੇਸਾਹੁ ਨ ਕੀਜੈ, ਜੇ ਕਾ ਪਾਰਿ ਵਸਾਇ। ਅੰਤਿ ਕਾਲਿ ਤਿਥੈ ਧੁਹੈ, ਜਿਥੈ ਹਥੁ ਨ ਪਾਇ।(੧੪੧੭)
ਤ੍ਰਾਹਿ ਤ੍ਰਾਹਿ ਸਰਣਿ ਸੁਆਮੀ, ਬਿਗ੍ਹਾਪ੍ਤਿ ਨਾਨਕ ਹਰਿ ਨਰਹਰਹ ॥੪੮॥ ਹੇ ਹਰੀ ਸੁਆਮੀ ! ਹੇ ਪ੍ਰਭੂ ! ਅਸੀਂ ਆਪ ਜੀ ਸ਼ਰਣ ਵਿਚ ਆ ਕੇ ਬੇਨਤੀ ਕਰਦੇ ਹਾਂ, ਲੋਭ ਤੋਂ ਸਾਡੀ ਰਖਿਆ ਕਰੋ, ਰਖਿਆ ਕਰੋ।੪੮।
ਤ੍ਰਾਹਿ ਤ੍ਰਾਹਿ ਸਰਣਾਗਤੀ, ਹਰਿ ਦਇਆ ਧਾਰਿ ਪ੍ਰਭ ਰਾਖੁ।(੯੯੭)
ਪਦਾਰਥ = ਲੰਪਟ–ਚਿੰਬੜਿਆ; ਫਸਾਇਆ ਹੈ। ਸਿਰਮੋਰਹ–ਸਿਰਮੌਰ–ਮੁਖੀ ਲੋਕ; ਵੱਡੇ ਸਾਧੂ ਸੰਤ। ਲਹਿਰੀ–(ਲੋਭ) ਦੀਆਂ ਲਹਿਰਾਂ ਵਿਚ। ਕਲੋਲਤੇ–ਖੇਡਾਂ ਖੇਡਦੇ ਹਨ। ਧਾਵੰਤ–ਦੌੜਦੇ ਹਨ। ਨਚ–ਨਹੀਂ ਹੈ। ਇਸਟੰ–ਪੂਜਨੀਕ ਹਸਤੀ। ਬਾਧਵ–ਰਿਸਤੇਦਾਰ। ਤਵ–ਤੇਰਾ। ਲਜਯਾ–(ਲੱਜਿਆ ਬੋਲੋ) ਸ਼ਰਮ। ਅਕਰਣੰ ਕਰੋਤਿ–ਨਾ ਕਰਨ ਯੋਗ ਕੰਮ ਕਰਾ ਦੇਂਦਾ ਹੈਂ। ਅਖਾਦ੍ਹਿ–(ਅਖਾਦਿਅ ਪੜ੍ਹੋ) ਨਾ ਖਾਣ ਯੋਗ। ਖਾਦ੍ਹੰ–(ਖਾਦਿਅੰ ਬੋਲੋ) ਖਾਂਦਾ; ਖੁਆ ਦੇਂਦਾ ਹੈਂ। ਅਸਾਜ੍ਹੰ–(ਅਸਾਜਿਅੰ ਪੜ੍ਹੋ) ਜੋ ਨਾ ਬਣ ਸਕੇ;ਫਬੇ ਨਾ; ਅਯੋਗ। ਸਾਜਿ–ਕਰਾ ਦੇਂਦਾ ਹੈਂ; ਸਜਾਉਂਦਾ ਹੈਂ; ਬਣਾ ਦੇਂਦਾ ਹੈਂ। ਸਮਜਯਾ–(ਸਮੱਜਿਆ ਬੋਲੋ) ਭਲੀ ਕਾਰ ਅਜਿਤ (ਫ.ਸ.; ਗੁ.ਪਾ.ਦ.); ਸਭਾ; ਸਮਾਜ (ਨਿਸੰਗ ਹੋ ਕੇ; ਖੁਲ੍ਹ ਕੇ)। ਤ੍ਰਾਹਿ–ਰੱਖਿਆ ਕਰੋ। ਬਿਗ੍ਹਾਪ੍ਤਿ (ਬਿਗਿਆਪਤ ਉਚਾਰੋ)–ਬੇਨਤੀ ਕਰਦਾ ਹਾਂ। ਨਰਹਰਹ–ਵਾਹਿਗੁਰੂ।੪੮।
ਹੇ ਜਨਮ ਮਰਣ ਮੂਲੰ ,ਅਹੰਕਾਰੰ ਪਾਪਾਤਮਾ ॥ ਹੇ ਜਨਮ ਮਰਣ ਦੇ ਮੂਲ (ਕਾਰਣ) ਪਾਪ ਸਰੂਪ ਹੰਕਾਰ !।
ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ,ਅਨਿਕ ਮਾਯਾ ਬਿਸ੍ਤੀਰਨਹ ॥ ਤੂੰ ਮਿਤ੍ਰਾਂ ਨੂੰ ਛੁਡਵਾ ਕੇ ਦੁਸ਼ਮਣ ਪੱਕੇ ਕਰਾ ਦੇਂਦਾ ਹੈ (ਮਿਤ੍ਰਾਂ ਨੂੰ ਪੱਕੇ ਵੈਰੀ ਬਣਾ ਦੇਂਦਾ ਹੈਂ ਜਾਂ ਮਿਤ੍ਰਾਂ ਤੋਂ ਛੁਡਾ ਕੇ, ਬੈਰੀਆਂ ਨਾਲ ਜੋੜ ਮੇਲ ਕਰਾ ਦਿੰਦਾ ਹੈ); ਸਤ ਸੰਤੋਖ ਆਦਿ ਮਿਤ੍ਰਾਂ ਤੋਂ ਛੁਡਾ ਕੇ ਕਾਮਾਦਿਕ ਬੈਰੀਆਂ ਨੂੰ ਦ੍ਰਿੜ ਕਰਾ ਦੇਂਦਾ ਹੈ ਅਤੇ ਅਨੇਕਾਂ ਤਰ੍ਹਾਂ ਦੀ ਮਾਇਆ (ਦਾ ਜਾਲ) ਖਿਲਾਰਦਾ ਹੈਂ।
ਆਵੰਤ ਜਾਵੰਤ ਥਕੰਤ ਜੀਆ, ਦੁਖ ਸੁਖ ਬਹੁ ਭੋਗਣਹ ॥ (ਤੇਰੇ ਕਰਕੇ) ਜੀਵ ਆਉਂਦੇ ਜਾਂਦੇ (ਜੂਨਾਂ ਵਿਚ ਜੰਮਦੇ ਮਰਦੇ) ਥੱਕ ਜਾਂਦੇ ਹਨ,(ਇਸ ਜਨਮ ਮਰਨ ਦੇ ਚੱਕਰ ਵਿਚ) ਬਹੁਤ ਦੁੱਖ ਸੁੱਖ ਭੋਗਦੇ ਹਨ।
ਭ੍ਰਮ ਭਯਾਨ ਉਦਿਆਨ ਰਮਣੰ, ਮਹਾ ਬਿਕਟ ਅਸਾਧ ਰੋਗਣਹ ॥ (ਹੰਕਾਰ ਕਾਰਣ) ਮਨੁੱਖ ਭਰਮਾਂ ਵਿਚ ਪੈ ਕੇ (ਆਵਾਗੌਣ ਦੇ) ਡਰਾਉਣੇ ਉਜਾੜ ਵਿਚ ਫਿਰਦਾ ਰਹਿੰਦਾ ਹੈ; ਭਰਮ ਦੇ ਭਿਆਨਕ ਉਜਾੜ ਵਿਚ ਫਿਰਦਾ ਰਹਿੰਦਾ ਹੈ, (ਇਹ) ਬੜਾ ਭਿਆਨਕ ਅਸਾਧ ਰੋਗ ਹੈ।
ਬੈਦ੍ਹੰ ਪਾਰਬ੍ਰਹਮ ਪਰਮੇਸ੍ਵਰ, ਆਰਾਧਿ ਨਾਨਕ ਹਰਿ ਹਰਿ ਹਰੇ ॥੪੯॥ਨਾਨਕ ਗੁਰੂ ਜੀ ਆਖਦੇ ਹਨ (ਇਨ੍ਹਾਂ ਕਾਮ ਆਦਿਕ ਅਸਾਧ ਰੋਗਾਂ ਦਾ ਇਲਾਜ ਕਰਨ ਵਾਲਾ) ਬੈਦ ਵਾਹਿਗੁਰੂ ਹੈ,(ਇਸ ਲਈ) ਹਰੀ ਦੇ ਨਾਮ ਨੂੰ ਮਨ ਤਨ ਕਰਕੇ ਅਰਾਧਣਾ ਕਰ (ਅਸਾਧ ਰੋਗਾਂ ਦਾ ਸਹੀ ਇਲਾਜ ਹੈ)।੪੯।
ਪਦਾਰਥ = ਮੂਲੰ–ਮੂਲ ਕਾਰਣ; ਜੜ੍ਹ। ਪਾਪਾਤਮਾ–ਦੁਸਟ ਆਤਮਾ (ਜਿਸਦਾ ਮਨ ਸਦਾ ਪਾਪ ਵਿਚ ਰਹੇ)। ਤਜੰਤਿ–ਛਡਾ ਕੇ। ਸਤ੍ਰੰ–ਸ਼ਤਰੂ (ਵੈਰੀ)। ਦ੍ਰਿੜੰਤਿ–ਪੱਕੇ ਕਰਦਾ ਹੈ। ਬਿਸ੍ਤੀਰਨਹ–ਖਿਲਾਰਦਾ ਹੈਂ। ਆਵੰਤ ਜਾਵੰਤ–ਆਉਂਦੇ ਜਾਂਦੇ (ਜੰਮਦੇ ਮਰਦੇ)। ਥਕੰਤ–ਥੱਕ ਜਾਂਦੇ ਹਨ। ਜੀਆ–ਜੀਵ। ਭ੍ਰਮ–ਭਰਮ ਵਿਚ ਪੈ ਕੇ। ਭਯਾਨ–ਭੈ ਦਾਯਕ; ਡਰਾਉਣਾ। ਉਦਿਆਨ–ਉਜਾੜ; ਜੰਗਲ। ਰਮਣੰ–ਫਿਰਦੇ ਹਨ। ਮਹਾ ਬਿਕਟ–ਬਹੁਤ ਕਠਨ (ਭਿਆਨਕ)। ਅਸਾਧ–ਜਿਸਦਾ ਇਲਾਜ ਔਖਾ ਹੋਵੇ। {ਅਸਾਧ ਰੋਗੁ ਉਪਜਿਓ ਤਨ ਭੀਤਰਿ, ਟਰਤ ਨ ਕਾਹੂ ਟਾਰਿਓ ੧੦੦੧}। ਬੈਦ੍ਹੰ ਨੂੰ ਬੈਦਿਅੰ ਅਤੇ ਪਰਮੇਸ੍ਵਰ ਨੂੰ ਪਰਮੇਸੁਅਰ ਬੋਲੋ।੪੯।
ਵਿਆਖਿਆ = ਹੰਕਾਰ ਮਨੁੱਖ ਨੂੰ ਰੱਬ ਅਤੇ ਸ਼ੁੱਭ ਗੁਣਾਂ ਤੋਂ ਦੂਰ ਕਰਦਾ ਹੈ, ਸ਼ਤਰੂ ਇਸ ਨੂੰ ਆ ਘੇਰਦੇ ਹਨ, ਇਸ ਤੋਂ ਬਹੁਤ ਪਾਪ ਕਰਾਉਂਦੇ ਹਨ। ਜਿਸ ਕਰਕੇ ਜਨਮ ਮਰਣ ਵਿਚ ਘੁੰਮਦਾ ਹੈ। ਸੱਚਾ ਗੁਰੂ ਨਾਮ ਦੀ ਦਵਾਈ ਦੇ ਕੇ ਹੰਕਾਰ ਦਾ ਇਲਾਜ ਕਰਦਾ ਹੈ। ਇਨ੍ਹਾਂ ਪੰਜ ਸਲੋਕਾਂ ਵਿਚ ਗੁਰੂ ਜੀ ਨੇ (ਕ੍ਰਮਵਾਰ) ਮੋਹ ਕਾਮ ਕ੍ਰੋਧ ਲੋਭ ਹੰਕਾਰ ਦਾ ਵਰਨਣ ਥੋੜੇ ਅੱਖਰਾਂ ਵਿਚ ਬਹੁਤ ਸੁੰਦਰ ਢੰਗ ਨਾਲ ਕਰਕੇ ਮਾਨੋ ਕੁੱਜੇ ਵਿਚ ਸਮੁੰਦਰ ਬੰਦ ਕੀਤਾ ਹੈ।੪੯।
ਹੇ ਪ੍ਰਾਣ ਨਾਥ ਗੋਬਿੰਦਹ, ਕ੍ਰਿਪਾ ਨਿਧਾਨ ਜਗਦ ਗੁਰੋ ॥ ਹੇ ਪ੍ਰਾਣਾਂ ਦੇ ਮਾਲਕ ਗੋਬਿੰਦ ! ਹੇ ਕ੍ਰਿਪਾ ਦੇ ਖਜਾਨੇ ! ਹੇ ਜਗਤ ਦੇ ਗੁਰੂ !।
ਹੇ ਸੰਸਾਰ ਤਾਪ ਹਰਣਹ, ਕਰੁਣਾ ਮੈ ਸਭ ਦੁਖ ਹਰੋ ॥ ਹੇ ਸੰਸਾਰ ਦੇ ਸੰਤਾਪ ਦੂਰ ਕਰਨ ਵਾਲੇ ! ਹੇ ਕਿਰਪਾ ਸਰੂਪ ! ਮੇਰੇ ਸਾਰੇ ਦੁਖਾਂ ਨੂੰ ਦੂਰ ਕਰ ਦਿਓ।
ਹੇ ਸਰਣਿ ਜੋਗ ਦਯਾਲਹ, ਦੀਨਾ ਨਾਥ ਮਯਾ ਕਰੋ ॥ ਹੇ ਸਰਣ ਵਿਚ ਆਇਆਂ ਦੀ ਰੱਖਿਆ ਕਰਨ ਦੇ ਸਮਰੱਥ ਅਤੇ ਦਇਆਲ (ਪ੍ਰਭੂ) ! ਹੇ ਗਰੀਬਾਂ ਦੇ ਮਾਲਕ ! ਮੇਰੇ ਤੇ (ਇਹ) ਕਿਰਪਾ ਕਰੋ।
ਸਰੀਰ ਸ੍ਵਸਥ ਖੀਣ ਸਮਏ,ਸਿਮਰੰਤਿ ਨਾਨਕ ਰਾਮ ਦਾਮੋਦਰ ਮਾਧਵਹ ॥੫੦॥ ਹੇ ਵਾਹਿਗੁਰੂ ! ਗੁਰੂ ਜੀ ਆਖਦੇ ਹਨ, ਸੁੱਖ ਦੁਖ ਸਮੇਂ (ਮੈਂ) ਤੇਰਾ ਸਦਾ ਨਾਮ ਸਿਮਰਦਾ ਰਹਾਂ; ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਵਾਹਿਗੁਰੂ ! ਸਰੀਰਕ ਅਰੋਗਤਾ ਸਮੇਂ ਅਤੇ ਸਰੀਰ ਦੇ ਨਾਸ਼ ਹੋਣ ਸਮੇਂ (ਜਾਂ ਸਰੀਰਕ ਕਮਜੋਰੀ ਜਾਂ ਜਵਾਨੀ ਤੇ ਬੁਢੇਪੇ) ਸਮੇਂ ਭਾਵ ਹਰ ਵੇਲੇ (ਮੈਂ ਤੈਨੂੰ) ਸਿਮਰਦਾ ਰਹਾਂ।੫੦।
ਪਦਾਰਥ = ਪ੍ਰਾਣ ਨਾਥ–ਹੇ ਪ੍ਰਾਣਾਂ ਦੇ ਮਾਲਕ !। ਜਗਦ ਗੁਰੋ–ਹੇ ਜਗਤ ਗੁਰੂ !। ਨਿਧਾਨ–ਖਜਾਨਾ। ਤਾਪ–ਸੰਤਾਪ; ਤਿੰਨ ਤਾਪ (ਆਧਿ,

ਬਿਆਧਿ, ਉਪਾਧਿ)।ਹਰਣਹ-ਦੂਰ (ਨਾਸ਼) ਕਰਨ ਵਾਲਾ।ਕਰੁਣਾ ਮੈ-ਕ੍ਰਿਪਾ ਸਰੂਪ।ਹਰੋ-ਦੂਰ ਕਰ ਦਿਓ।ਸਰਣਿ ਜੋਗ-ਸ਼ਰਣ ਦੇਣ ਦੇ ਸਮਰੱਥ।ਦੀਨਾ ਨਾਥ-ਗਰੀਬਾਂ ਦੁਖੀਆਂ ਦਾ ਮਾਲਕ।ਮਯਾ-(ਮਇਆ ਬੋਲੋ) ਦਇਆ।ਸ੍ਵਸਥ-(ਸੁਅੱਸਥ ਬੋਲੋ) ਸਰੀਰ ਦੀ ਸੁੱਖ; ਅਰੋਗਤਾ; ਖੁਸ਼ੀ ਵਾਲੀ ਅਵੱਸਥਾ; ਜਵਾਨੀ ਸਮੇਂ।ਖੀਣ-ਦੁੱਖ; ਕਮਜੋਰ; ਸਰੀਰ ਦਾ ਬਲ ਨਾਸ਼ ਹੋਣ (ਬੁਢੇਪੇ) ਸਮੇਂ।ਸਮਏ-(ਸਮੱਏ ਬੋਲੋ) ਸਮੇਂ।ਰਾਮ ਦਾਮੋਦਰ ਮਾਧਵਹ-ਇਹ ਵਾਹਿਗੁਰੂ ਦੇ ਕਿਰਤਮ ਨਾਮ ਹਨ।੫੦।

ਚਰਨ ਕਮਲ ਸਰਣੰ,ਰਮਣੰ ਗੋਪਾਲ ਕੀਰਤਨਹ ॥ ਹਰੀ ਦੇ ਚਰਨਾਂ ਕਮਲਾਂ ਦੀ ਸਰਣ ਲੈਣ ਕਰਕੇ, ਗੋਪਾਲ ਦਾ ਕੀਰਤਨ ਉਚਾਰਨ ਕਰਨ ਨਾਲ।

ਸਾਧ ਸੰਗੇਣ ਤਰਣੰ,ਨਾਨਕ ਮਹਾ ਸਾਗਰ ਭੈ ਦੁਤਰਹ ॥੫੧॥ਨਾਨਕ ਗੁਰੂ ਜੀ ਆਖਦੇ ਹਨ ਕਿ ਸੰਤਾਂ ਦੀ ਸੰਗਤ ਕਰਨ ਨਾਲ ਔਖਾ ਤਰਿਆ ਜਾਣ ਵਾਲਾ ਡਰਾਉਣਾ ਵੱਡਾ (ਸੰਸਾਰ) ਸਮੁੰਦਰ ਤਰ ਜਾਈਦਾ ਹੈ।੫੧।

ਪਦਾਰਥ = ਰਮਣੰ-ਉਚਾਰਨਾ।ਸੰਗੇਣ-ਸੰਗਤ ਕਰਨ ਨਾਲ।ਦੁਤਰਹ-ਔਖਾ ਤਰਿਆ ਜਾਣ ਵਾਲਾ।ਤਰਣੰ-ਤਰ ਜਾਈਦਾ ਹੈ।੫੧।

ਵਿਆਪਕ = ਕਾਮਾਦਿਕ ਦੀਆਂ ਲਹਿਰਾਂ ਵਾਲਾ ਸੰਸਾਰ ਸਮੁੰਦਰ ਔਖਾ ਤਰਿਆ ਜਾਣ ਵਾਲਾ ਹੈ।ਮਨੁੱਖ ਇਸ ਵਿਚ ਡੁੱਬ ਜਾਂਦਾ ਹੈ, ਹਰੀ ਦੀ ਓਟ, ਸਾਧ ਸੰਗ ਅਤੇ ਹਰੀ ਜਸ ਮਨੁੱਖ ਨੂੰ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦੇਂਦੇ ਹਨ।੫੧।

ਸਿਰ ਮਸ੍ਤਕ ਰਖ੍ਯ਼ਾ ਪਾਰਬ੍ਰਹਮੰ, ਹਸ੍ਤ ਕਾਯਾ ਰਖ੍ਯ਼ਾ ਪਰਮੇਸ੍ਵਰਹ ॥ ਸਿਰ ਮੱਥੇ ਦੀ ਰੱਖਿਆ ਕਰਨ ਵਾਲਾ ਪ੍ਰਭੂ ਹੈ, ਹੱਥ ਸਰੀਰ (ਆਦਿ ਅੰਗਾਂ) ਦੀ ਰੱਖਿਆ ਵੀ ਪ੍ਰਭੂ ਕਰਦਾ ਹੈ।

ਆਤਮ ਰਖ੍ਯ਼ਾ ਗੋਪਾਲ ਸੁਆਮੀ, ਧਨ ਚਰਣ ਰਖ੍ਯ਼ਾ ਜਗਦੀਸ੍ਵਰਹ ॥ ਜਿੰਦ ਦੀ ਰਖਿਆ (ਪ੍ਰਿਥਵੀ ਦਾ ਪਾਲਕ) ਪ੍ਰਭੂ ਸੁਆਮੀ ਕਰਦਾ ਹੈ, ਜਗਤਦਾ ਮਾਲਕ ਵਾਹਿਗੁਰੂ ਧਨ (ਨਾਸ਼ ਹੋਣ) ਅਤੇ ਪੈਰਾਂ (ਵਿਚ ਕੰਡਾ ਆਦਿ ਚੁਭਣ ਤੋਂ) ਰੱਖਿਆ ਕਰਦਾ ਹੈ।

ਸਰਬ ਰਖ੍ਯ਼ਾ ਗੁਰ ਦਯਾਲਹ, ਭੈ ਦੂਖ ਬਿਨਾਸਨਹ ॥ ਸਭ ਦੀ ਰੱਖਿਆ ਦਇਆ ਕਰਨ ਵਾਲਾ ਹਰੀ ਗੁਰੂ ਕਰਦਾ ਹੈ, ਜੋ (ਮੌਤ ਦਾ) ਡਰ ਅਤੇ (ਜਨਮ ਮਰਨ ਦਾ) ਦੁੱਖ ਨਾਸ਼ ਕਰਨ ਵਾਲਾ ਹੈ।ਰਖ੍ਯ਼ਾ ਨੂੰ ਰੱਖਿਆ, ਪਰਮੇਸ੍ਵਰਹ ਨੂੰ ਪਰਮੇਸੁਅਰਹ ਤੇ

ਅੰਗ ੧੩੫੯ = ਭਗਤਿ ਵਛਲ ਅਨਾਥ ਨਾਥੇ, ਸਰਣਿ ਨਾਨਕ ਪੁਰਖ ਅਚੁਤਹ ॥੫੨॥ ਭਗਤੀ ਨੂੰ ਪਿਆਰ ਕਰਨ ਵਾਲਾ, ਗਰੀਬਾਂ (ਨਿਆਸਰਿਆਂ) ਦਾ ਮਾਲਕ ਹੈ, ਗੁਰੂ ਜੀ ਕਹਿੰਦੇ ਹਨ (ਹੇ ਪੰਡਤੋ!) ਅਚੱਲ ਅਕਾਲ ਪੁਰਖ ਦੀ ਸਰਣ ਵਿਚ ਰਹੋ।੫੨।

ਪਦਾਰਥ = ਮਸ੍ਤਕ-ਮੱਥਾ।ਹਸ੍ਤ-ਹੱਥਾਂ ਦੀ।ਕਾਯਾ-ਸਰੀਰ।ਧਨ-ਧਨ ਦੌਲਤ ਦੀ।ਚਰਣ-ਪੈਰਾਂ ਦੀ।ਜਗਦੀਸ੍ਵਰਹ-(ਜਗਦੀਸੁਅਰਹ ਉਚਾਰੋ) ਜਗਤ ਦਾ ਮਾਲਕ ਪ੍ਰਭੂ।ਸਰਬ-ਸਭ ਦੀ।ਬਿਨਾਸਨਹ-ਨਾਸ਼ ਕਰਨ ਵਾਲਾ ਹੈ।ਵਛਲ-ਪਿਆਰਾ।ਆਤਮ ਰਖ੍ਯ਼ਾ-ਵਿਕਾਰਾਂ ਤੋਂ ਮਨ ਦੀ ਰੱਖਿਆ ਕਰਦਾ ਹੈ।ਅਨਾਥ ਨਾਥੇ-ਅਨਾਥਾਂ ਦਾ ਮਾਲਕ।ਅਚੁਤਹ-ਅਟੱਲ; ਅਬਿਨਾਸੀ।੫੨।

ਵਿਆਖਿਆ = ਪ੍ਰਭੂ ਦਾ ਨਾਮ ਜਪਣ ਕਰਕੇ ਸਿਰ ਮੱਥੇ ਹੱਥਾਂ ਪੈਰਾਂ ਤੇ ਸਰੀਰ ਨੂੰ ਸੱਟ ਫੇਟ ਜਾਂ ਕਿਸੇ ਤਕਲੀਫ ਤੋਂ ਰੱਖਿਆ ਹੁੰਦੀ ਹੈ, (ਸਾਰੇ ਅੰਗਾਂ ਦੀ ਰੱਖਿਆ) ਹਰੀ ਦਾ ਨਾਮ ਜਪਣ ਕਰਕੇ ਹੁੰਦੀ ਹੈ, ਇਸ ਲਈ ਮਨੁੱਖ ਨੂੰ ਉਸਦੀ ਸ਼ਰਣ ਵਿਚ ਰਹਿਣਾ ਚਾਹੀਦਾ ਹੈ।

ਜੇਨ ਕਲਾ ਧਾਰਿਓ ਆਕਾਸੰ,ਬੈਸੰਤਰੰ ਕਾਸਟ ਬੇਸਟੰ ॥ ਜਿਸ (ਹਰੀ) ਨੇ ਅਪਣੀ ਸ਼ਕਤੀ ਨਾਲ ਅਕਾਸ਼ ਨੂੰ (ਆਸਰਾ ਦੇ ਕੇ) ਟਿਕਾਇਆ ਹੋਇਆ ਹੈ {ਨਾਮ ਕੇ ਧਾਰੇ ਆਗਾਸ ਪਾਤਾਲ ੨੮੪}, (ਸ਼ਕਤੀ ਨਾਲ) ਅੱਗ ਨੂੰ ਲੱਕੜੀ ਨਾਲ ਢਕਿਆ ਹੋਇਆ ਹੈ (ਅੱਗ ਲਕੜੀ ਨੂੰ ਸਾੜਦੀ ਨਹੀ)।

ਜੇਨ ਕਲਾ ਸਸਿ ਸੂਰ ਨਖ੍ਯ਼ਤ੍ਰ ਜੋਤ੍ਰਿੰ ,ਸਾਸੰ ਸਰੀਰ ਧਾਰਣੰ ॥ ਜਿਸ ਨੇ ਅਪਣੀ ਕਲਾ ਨਾਲ ਚੰਦ ਸੂਰਜ ਤਾਰਿਆਂ ਵਿਚ ਪ੍ਰਕਾਸ਼ ਕੀਤਾ ਹੋਇਆ ਹੈ ਤੇ ਸਰੀਰਾਂ ਵਿਚ ਸੁਆਸ ਕਾਇਮ ਕੀਤੇ ਹੋਏ ਹਨ।

ਜੇਨ ਕਲਾ ਮਾਤ ਗਰਭ ਪ੍ਰਤਿਪਾਲੰ ,ਨਹ ਛੇਦੰਤ ਜਠਰ ਰੋਗਣਹ ॥ ਜਿਸਦੀ ਕਲਾ ਮਾਂ ਦੇ ਗਰਭ ਵਿਚ (ਜੀਵਾਂ ਦੀ) ਪ੍ਰਤਿਪਾਲਣਾ ਕਰਦੀ ਹੈ ਅਤੇ ਮਾਤਾ ਦੇ ਗਰਭ ਦੀ ਅੱਗ ਰੂਪ ਰੋਗ (ਜੀਵ ਨੂੰ) ਨਾਸ਼ ਨਹੀ ਕਰਦੀ।

ਤੇਨ ਕਲਾ ਅਸਥੰਭੰ ਸਰੋਵਰੰ,ਨਾਨਕ ਨਹ ਛਿਜੰਤਿ ਤਰੰਗ ਤੋਯਣਹ ॥੫੩॥ ਤਿਸ ਪ੍ਰਭੂ ਨੇ ਅਪਣੀ ਸ਼ਕਤੀ ਨਾਲ ਸਮੁੰਦਰ ਨੂੰ ਆਸਰਾ ਦਿਤਾ ਹੋਇਆ ਹੈ; ਜਿਸਦੀ ਤਾਕਤ ਨਾਲ ਸੰਸਾਰ ਸਾਗਰ ਬੱਧਾ ਹੈ, ਹੇ ਨਾਨਕ! (ਹਰੀ ਦੇ ਭੈ ਕਰਕੇ ਸਮੁੰਦਰ ਦੇ) ਪਾਣੀ ਦੀਆਂ ਲਹਿਰਾਂ (ਧਰਤੀ ਨੂੰ) ਨਾਸ਼ ਨਹੀ ਕਰਦੀਆਂ (ਪਾਣੀ ਧਰਤੀ ਤੋਂ ਕਈ ਗੁਣਾਂ ਜਿਆਦਾ ਹੁੰਦਾ ਹੋਯਾ ਵੀ ਧਰਤੀ ਨੂੰ ਡੋਬਦਾ ਨਹੀ)।੫੩।

ਪਦਾਰਥ = ਜੇਨ-ਜਿਸ (ਪ੍ਰਭੂ) ਨੇ।ਕਲਾ-ਚੇਤਨ ਸੱਤਾ;ਸ਼ਕਤੀ।ਧਾਰਿਓ-ਆਸਰਾ ਦੇ ਕੇ ਟਿਕਾਇਆ ਹੈ।ਬੈਸੰਤਰੰ-ਅੱਗ।ਕਾਸਟ-ਲੱਕੜੀ।ਬੇਸਟੰ-ਘੇਰਿਆ; ਵੇੜ੍ਹਿਆ; ਢਕਿਆ ਹੋਇਆ ਹੈ।ਸਸਿ-ਚੰਦ।ਸੂਰ-ਸੂਰਜ।ਨਖ੍ਯ਼ਤ੍ਰ-(ਨਖਿਅਤਰ ਬੋਲੋ) ਤਾਰੇ।ਜੋਤ੍ਰਿੰ-(ਜੋਤਿਅੰ ਪੜ੍ਹੋ) ਪ੍ਰਕਾਸ਼ ਕੀਤਾ ਹੈ।ਸਾਸੰ-ਸੁਆਸ।ਧਾਰਣੰ-ਕਾਇਮ ਕੀਤੇ (ਟਿਕਾਏ) ਹੋਏ।ਨਹ ਛੇਦੰਤ-ਨਾਸ਼ ਨਹੀ ਕਰਦੀ।ਜਠਰ-ਮਾਂ ਦਾ ਪੇਟ।ਤੇਨ-ਤਿਸ;ਉਸ (ਪ੍ਰਭੂ) ਨੇ।ਅਸਥੰਭੰ-ਆਸਰਾ;ਥੰਮ।ਸਰੋਵਰੰ-ਸਮੁੰਦਰ।ਨਹ ਛਿਜੰਤਿ-ਨਾਸ ਨਹੀ ਕਰਦੀ।ਤਰੰਗ ਤੋਯਣਹ -(ਸਮੁੰਦਰ ਦੇ) ਪਾਣੀ ਦੀਆਂ ਲਹਿਰਾਂ।੫੩।

ਗੁਸਾਂਈ ਗਰਿਸ੍ਟ ਰੂਪੇਣ, ਸਿਮਰਣੰ ਸਰਬਤ੍ਰ ਜੀਵਣਹ ॥ ਜਗਤ ਦਾ ਮਾਲਕ ਪ੍ਰਭੂ (ਬੜੇ) ਭਾਰੀ ਰੂਪ ਵਾਲਾ ਹੈ (ਵੱਡਾ ਹੈ, ਉਸਦੇ ਸਮਾਨ

ਕੋਈ ਨਹੀਂ), ਉਸ ਦਾ ਸਿਮਰਨ ਸਭ (ਜੀਵਾਂ) ਦਾ ਜੀਵਨ ਹੈ।
ਲਬਧ੍ਯੰ ਸੰਤ ਸੰਗੇਣ ਨਾਨਕ, ਸ੍ਵਛ ਮਾਰਗ ਹਰਿ ਭਗਤਣਹ ॥੫੪॥ਨਾਨਕ ਗੁਰੂ ਜੀ ਆਖਦੇ ਹਨ, ਹਰੀ ਦੀ ਭਗਤੀ ਕਰਨੀ (ਹਰੀ ਨੂੰ ਮਿਲਣ ਦਾ) ਨਿਰਮਲ ਮਾਰਗ ਹੈ, ਜੋ ਸੰਤਾਂ ਦੀ ਸੰਗਤ ਕੀਤਿਆਂ ਲੱਭਦਾ ਹੈ।੫੪।
ਪਦਾਰਥ = ਗਰਿਸ੍ਟ-ਭਾਰੀ (ਵੱਡਾ)।ਰੂਪੇਣ-ਰੂਪ ਵਾਲਾ।ਸਰਬਤ੍ਰ ਜੀਵਣਹ-ਸਾਰੇ ਜੀਵਾਂ ਦਾ ਜੀਵਨ ਹੈ।ਲਬਧ੍ਯੰ-(ਲਭਧਿਅੰ ਬੋਲੋ) ਲਭਦਾ ਹੈ।ਸੰਤ ਸੰਗੇਣ-ਸੰਤਾਂ ਦੀ ਸੰਗਤ ਕੀਤਿਆਂ।ਸ੍ਵਛ-(ਸੁਅੱਛ ਬੋਲੋ) ਨਿਰਮਲ।ਭਗਤਣਹ-ਭਗਤੀ।੫੪।
ਮਸਕੰ ਭਗਨੰਤ ਸੈਲੰ,ਕਰਦਮੰ ਤਰੰਤ ਪਪੀਲਕਹ ॥ (ਅਖੀਰਲੀ ਤੁਕ ਦਾ ਅਰਥ ਪਹਿਲਾਂ ਲਗੇਗਾ) ਨਾਨਕ ਗੁਰੂ ਜੀ ਆਖਦੇ ਹਨ, ਜੋ ਮਨੁੱਖ ਸਾਧ ਸੰਗਤ ਦੁਆਰਾ ਹਰੀ ਦੀ ਸ਼ਰਣ ਲੈ ਕੇ ਗੋਬਿੰਦ ਦਾ ਨਾਮ ਸਿਮਰਦਾ ਹੈ।(ਉਹ) ਮੱਛਰ ਵਰਗਾ ਨਿਤਾਣਾ (ਕਮਜੋਰ) ਮਨੁੱਖ ਹੰਕਾਰ ਰੂਪ ਪਹਾੜ ਨੂੰ ਤੋੜ ਦੇਂਦਾ ਹੈ, ਕੀੜੀ ਵਾਂਗ (ਕਮਜੋਰ ਜਾਂ ਤੁੱਛ ਬੁਧੀ ਵਾਲਾ ਮਨੁੱਖ ਮੋਹ ਰੂਪ) ਚਿੱਕੜ ਤੋਂ ਤਰ ਜਾਂਦਾ ਹੈ।
ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ।(੩੫੨)।
ਸਾਗਰੰ ਲੰਘੰਤਿ ਪਿੰਗੰ,ਤਮ ਪਰਗਾਸ ਅੰਧਕਹ ॥ (ਭੈ ਰੂਪ ਪੈਰਾਂ ਅਤੇ ਭਾਵਨਾ ਰੂਪ ਹੱਥਾਂ ਤੋਂ ਹੀਣਾ) ਪਿੰਗਲਾ ਮਨੁੱਖ ਸੰਸਾਰ ਸਾਗਰ ਨੂੰ (ਸੌਖਾ ਹੀ) ਪਾਰ ਲੰਘ (ਤਰ) ਜਾਂਦਾ ਹੈ {ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ।ਭੈ ਕੇ ਚਰਣ ਕਰ ਭਾਵ ਕੇ, ਲੋਇਣ ਸੁਰਤਿ ਕਰੇਇ ੧੩੯}, (ਗਿਆਨ ਅਤੇ ਬਿਚਾਰ ਦੀਆਂ ਅੱਖਾਂ ਤੋਂ ਹੀਣ) ਅੰਨ੍ਹੇ ਪੁਰਖ ਨੂੰ ਅਗਿਆਨ ਰੂਪ ਹਨ੍ਹੇਰੇ ਵਿਚ ਗਿਆਨ ਦਾ ਪ੍ਰਕਾਸ਼ (ਦਿਬ ਦ੍ਰਿਸਟੀ ਵਾਲਾ) ਹੋ ਜਾਂਦਾ ਹੈ।
ਸਾਧ ਸੰਗੇਣਿ ਸਿਮਰੰਤਿ ਗੋਬਿੰਦ, ਸਰਣਿ ਨਾਨਕ ਹਰਿ ਹਰਿ ਹਰੇ॥੫੫॥ (ਅਰਥ ਉਪਰ ਹੋ ਚੁੱਕੇ ਹਨ)
ਪਦਾਰਥ = ਮਸਕੰ-ਮੱਛਰ।ਭਗਨੰਤ-ਭੰਨਦਾ ਹੈ।ਸੈਲੰ-ਪਹਾੜ।ਕਰਦਮੰ-ਚਿੱਕੜ ਤੋਂ।ਤਰੰਤ-ਤਰਦਾ ਹੈ।ਪਪੀਲਕਹ-ਕੀੜੀ।ਪਿੰਗੰ-ਪਿੰਗਲਾ।ਤਮ-(ਅਗਿਆਨ ਦਾ) ਹਨ੍ਹੇਰਾ।ਅੰਧਕਹ-ਅੰਨ੍ਹਾ ਮਨੁੱਖ।ਸੰਗੇਣਿ-ਸੰਗਤ ਵਿਚ।੫੫।
ਵਿਆਖਿਆ = ਸਾਧ ਸੰਗ ਤੇ ਸਿਮਰਨ ਨਾਲ ਮਨ ਦਾ ਪਿੰਗਲਾ ਪਨ ਦੂਰ ਹੋ ਜਾਂਦਾ ਹੈ।ਪੰਜੋਖਰਾ ਸਾਹਿਬ ਗੁਰੂ ਹਰਿ ਕ੍ਰਿਸ਼ਨ ਜੀ ਦੀ ਕਰਾਮਾਤ ਦੀ ਪ੍ਰਤੱਖ ਨਿਸ਼ਾਨੀ ਹੈ ਜਿਥੇ ਇਕ ਗੂੰਗੇ ਤੋਂ ਗੀਤਾ ਦੇ ਅਰਥ ਕਰਾ ਕੇ ਪੰਡਤ ਦੀ ਵਿਦਵਤਾ ਦਾ ਹੰਕਾਰ ਤੋੜਿਆ।੫੫।
ਤਿਲਕ ਹੀਣੰ ਜਥਾ ਬਿਪ੍ਰਾ,ਅਮਰ ਹੀਣੰ ਜਥਾ ਰਾਜਨਹ ॥ (ਸੱਚੇ ਸਾਧੂ ਦੇ ਲੱਛਣ ਦਸਦੇ ਹਨ) ਜਿਵੇਂ ਤਿਲਕ ਲਗਾਏ ਬਿਨਾ ਬ੍ਰਹਮਣ ਦੀ ਪਛਾਣ ਨਹੀ (ਜੇ ਤਿਲਕ ਨਾ ਲੱਗਾ ਹੋਵੇ, ਤਾਂ ਕੀ ਪਤਾ ਕੌਣ ਹੈ?), ਜਿਵੇਂ ਜਿਸ ਰਾਜੇ ਦਾ ਹੁਕਮ ਨਾ ਚੱਲੇ (ਜਾਂ ਲੋਕ ਹੁਕਮ ਨਾ ਮੰਨਣ) ਉਹ ਰਾਜਾ ਕਾਹਦਾ ?।
ਆਵਧ ਹੀਣੰ ਜਥਾ ਸੂਰਾ,ਨਾਨਕ ਧਰਮ ਹੀਣੰ ਤਥਾ ਬੈਸ੍ਨਵਹ॥੫੬॥ ਜਿਵੇਂ ਹਥਿਆਰ ਤੋਂ ਬਿਨਾ ਸੂਰਮਾ ਨਿਕੰਮਾ ਹੈ (ਬੈਰੀ ਆ ਘੇਰਦੇ ਹਨ), ਨਾਨਕ ਗੁਰੂ ਜੀ ਆਖਦੇ ਹਨ, ਤਿਵੇਂ ਹੀ (ਨਾਮ ਸਿਮਰਨ ਤੇ ਭਗਤੀ ਭਾਵ ਰੂਪ) ਧਰਮ ਤੋਂ ਬਿਨਾ ਵੈਸ਼ਨਵ ਸਾਧੂ ਦੀ ਕੋਈ ਸੋਭਾ ਨਹੀ (ਬਾਹਰਲਾ ਭੇਖ ਨਾਮ ਸਿਮਰਨ ਤੋਂ ਬਿਨਾ ਨਿਸਫਲ ਹੈ)।੫੬।
ਪਦਾਰਥ =ਹੀਣੰ-ਬਿਨਾ।ਜਥਾ-ਜਿਵੇਂ।ਬਿਪ੍ਰਾ-ਬ੍ਰਾਹਮਣ।ਅਮਰ-ਹੁਕਮ।ਆਵਧ-ਸਸਤ੍ਰ।ਤਥਾ-ਤਿਵੇਂ;ਉਸੇ ਤਰ੍ਹਾਂ।ਬੈਸ੍ਨਵਹ-ਬਿਸ਼ਨੂੰ ਨੂੰ ਮੰਨਣ ਵਾਲੇ ਵੈਸ਼ਨਵ ਮੱਤ ਦਾ ਸਾਧੂ।੫੬।ਬੈਸਨੋ ਸੋ ਜਿਸੁ ਊਪਰਿ ਸੁ ਪ੍ਰਸੰਨ।(੨੭੪); ਕਬੀਰ ਬੈਸਨੋ ਹੂਆ ਤ ਕਿਆ ਭਇਆ, ਮਾਲਾ ਮੇਲੀਂ ਚਾਰਿ।ਬਾਹਰਿ ਕੰਚਨ ਬਾਰਹਾ ਭੀਤਰਿ ਭਰੀ ਭੰਗਾਰ।(੧੩੭੨)
ਵਿਆਖਿਆ = ਬਾਹਰਲਾ ਭੇਖ ਧਰਮ ਦੀ ਪਹਿਚਾਨ ਦਸਦਾ ਹੈ, ਪਰ ਜੇ ਮਨੁੱਖ ਧਰਮ ਦੀ ਸਿਖਿਆ ਤੇ ਨਹੀਂ ਚਲਦਾ ਤਾਂ ਬਾਹਰੀ ਭੇਖ ਇਕ ਦਿਖਾਵਾ ਬਣ ਕੇ ਅਸਲੀ ਮਾਰਗ ਤੋਂ ਭਟਕਾ ਦੇਂਦਾ ਹੈ।ਅਸਲੀ ਸਾਧੂ ਓਹੀ ਹੈ ਜਿਸਦੇ ਅੰਦਰ ਨਾਮ ਸਿਮਰਨ ਹੈ।੫੬।
ਨ ਸੰਖੰ ਨ ਚਕ੍ਰੰ ,ਨ ਗਦਾ ਨ ਸਿਆਮੰ,ਅਸ੍ਚਰਜ ਰੂਪੰ ਰਹੰਤ ਜਨਮੰ ॥ (ਬਿਸ਼ਨੂੰ ਵਾਂਗ ਪ੍ਰਭੂ ਦੇ ਹੱਥਾਂ ਵਿਚ) ਨਾ ਤਾਂ ਸੰਖ ਹੈ, ਨਾ (ਪ੍ਰਭੂ ਕੋਲ ਬਿਸ਼ਨੂੰ ਵਾਲਾ) ਸੁਦ੍ਰਸ਼ਨ ਚੱਕਰ ਹੈ, ਨਾ ਹੀ (ਉਸਦੇ ਕੋਲ) ਗਦਾ ਹੈ ਤੇ (ਕ੍ਰਿਸ਼ਨ ਜੀ ਵਾਂਗ ਉਸ ਦਾ) ਨਾ ਹੀ ਸਾਂਵਲਾ ਰੰਗ ਹੈ। (ਉਹ ਪ੍ਰਭੂ) ਅਸਚਰਜ ਰੂਪ ਵਾਲਾ ਹੈ (ਉਹ ਹਰੀ ਅਕਾਰ ਭਾਵ ਅਵਤਾਰਾਂ ਵਾਂਗ ਸ਼ਕਲ ਸੂਰਤ ਵਾਲਾ ਨਹੀਂ, ਪਰ ਭਗਤਾਂ ਦੇ ਮਨ ਦੀ ਭਾਵਨਾ ਅਨੁਸਾਰ ਰੂਪ ਧਾਰ ਕੇ ਉਨ੍ਹਾਂ ਨੂੰ ਦਿਸ ਪੈਂਦਾ ਹੈ {ਅਨਿਕ ਰੂਪ ਖਿਨ ਮਾਹਿ, ਕੁਦਰਤਿ ਧਾਰਦਾ ੫੧੯}) ਅਤੇ ਉਹ ਪ੍ਰਭੂ ਜਨਮ (ਮਰਨ) ਤੋਂ ਰਹਿਤ ਹੈ।
ਨੇਤ ਨੇਤ ਕਥੰਤਿ ਬੇਦਾ ॥ ਊਚ ਮੂਚ ਅਪਾਰ ਗੋਬਿੰਦਹ ॥ ਬੇਦ ਵੀ ਪ੍ਰਭੂ ਨੂੰ (ਨ+ਇਤੀ-ਨੇਤ-ਅੰਤ ਨਹੀਂ; ਇਹੋ ਜਿਹਾ ਨਹੀ; ਇਥੇ ਹੀ ਬਸ ਨਹੀ) ਅਨੰਤ ਕਥਨ ਕਰਦੇ ਹਨ।ਉਹ ਗੋਬਿੰਦ (ਸਭ ਤੋਂ) ਉਚਾ ਹੈ, ਬਹੁਤ ਵੱਡਾ ਹੈ, ਬੇਅੰਤ ਹੈ।
ਬਸੰਤਿ ਸਾਧ ਰਿਦਯੰ ਅਚੁਤ,ਬੁਝੰਤਿ ਨਾਨਕ ਬਡਭਾਗੀਅਹ ॥੫੭॥ ਅਟੱਲ (ਪ੍ਰਭੂ) ਸਾਧੂਆਂ ਦੇ ਹਿਰਦੇ ਵਿਚ ਵਸਦਾ ਹੈ, ਗੁਰੂ ਜੀ ਆਖਦੇ ਹਨ, ਉਸ ਪ੍ਰਭੂ ਨੂੰ ਵੱਡੇ ਭਾਗਾਂ ਵਾਲੇ ਪੁਰਖ ਹੀ (ਸਮਝਦੇ) ਬੁਝਦੇ ਹਨ।੫੭।
ਪਦਾਰਥ = ਸੰਖੰ-ਸਮੁੰਦਰ ਵਿਚੋਂ ਨਿਕਲਿਆ ਸਿੱਪ ਜਾਤੀ ਦਾ ਘੋਗਾ, ਜਿਸ ਵਿਚੋਂ ਜੀਵ ਮਾਰ ਕੇ ਕੱਢ ਲਿਆ ਜਾਂਦਾ ਹੈ, ਉਪਰਲਾ ਖੋਲ ਮੰਦਰਾਂ ਵਿਚ ਵਜਾਇਆ ਜਾਂਦਾ ਹੈ।ਚਕ੍ਰੰ-(ਬਿਸ਼ਨੂੰ ਦਾ) ਸੁਦ੍ਰਸ਼ਨ ਚੱਕਰ।ਗਦਾ-ਗੁਰਜ ਦੀ ਸ਼ਕਲ ਦਾ ਇਕ ਸਸਤ੍ਰ; ਮੂਸਲ; ਮੁਦਗਰ।

ਸਿਆਮੰ-ਸਾਂਵਲਾ (ਕਾਲਾ)। ਅਸ੍ਰਜ-ਵਿਸਮਾਦ; ਵਾਹ। ਰੂਪੰ-ਦਿਸਦਾ ਆਕਾਰ (ਸ਼ਕਲ ਸੂਰਤ)। ਰਹੰਤ-ਰਹਿਤ; ਬਗੈਰ। ਨੇਤ ਨੇਤ-ਜੋ ਸਰੀਰ ਨਹੀ, ਮਨ ਨਹੀ, ਪ੍ਰਾਣ ਨਹੀ (ਮ. ਕੋ.); ਤਿੰਨਾਂ ਸਰੀਰਾਂ ਸਥੂਲ, ਸੂਖਮ ਤੇ ਕਾਰਣ ਵਿਚੋਂ ਹਰੀ ਦਾ ਕੋਈ ਸਰੀਰ ਨਹੀਂ (ਫ.ਸ.); ਹਰੀ ਵਰਗਾ ਹੋਰ ਕੋਈ ਨਹੀ; ਬੇਅੰਤ। ਮੁਚ-ਵਿਸਥਾਰ ਵਾਲਾ; ਵੱਡਾ। ਅਪਾਰ-ਬਹੁਤ; ਬੇਅੰਤ। ਬਸੰਤਿ-ਵਸਦਾ ਹੈ। ਰਿਦਯੰ-(ਰਿਦਿਅੰ ਉਚਾਰੋ) ਹਿਰਦੇ ਵਿਚ। ਅਚੁਤ-ਅਟੱਲ; ਅਬਿਨਾਸ਼ੀ। ਬਡਭਾਗੀਅਹ-ਵੱਡੇ ਭਾਗਾਂ ਵਾਲੇ ਪੁਰਖ।੫੭।

ਵਿਆਖਿਆ = ਬਹੁਤੇ ਲੋਕ ਪ੍ਰਮਾਤਮਾ ਨੂੰ ਮਨੁੱਖ ਰੂਪ ਵਿਚ ਸਮਝਦੇ ਹਨ, ਬਿਸ਼ਨੂੰ ਦੇ ਅਵਤਾਰਾਂ ਦੀ ਪੂਜਾ ਵੀ ਪ੍ਰਮਾਤਮਾ ਰੂਪ ਸਮਝ ਕੇ ਕੀਤੀ ਜਾਂਦੀ ਹੈ। ਪਰ ਉਹ ਪ੍ਰਮਾਤਮਾ ਅਵਤਾਰਾਂ ਤੋਂ ਵੀ ਉਚਾ ਤੇ ਬਹੁਤ ਵੱਡਾ ਹੈ। ਸੰਤਾਂ ਦੇ ਦਿਲ ਵਿਚ ਵਸਦਾ ਹੈ, ਵਡੇ ਭਾਗਾਂ ਵਾਲੇ ਗੁਰਮੁਖ ਸੰਤਾਂ ਦਾ ਸੰਗ ਕਰਕੇ ਪ੍ਰਮਾਤਮਾ ਨੂੰ ਪਾਉਂਦੇ ਹਨ।੫੭।

ਉਦਿਆਨ ਬਸਨੰ ਸੰਸਾਰੰ,ਸਨਬੰਧੀ ਸ੍ਵਾਨ ਸਿਆਲ ਖਰਹ ॥ ਮਨੁੱਖ ਦਾ ਸੰਸਾਰ ਵਿਚ ਵਸਣਾ ਉਜਾੜ ਵਿਚ ਵਸਣ ਵਾਂਗ ਹੈ, ਜਿੱਥੇ ਕੁੱਤੇ, ਗਿੱਦੜ ਤੇ ਗਧੇ (ਮਨੁੱਖ ਦੇ) ਸਬੰਧੀ ਹਨ ਭਾਵ (ਰੱਬ ਤੋਂ ਭੁੱਲੇ) ਮਨੁੱਖ ਦਾ ਸੁਭਾਓ ਕੁੱਤੇ ਗਿੱਦੜ ਤੇ ਗਧੇ ਵਰਗਾ ਹੈ (ਲੋਭ ਰੂਪ ਕੁੱਤਾ, ਕਪਟ ਤੇ ਚਲਾਕ ਰੂਪ ਗਿੱਦੜ, ਪ੍ਰਵਾਰ ਲਈ ਸਾਰਾ ਦਿਨ ਖੱਟ ਕਮਾ ਕੇ ਘਰ ਨੂੰ ਲਿਆਉਣ ਵਾਲਾ, ਭਾਰ ਢੋਣ ਵਾਲਾ ਗਧਾ ਹੈ)

ਬਿਖਮ ਸਥਾਨ ਮਨ ਮੋਹ ਮਦਿਰੰ,ਮਹਾਂ ਅਸਾਧ ਪੰਚ ਤਸਕਰਹ ॥ ਮਨੁੱਖ ਦਾ ਮਨ ਮੋਹ ਦੇ ਨਸ਼ੇ (ਵਿਚ ਬੇਹੋਸ਼ ਹੋਇਆ) ਔਖੇ ਥਾਂ (ਫਸਿਆ ਪਿਆ) ਹੈ, ਜਿਥੇ ਵਡੇ ਪੰਜ ਦੁਸ਼ਟ ਚੋਰਾਂ (ਕਾਮਾਦਿਕਾਂ ਨੇ ਮਨ ਨੂੰ ਘੇਰਿਆ ਹੋਇਆ ਹੈ, ਜੋ ਮਨ ਨੂੰ ਅਪਣਾ ਬੰਦੀ ਬਣਾ ਕੇ ਸ਼ੁੱਭ ਗੁਣਾਂ ਦੀ ਪੂੰਜੀ ਲੁੱਟ ਲੈਂਦੇ ਹਨ)।

ਹੀਤ ਮੋਹ ਭੈ ਭਰਮ ਭ੍ਰਮਣੰ,ਅਹੰ ਫਾਂਸ ਤੀਖ੍ਣ ਕਠਿਨਹ ॥ ਹਿਤੂਆਂ (ਪ੍ਰੇਮੀਆਂ) ਦਾ ਮੋਹ, (ਕਾਲ ਦਾ) ਡਰ ਤੇ ਭਰਮ ਕਰਕੇ (ਉਜਾੜ ਵਿਚੋਂ ਨਿਕਲਨ ਲਈ ਸਹੀ ਦਿਸ਼ਾ ਨਾ ਲੱਭਣ ਦੇ ਕਾਰਨ ਮਨੁੱਖ ਸੰਸਾਰ ਉਜਾੜ ਵਿਚ) ਭਟਕਦਾ ਫਿਰਦਾ (ਜੰਮਦਾ ਮਰਦਾ) ਹੈ।
ਹੰਕਾਰ ਦੀ ਤਿੱਖੀ ਅਤੇ ਕਰੜੀ (ਨਾ ਟੁੱਟਣ ਵਾਲੀ) ਫਾਹੀ (ਇਸਦੇ ਗਲ ਵਿਚ ਪਈ ਹੋਈ) ਹੈ।

ਪਾਵਕ ਤੋਅ ਅਸਾਧ ਘੋਰੰ,ਅਗਮ ਤੀਰ ਨਹ ਲੰਘਨਹ ॥ (ਸੰਸਾਰ ਉਜਾੜ ਵਿਚ) ਤ੍ਰਿਸ਼ਨਾ ਰੂਪ ਅੱਗ (ਤੇ ਵਿਸ਼ਿਆਂ ਦੇ) ਪਾਣੀ ਦੀ ਨਦੀ ਜੋ ਅਸਾਧ ਤੇ ਭਿਆਨਕ ਹੈ, (ਇਸ ਨਦੀ ਜਾਂ ਉਜਾੜ ਦਾ) ਪਾਰ ਦਾ ਕਿਨਾਰਾ ਅਪਹੁੰਚ ਹੈ, ਲੰਘਿਆ ਨਹੀਂ ਜਾਂਦਾ (ਭਾ:ਵੀਰ ਸਿੰਘ)।

ਭਜੁ ਸਾਧ ਸੰਗਿ ਗੁੋਪਾਲ ਨਾਨਕ,ਹਰਿ ਚਰਣ ਸਰਣ ਉਧਰਣ ਕ੍ਰਿਪਾ ॥੫੮॥ਨਾਨਕ ਗੁਰੂ ਜੀ ਆਖਦੇ ਹਨ, ਸਾਧੂਆਂ ਨਾਲ ਮਿਲ ਕੇ ਪ੍ਰਭੂ ਨੂੰ ਜਪੋ, ਪ੍ਰਭੂ ਦੇ ਚਰਨਾਂ ਦੀ ਸ਼ਰਣ ਲੈਣ, ਤੇ ਉਸਦੀ ਕ੍ਰਿਪਾ ਨਾਲ (ਸੰਸਾਰ ਰੂਪ ਉਜਾੜ ਵਿਚੋਂ) ਪਾਰ ਉਤਾਰਾ ਹੁੰਦਾ ਹੈ।੫੮।

ਪਦਾਰਥ = ਉਦਿਆਨ-ਸੰਸਾਰ ਰੂਪ ਉਜਾੜ। ਬਸਨੰ-ਵਸਣਾ। ਸ੍ਵਾਨ-ਕੁਤੇ (ਸੁਆਨ ਬੋਲੋ)। ਸਿਆਲ-ਗਿੱਦੜ। ਖਰਹ-ਗਧੇ। ਬਿਖਮ-ਕਠਨ ;ਔਖਾ। ਮਦਿਰੰ-ਨਸ਼ਾ। ਅਸਾਧ-ਖੋਟੇ; ਸਾਧੂ ਦਾ ਵਿਰੋਧੀ (ਅਸਾਧੂ) ਕਾਬੂ ਨਾ ਆਉਣ ਵਾਲੇ; ਦੁਸ਼ਟ; ਕੁਸੰਗੀ। ਤਸਕਰਹ-ਚੋਰ। ਹੀਤ-ਹਿਤੂ;ਪ੍ਰੇਮੀ। ਅਹੰ-ਹੰਕਾਰ। ਭ੍ਰਮਣੰ-ਭਟਕਦਾ ਫਿਰਦਾ ਹੈ। ਅਹੰ-ਹੰਕਾਰ। ਫਾਂਸ-ਫਾਹੀ। ਤੀਖ੍ਣ-(ਤੀਖਿਅਣ ਉਚਾਰੋ) ਤਿੱਖੀ; ਛੇਤੀ। ਕਠਿਨਹ-ਸਖਤ (ਨਾ ਟੁੱਟਣ ਵਾਲੀ)। ਪਾਵਕ-ਅੱਗ। ਤੋਅ-(ਤੋਇ ਨਹੀਂ ਪੜ੍ਹਨਾ) ਪਾਣੀ (ਪਦਾਰਥਾਂ ਜਾਂ ਵਿਸ਼ਿਆਂ ਦਾ)। ਘੋਰੰ-ਭਿਆਨਕ। ਅਗਮ-ਅਪਹੁੰਚ। ਤੀਰ-ਕਿਨਾਰਾ। ਉਧਰਣ-ਉਧਾਰ (ਮੁਕਤ) ਹੋਣਾ; ਤਰਨਾ।੫੮।

ਵਿਆਖਿਆ = ਗੁਰੂ ਜੀ ਸੰਸਾਰ ਨੂੰ ਉਜਾੜ ਨਾਲ ਤੁਲਨਾ ਦੇਂਦੇ ਹਨ, ਵਿਕਾਰੀ ਸੁਭਾਵ ਰੂਪ ਕੁਤੇ ਗਿੱਦੜ ਗਧੇਮਨੁੱਖ ਦੇ ਮੇਲੀ ਹਨ। ਮੋਹ ਦੇ ਨਸ਼ੇ ਵਿਚ ਬੇ ਹੋਸ਼ ਮਨ ਪੰਜ ਚੋਰਾਂ ਵਿਚ ਘਿਰਿਆ ਹੈ, ਬਚਣ ਦਾ ਕੋਈ ਉਪਾਓ ਨਹੀ। ਮਨੁੱਖ ਨੂੰ ਲੁੱਟਣ ਲਈ ਇਕ ਪਾਸੇ ਚੋਰ ਆਪ ਹਨ, ਦੂਜੇ ਪਾਸੇ ਤ੍ਰਿਸਨਾ ਦੀ ਅੱਗ ਬਾਲੀ ਹੈ, ਤੀਜੇ ਪਾਸੇ ਵਿਸ਼ਿਆਂ ਦੀ ਨਦੀ ਹੈ, ਮਨ ਬੜੀ ਔਖੀ ਥਾਂ ਫਸਿਆ ਹੋਯਾ ਹੈ। ਗੁਰੂ ਦੀ ਸੰਗਤ ਅਤੇ ਨਾਮ ਸਿਮਰਨ ਮਨੁੱਖ ਨੂੰ ਇਸ ਭਿਆਨਕ ਉਜਾੜ ਤੋਂ ਪਾਰ ਕਰ ਸਕਦਾ ਹੈ।੫੮।

ਕ੍ਰਿਪਾ ਕਰੰਤ ਗੋਬਿੰਦ ਗੋਪਾਲਹ, ਸਗਲ੍ਯ੍ਯੰ ਰੋਗ ਖੰਡਣਹ ॥ (ਜਿਸ ਮਨੁੱਖ) ਤੇ ਧਰਤੀ ਦਾ ਮਾਲਕ ਅਤੇ ਧਰਤੀ ਦਾ ਪਾਲਕ ਵਾਹਿਗੁਰੂ ਕ੍ਰਿਪਾ ਕਰਦਾ ਹੈ,(ਉਸ ਦੇ ਉਹ) ਸਾਰੇ ਰੋਗ ਨਾਸ਼ ਕਰ ਦੇਂਦਾ ਹੈ।

ਸਾਧ ਸੰਗੇਣਿ ਗੁਣ ਰਮਤ ਨਾਨਕ, ਸਰਣਿ ਪੂਰਨ ਪਰਮੇਸੁਰਹ ॥੫੯॥ ਗੁਰੂ ਜੀ ਕਹਿੰਦੇ ਹਨ (ਫਿਰ ਉਹ ਮਨੁੱਖ) ਸਾਧੂਆਂ ਦੀ ਸੰਗਤ ਵਿਚ ਪੂਰਨ ਪ੍ਰਮੇਸਰ ਦੇ ਗੁਣ ਉਚਾਰਦਾ (ਗਾਉਂਦਾ) ਰਹਿੰਦਾ ਹੈ ਅਤੇ ਉਸਦੀ ਸ਼ਰਣ ਲੈਂਦਾ ਹੈ।

ਪਦਾਰਥ = ਕਰੰਤ-ਕਰਦਾ ਹੈ। ਸਗਲ੍ਯ੍ਯੰ-(ਸਗਲਿਅੰ ਬੋਲੋ) ਸਾਰੇ। ਖੰਡਣਹ-ਨਾਸ਼ ਕਰ ਦੇਂਦਾ ਹੈ। ਸੰਗੇਣਿ-ਸੰਗਤ ਵਿਚ। ਰਮਤ-ਉਚਾਰਦਾ ਹੈ ਭਾਵ ਜਸ ਕਰਦਾ ਹੈ। ਪੂਰਨ-ਪੂਰਨ (ਜਿਸ ਵਿਚ ਕੋਈ ਊਣਤਾਈ ਨਹੀਂ)।੫੯।

ਸਿਆਮਲੰ ਮਧੁਰ ਮਾਨੁਖ੍ਯ੍ਯੰ ,ਰਿਦਯੰ ਭੂਮਿ ਵੈਰਣਹ ॥ ਮਨੁੱਖ ਭਾਵੇਂ ਦੇਖਣ ਨੂੰ ਸੁੰਦਰ ਹੋਵੇ ਅਤੇ ਮੂੰਹੋਂ ਮਿੱਠੇ ਬਚਨ ਬੋਲਣ ਵਾਲਾ ਹੋਵੇ, ਪਰ ਜੇ ਹਿਰਦੇ ਰੂਪ ਭੂਮੀ ਵਿਚ ਵੈਰ ਭਾਵਨਾ ਹੈ।

ਨਿਵੰਤਿ ਹੋਵੰਤਿ ਮਿਥਿਆ,ਚੇਤਨੰ ਸੰਤ ਸ੍ਵਜਨਹ ॥੬੦॥ ਤਾਂ ਇਹੋ ਜਿਹੇ ਮਨੁੱਖ ਦਾ (ਦੂਜਿਆਂ ਅੱਗੇ) ਝੁਕਣਾ (ਮੱਥਾ ਟੇਕਣਾ) ਝੂਠਾ (ਨਿਰਾ ਦਿਖਾਵੇ ਦਾ) ਹੁੰਦਾ ਹੈ, ਸੰਤ ਸੱਜਣ (ਉਸ ਮਨੁੱਖ ਦਾ ਵਿਸਾਹ ਨਹੀਂ ਕਰਦੇ) ਸਾਵਧਾਨ ਰਹਿੰਦੇ ਹਨ।(ਸ਼ਬਦਾਰਥ; ਦਰਪਣ)।

ਪਦਾਰਥ = ਸਿਆਮਲੰ-(ਕ੍ਰਿਸ਼ਨ ਜੀ ਵਾਂਗ) ਮਨ ਨੂੰ ਮੋਹ ਲੈਣ ਵਾਲਾ ਸੁੰਦਰ ਮਨੁੱਖ (ਮਾਨੁਖੵੰ ਨੂੰ ਮਾਨੁੱਖਿਅੰ ਪੜ੍ਹੋ)।ਮਧੁਰ-ਮੂੰਹ ਦਾ ਮਿੱਠਾ।ਰਿਦਯੰ ਭੂਮਿ-(ਰਿਦਿਅੰ ਉਚਾਰੋ) ਦਿਲ ਵਾਲੀ ਥਾਂ ਵਿਚ।ਨਿਵੰਤਿ-ਝੁਕਣਾ (ਨਮਸ਼ਕਾਰ ਕਰਨੀ)।ਹੋਵੰਤਿ ਮਿਥਿਆ-ਝੂਠਾ (ਵਿਅਰਥ) ਹੁੰਦਾ ਹੈ।ਚੇਤਨੰ-ਸਾਵਧਾਨ; ਖਬਰਦਾਰ।ਸੁਜਨਹ-(ਸੁਅਜਨਹ ਬੋਲੋ) ਸੰਤ; ਨੇਕ ਪੁਰਖ।੬੦।

ਵਿਆਖਿਆ = ਗੁਰੂ ਜੀਕਪਟੀ ਮਨੁੱਖ ਤੋਂ ਚੌਕਸ ਰਹਿਣ ਦੀ ਸਿਖਿਆ ਦਿੰਦੇ ਹਨ।ਬਾਹਰਲੀ ਸੁੰਦਰਤਾ ਅਤੇ ਮਿੱਠੇ ਬੋਲ ਕਿਸੇ ਕੰਮ ਨਹੀ ਜੇ ਦਿਲ ਵਿਚ ਛਲ ਹੈ।ਚਾਪਲੂਸ ਬੰਦੇ ਕੇਵਲ ਦਿਖਾਵੇ ਕਰਕੇ ਹੀ ਸੰਤਾਂ ਅੱਗੇ ਨਿੰਵਦੇ ਹਨ।ਕਈ ਵਾਰ ਐਸੇ ਚੇਲੇ ਸਾਧਾਂ ਨੂੰ ਗੁਮਰਾਹ ਵੀ ਕਰਦੇ ਹਨ।ਪਰ ਰੱਬ ਨਾਲ ਜੁੜੇ ਸੰਤ ਨਾ ਮੱਥੇ ਟਿਕਾਉਂਦੇ ਹਨ ,ਨਾ ਹੀ ਖੁਸ਼ਾਮਦੀਆਂ ਨੂੰ ਨੇੜੇ ਢੁਕਣ ਦੇਂਦੇ ਹਨ, ਸਾਵਧਾਨ ਰਹਿੰਦੇ ਹਨ। ਸੰਤ ਆਪ ਖੁਦ ਵੀ ਵੈਰ ਵਿਰੋਧ ਅਤੇ ਕਪਟ ਆਦਿ ਤੋਂ ਰਹਿਤ ਰਹਿੰਦੇ ਹਨ।੬੦।

ਅਚੇਤ ਮੂੜਾ ਨ ਜਾਣੰਤਿ, ਘਟੰਤ ਸਾਸਾ ਨਿਤ ਪ੍ਰਤੇ ॥ ਬੇ ਸਮਝ ਮੂਰਖ ਪੁਰਖ ਨਹੀ ਜਾਣਦਾ ਕਿ ਸੁਆਸ ਹਰ ਰੋਜ ਘਟਦੇ (ਰਹਿੰਦੇ) ਹਨ।ਛਿਜੰਤ ਮਹਾ ਸੁੰਦਰੀ ਕਾਂਇਆ, ਕਾਲ ਕੰਨਿਆ ਗ੍ਰਾਸਤੇ ॥ ਬੜਾ ਸੁੰਦਰ ਸਰੀਰ ਟੁੱਟਦਾ (ਕਮਜੋਰ ਹੁੰਦਾ) ਜਾ ਰਿਹਾ ਹੈ, ਕਾਲ ਦੀ ਲੜਕੀ ਬ੍ਰਿਧ ਅਵਸਥਾ (ਜਾਂ ਮੌਤ) ਇਸ ਨੂੰ ਖਾ (ਅਪਣਾ ਜੋਰ ਪਾ) ਰਹੀ ਹੈ।

ਰਚੰਤਿ ਪੁਰਖਹ ਕੁਟੰਬ ਲੀਲਾ,ਅਨਿਤ ਆਸਾ ਬਿਖਿਆ ਬਿਨੋਦ ॥ (ਅਜੇਹੀ ਹਾਲਤ ਵਿਚ ਵੀ ਬੇਸਮਝ) ਮਨੁੱਖ ਅਪਣੇ ਪ੍ਰਵਾਰ ਦੀ ਲੀਲਾ ਵਿਚ ਮਗਨ ਹੋ ਰਿਹਾ ਹੈ, ਨਿਤ ਨਾ ਰਹਿਣ ਵਾਲੇ (ਝੂਠੇ) ਵਿਸ਼ਿਆਂ ਦੇ ਅਨੰਦ ਦੀ ਆਸਾ ਕਰਦਾ ਰਹਿੰਦਾ ਹੈ।

ਭ੍ਰਮੰਤਿ ਭ੍ਰਮੰਤਿ ਬਹੁ ਜਨਮ ਹਾਰਿਓ,ਸਰਣਿ ਨਾਨਕ ਕਰੁਣਾ ਮਯਹ ॥੬੧॥ (ਰੱਬ ਨੂੰ ਭੁਲਾ ਕੇ ਤੇ ਪਦਾਰਥ ਵਾਦੀ ਬਣਕੇ) ਜੋਨੀਆਂ ਵਿਚ ਫਿਰਦਾਫਿਰਦਾ ਮਨੁੱਖ ਬਹੁਤ ਜਨਮ ਲੈ ਕੇ ਥੱਕ ਹਾਰ ਗਿਆ ਹੈ, ਨਾਨਕ ਗੁਰੂ ਜੀ ਆਖਦੇ ਹਨ (ਆਵਾਗੌਣ ਦੇ ਚੱਕਰ ਤੋਂ ਬਚਣ ਲਈ) ਕ੍ਰਿਪਾ ਸਰੂਪ ਪ੍ਰਭੂ ਦੀ ਸ਼ਰਣ ਵਿਚ ਰਹੋ।੬੧।

ਪਦਾਰਥ = ਅਚੇਤ-ਬੇ ਸਮਝ।ਮੂੜਾ-ਮੂਰਖ।ਘਟੰਤ-ਘਟਦੇ ਹਨ।ਸਾਸਾ-ਸੁਆਸ।ਨਿਤ ਪ੍ਰਤੇ-ਹਰ ਰੋਜ।ਛਿਜੰਤ-ਟੱਟਦੀ; ਕਮਜੋਰ ਹੁੰਦੀ ਹੈ।ਕਾਲ ਕੰਨਿਆ-ਕਾਲ ਦੀ ਲੜਕੀ ਬ੍ਰਿਧ ਅਵਸਥਾ ਜਾਂ ਮੌਤ।ਗ੍ਰਾਸਤੇ-ਖਾਂਦੀ ਹੈ।ਰਚੰਤਿ-ਮਗਨ ਹੋ ਰਿਹਾ (ਲੱਗਾ ਹੋਇਆ); ਖਚਿੱਤ ਹੈ।ਕੁਟੰਬ ਲੀਲਾ-ਪ੍ਰਵਾਰ ਦੀਆਂ ਖੁਸ਼ੀਆਂ; ਖੇਡਾਂ; ਅਨੰਦ; ਭੋਗ।ਅਨਿਤ-ਨਿਤ ਨਾ ਰਹਿਣ ਵਾਲੀ; ਝੂਠੀ; ਨਾਸ਼ਵੰਤ।ਬਿਖਿਆ-ਵਿਸ਼ੇ ਵਿਕਾਰ; ਮਾਇਆ।ਬਿਨੋਦ-ਸੁਆਦ; ਅਨੰਦ; ਖੇਲ; ਤਮਾਸ਼ੇ।ਭ੍ਰਮੰਤਿ-ਆਵਾਗੌਣ ਦੇ ਚੱਕਰ ਵਿਚ ਫਿਰਦਿਆਂ।ਹਾਰਿਓ-ਥੱਕ ਹਾਰ ਗਿਆ ਹੈ।ਕਰੁਣਾ ਮਯਹ-(ਕਰੁਣਾ ਮਇਅਹ ਪੜ੍ਹੋ) ਦਇਆ ਸਰੂਪ ਪ੍ਰਭੂ।੬੧।

ਸਾਰ = ਮਨੁੱਖ ਮੂਰਖ ਹੈ, ਸਾਹ ਘਟ ਰਹੇ ਹਨ, ਬੁਢੇਪਾ ਜੋਰ ਪਾ ਰਿਹਾ ਹੈ।ਫਿਰ ਵੀ ਪ੍ਰਵਾਰ ਦੀਆਂ ਖੁਸ਼ੀਆਂ ਤੇ ਵਿਸ਼ਿਆਂ ਦੇ ਭੋਗਾਂ ਵਿਚ ਲਗ ਕੇ ਵਾਹਿਗੁਰੂ ਨੂੰ ਭੁੱਲੀ ਬੈਠਾ ਹੈ।ਇਸ ਤਰ੍ਹਾਂ ਕਈ ਜਨਮ ਬਿਅਰਥ ਗਵਾ ਲਏ, ਅਜੇ ਵੀ ਨਹੀ ਸਮਝਦਾ।੬੧।

ਹੇ ਜਿਹਬੇ ਹੇ ਰਸਗੇ, ਮਧੁਰ ਪ੍ਰਿਅ ਤੁਯੰ ॥ ਹੇ ਜੀਭ! ਹੇ ਰਸਾਂ (ਦੇ ਸਵਾਦਾਂ) ਨੂੰ ਜਾਨਣ ਵਾਲੀ! (ਤੈਨੂੰ) ਮਿੱਠੇ ਰਸ ਪਿਆਰੇ ਲਗਦੇ ਹਨ। ਸਤ ਹਤੰ ਪਰਮ ਬਾਦੰ,ਅਵਰਤ ਏਥਹ ਸੁਧ ਅਛਰਣਹ ॥ਗੋਬਿੰਦ ਦਾਮੋਦਰ ਮਾਧਵੇ ॥੬੨॥ (ਪਰ) ਸੱਚ ਵਲੋਂ (ਜਾਂ ਸੱਤਨਾਮ ਜਪਣ ਤੋਂ) ਤੂੰ ਮਰ ਗਈ ਹੈਂ, ਬੜੇ ਬੜੇ ਝਗੜੇ ਕਰਦੀ ਹੈਂ (ਬਹਿਸਾਂ ਦੇ ਝਗੜੇ ਜਾਂ ਗਾਲੀ ਗਲੋਚ, ਨਿੰਦਾ ਚੁਗਲੀ ਕਰਕੇ ਸਹੇੜੇ ਝਗੜੇ) {ਮੇਰਾ ਖਿਆਲ}।ਦਮੋਦਰ ਗੋਬਿੰਦ ਮਾਧਵੇ (ਅਕਾਲ ਪੁਰਖ ਦੇ) ਨਾਮ ਦੇ ਇਹ ਸ਼ੁੱਧ ਅੱਖਰ ਵਰਤਣ ਤੋਂ ਤੂੰ (ਜੀਭ) ਰਹਿਤ ਹੈਂ (ਭਾਵ ਨਹੀਂ ਲੱਗੀ ਹੋਈ)।ਹੋਰ ਅਰਥ =੧. ਏਥੇ (ਸੰਸਾਰ ਵਿਚ) ਆ ਕੇ (ਹੇ ਰਸਨਾ!) ਵਾਹਿਗੁਰੂ ਦੇ ਪਵਿਤ੍ਰ ਅੱਖਰਾਂ ਵਿਚ ਪ੍ਰਵਿਰਤ (ਖਚਿੱਤ) ਹੋ ਭਾਵ ਰਸਾਂ ਕਸਾਂ ਅਤੇ ਝਗੜਿਆਂ ਨੂੰ ਛਡ ਕੇ ਸਿਮਰਨ ਵਿਚ ਲਗ (ਟਕਸਾਲ; ਫ.ਸ.; ਭਾ.ਵੀਰ ਸਿੰਘ); ਸੰ.ਸ. ਨੇ ਦੋਵੇਂ ਅਰਥ ਕੀਤੇ ਹਨ)।੨. ਵਾਹਿਗੁਰੂ ਦੇ ਪਵਿਤ੍ਰ ਸ਼ਬਦ (ਨਾਮ) ਦਾ ਜਾਪ ਕਰ (ਤਾਂ ਰਸਨਾ ਦੀ ਸਫਲਤਾ ਹੈ)।੬੨।

ਪਦਾਰਥ = ਹੇ ਜਿਹਬੇ-ਹੇ ਜੀਭ!।ਹੇ ਰਸਗੇ-ਰਸਾਂ ਨੂੰ ਜਾਨਣ ਵਾਲੀ!।ਮਧੁਰ-ਮਿੱਠੇ (ਰਸ)।ਪ੍ਰਿਅ-(ਪਰਿਅ ਪੜ੍ਹੋ) ਪਿਆਰੇ (ਲਗਦੇ ਹਨ)।ਤੁਯੰ-ਤੈਨੂੰ (ਤੁਇਅੰ ਬੋਲੋ)।ਸਤ ਹਤੰ-ਸੱਚ ਵੱਲੋਂ ਤੂੰ ਮਰੀ ਹੋਈ ਹੈਂ।ਪਰਮ ਬਾਦੰ-ਵੱਡੇ ਝਗੜੇ।ਅਵਰਤ ਏਥਹ-(ਅਵੱਰਤ ਉਚਾਰੋ) ਏਹ ਨਹੀ ਵਰਤਦਾ; ਏਥੇ ਆ ਕੇ ਵਰਤੋਂ ਕਰ; ਇਨ੍ਹਾਂ ਵਿਚ ਖਚਿੱਤ ਹੋ; ਅਵਰਤਏਥਹ (ਮ.ਕੋ.; ਦਰਪਣ ਨੇ ਇਕੱਠਾ ਲਿਖ ਕੇ ਇਹ ਅਰਥ ਕੀਤੇ ਹਨ ੜ- ਮੁੜ ਮੁੜ ਭਾਵ ਵਾਰ ਵਾਰ ਉਚਾਰਣ ਕਰ)।ਸੁਧ ਅਛਰਣਹ-ਪਵਿਤ੍ਰ ਅੱਖਰ (ਰੱਬ ਦਾ ਨਾਮ)।ਗੋਬਿੰਦ ਦਾਮੋਦਰ ਮਾਧਵੇ-ਇਹ ਸਾਰੇ ਪ੍ਰਮਾਤਮਾ ਦੇ ਨਾਮ ਹਨ।੬੨।

ਗਰਬੰਤ ਨਾਰੀ ਮਦੋਨ ਮਤੰ ॥ ਬਲਵੰਤ ਬਲਾਤ ਕਾਰਣਹ ॥ਜੋ ਮਨੁੱਖ ਇਸਤ੍ਰੀ ਦੇ ਕਾਮ ਵਿਚ ਮਸਤ ਹੋਇਆ ਹੰਕਾਰ ਕਰਦਾ ਹੈ ਅਤੇ ਬਲ ਵਾਲਾ ਹੋ ਕੇ ਦੂਜਿਆਂ ਉਤੇ ਧੱਕਾ ਕਰਦਾ ਹੈ (ਅਪਣੇ ਬਲ ਦੇ ਕਾਰਣ ਪਰਾਈ ਇਸਤ੍ਰੀਆਂ ਨਾਲ ਬਲਾਤਕਾਰ ਕਰਦਾ ਹੈ) ਭਾਵ ਕਾਮੀ ਪੁਰਖ ਹੰਕਾਰ ਵਿਚ ਤਾਕਤ ਦੀ ਗਲਤ ਵਰਤੋਂ ਕਰਕੇ ਕਿ ਮੈਨੂੰ ਰੋਕਣ ਵਾਲਾ ਕੋਈ ਨਹੀ, ਪਰਾਈ ਔਰਤਾਂ ਨਾਲ ਵਧੀਕੀ ਕਰਦਾ ਹੈ।

ਚਰਨ ਕਮਲ ਨਹ ਭਜੰਤਿ, ਤ੍ਰਿਣ ਸਮਾਨਿ ਧ੍ਰਿਗ ਜਨਮਨਹ ॥ ਧ੍ਰਿਕਾਰ ਹੈ ਐਸੇ ਮਨੁੱਖ ਦੇ ਜਨਮ ਨੂੰ ਜੋ ਹਰੀ ਦੇ ਚਰਨਾਂ ਕਮਲਾਂ ਨੂੰ ਨਹੀ ਸਿਮਰਦਾ, ਇਹੋ ਜਿਹਾ ਮਨੁੱਖ (ਪੈਰਾਂ ਵਿਚ ਰੁਲ ਰਹੇ ਕੱਖਾਂ ਦੇ) ਤੀਲੇ ਬਰਾਬਰ (ਹੌਲਾ) ਹੈ ਜੋ (ਛੇਤੀ ਨਾਸ਼ ਹੋ ਜਾਂਦਾ ਹੈ)।

ਹੇ ਪਪੀਲਕਾ ਗ੍ਰਸਟੇ, ਗੋਬਿੰਦ ਸਿਮਰਣ ਤੁਯੰ ਧਨੇ ॥ (ਹੰਕਾਰੀ ਬਲਵਾਨ ਬੰਦੇ ਦੇ ਮੁਕਾਬਲੇ) ਹੇ ਨਿਮ੍ਰਤਾ ਵਾਲੇ ਕੀੜੀ ਰੂਪ ਮਨੁੱਖ! ਤੂੰ (ਨਿੱਕੀ

ਭਾਵ ਗਰੀਬ ਹੋਣ ਤੇ ਵੀ) ਵੱਡੀ ਹੈਂ, ਕਿਉਂਕਿ ਤੇਰੇ ਕੋਲ ਨਾਮ ਸਿਮਰਣ ਰੂਪ ਧਨ ਹੈ (ਜਾਂ ਸਿਮਰਣ ਕਰਕੇ ਤੂੰ ਧੰਨ ਹੈਂ)।
ਨਾਨਕ ਅਨਿਕ ਬਾਰ ਨਮੋ ਨਮਹ ॥੬੩॥ਨਾਨਕ ਗੁਰੂ ਜੀ ਆਖਦੇ ਹਨ, ਵਾਹਿਗੁਰੂ ਅੱਗੇ ਮਨ ਤਨ ਕਰਕੇ ਅਨੇਕਾਂ ਬਾਰ ਨਮਸ਼ਕਾਰ ਕਰੋ (ਜੋ ਨਾਮ ਜਪਣ ਵਾਲੇ ਨੀਵਿਆਂ ਨੂੰ ਵੱਡਾ ਕਰਦਾ ਹੈ) {ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ੫}।੬੩।
ਪਦਾਰਥ = ਗਰਬੰਤ-ਹੰਕਾਰ ਕਰਦਾ ਹੈ।ਨਾਰੀ-ਇਸਤ੍ਰੀ ਦੇ।ਮਦੋਨ ਮਤੰ-ਕਾਮ ਚ ਮਸਤ।ਬਲਾਤ ਕਾਰਣਹ-ਬਲਾਤਕਾਰ; ਜਬਰਦਸਤੀ;ਧੱਕੇ ਨਾਲ; ਮੱਲੋਜੋਰੀ।ਨਹ ਭਜੰਤਿ-ਸਿਮਰਦਾ ਨਹੀਂ।ਤ੍ਰਿਣ ਸਮਾਨਿ-ਕੱਖਾਂ ਦੇ ਤੀਲੇ ਬਰਾਬਰ।ਧ੍ਰਿਗ-ਧ੍ਰਿਕਾਰ (ਲਾਹਣਤ)।ਪਪੀਲਕਾ-ਕੀੜੀ।ਗ੍ਰਸਟੇ-(ਗਰੱਸਟੇ ਬੋਲੋ) ਵੱਡਾ ਭਾਰੀ; ਵਜਨਦਾਰ; ਬਹੁਤ ਸਤਿਕਾਰ ਯੋਗ।ਤੁਯੰ-(ਤੁਇਅੰ ਬੋਲੋ) ਤੇਰਾ।ਧਨੇ-ਧੰਨਤਾ ਦੇ ਯੋਗ ਹੈਂ; ਨਾਮ ਰੂਪ ਦੌਲਤ।ਅਨਿਕ ਬਾਰ-ਅਨੇਕਾਂ ਵਾਰ।ਨਮੋ ਨਮਹ-ਨਮਸ਼ਕਾਰ ਹੈ।੬੩।
ਵਿਆਖਿਆ = (ਭਾ:ਵੀਰ ਸਿੰਘ ਅਤੇ ਸੰ.ਸ. ਨੇ ਕੁਝ ਇਸ ਤਰ੍ਹਾਂ ਦੇ ਅਰਥ ਵੀ ਲਿਖੇ ਹਨ) ਕਾਮ ਵਿਚ ਮਸਤ (ਚੰਚਲ) ਇਸਤ੍ਰੀਆਂ ਗਰਬ ਕਰਦੀਆਂ ਹਨ (ਕਿ ਅਸੀਂ) ਬਲਵਾਨ (ਭਾਰੂ) ਹਾਂ ਬਲ ਵਾਲਿਆਂ ਉਤੇ (ਕਾਮ ਦੇ ਬਲ ਨਾਲ ਬੜੇ ਬੜੇ ਬਲਵਾਨਾਂ ਅਤੇ ਰਿਸ਼ੀਆਂ ਮੁਨੀਆਂ ਨੂੰ ਵੀ ਵਸ ਕਰ ਲੈਂਦੀਆਂ ਹਾਂ, ਇਸ ਬਾਤ ਦਾ ਹੰਕਾਰ ਹੈ) {ਕਾਮੀ ਪੁਰਖ ਕਾਮਨੀ ਪਿਆਰੀ ੧੧੯੪}।ਗੁਰੂ ਜੀ ਆਖਦੇ ਹਨ, ਉਹ ਚਰਨਾਂ ਕਮਲਾਂ ਨੂੰ ਨਹੀ ਭਜਦੀਆਂ, ਇਸ ਕਰਕੇ ਉਨ੍ਹਾਂ ਦੇ ਤ੍ਰਿਣ ਸਮਾਨ (ਤੁੱਛ ਜਿਹੇ) ਜਨਮ ਨੂੰ ਧ੍ਰਿਗ ਹੈ।ਹੇ ਸਤਕਾਰ ਯੋਗ ਕੀੜੀ ਵਤ ਨਿਮ੍ਰ ਸੰਤ ! ਤੂੰ ਗੋਬਿੰਦ ਦੇ ਸਿਮਰਨ ਕਰਨ ਕਰਕੇ ਧੰਨ ਹੈਂ, ਨਮਸ਼ਕਾਰ ਹੈ ਤੈਨੂੰ ਬਾਰ ਬਾਰ।ਇਕ ਬਾਣੀ ਨਾਲ ਜੁੜੀ ਹੋਈ ਨਿਮ੍ਰ ਭਾਵ ਵਾਲੀ ਬਹੁਤ ਗਰੀਬ ਬੀਬੀ ਗੁਰੂ ਅਮਰਦਾਸ ਜੀ ਦੀ ਵਰੋਸਾਈ ਹੋਈ ਸੀ।ਇਕ ਹੋਰ ਸਭ ਨੂੰ ਸਤਾਉਣ ਵਾਲੀ ਅਮੀਰ ਇਸਤ੍ਰੀ ਸੀ।ਕਿਸੇ ਨੇ ਇਸ ਅਮੀਰ ਇਸਤ੍ਰੀ ਦੀ ਸ਼ਿਕਾਇਤ ਗੁਰਮੁਖ ਬੀਬੀ ਕੋਲ ਕੀਤੀ।ਤਿਸ ਤੇ ਗੁਰਮੁਖ ਬੀਬੀ ਨੇ ਕਿਹਾ, ਮੈਂ ਤਾਂ ਗਰੀਬਣੀ ਜਿਹੀ ਹਾਂ, ਬਲੀ ਧਨੀ ਲੋਕ ਉਸਦੇ ਵਸ ਵਿਚ ਹਨ।ਸ਼ਿਕਾਇਤ ਕਰਤਾ ਨੇ ਫਿਰ ਕਿਹਾ, ਬੀਬੀ ਤੁਸੀਂ ਵੱਡੇ ਹੋ, ਪਰ ਬੀਬੀ ਨੇ ਨਿਮ੍ਰਤਾ ਹੀ ਰੱਖੀ।ਇਹ ਗਲ ਗੁਰੂ ਅਮਰਦਾਸ ਜੀ ਕੋਲ ਪਹੁੰਚੀ।ਗੁਰੂ ਜੀ ਨੇ ਕਿਹਾ, ਜੋ ਹੰਕਾਰੀ ਹੈ ਉਸਦਾ ਜਨਮ ਨਿਸਫਲ ਹੈ, ਪਰ ਨਿਮ੍ਰਤਾ ਅਤੇ ਵਾਹਿਗੁਰੂ ਸਿਮਰਨ ਵਾਲਾ ਬੰਦਨ ਯੋਗ ਹੈ।ਅਹੰ ਬੁਧੀ ਅਤੇ ਨਿਮ੍ਰ ਬੁਧ ਤੇ ਵੀ ਅਰਥ ਕੀਤਾ ਜਾ ਸਕਦਾ ਹੈ (ਭਾ:ਵੀਰ ਸਿੰਘ)।੬੩।
ਅੰਗ ੧੩੬੦ = ਤ੍ਰਿਣੰ ਤ ਮੇਰੰ ,ਸਹਕੰ ਤ ਹਰੀਅੰ ॥ (ਅਖੀਰਲੀ ਤੁਕ ਦਾ ਅਰਥ ਪਹਿਲਾਂ ਲੱਗੇਗਾ)।ਨਾਨਕ ਗੁਰੂ ਜੀ ਆਖ ਰਹੇ ਹਨ ਕਿ ਜੇ ਪ੍ਰਮਾਤਮਾ ਤੇ ਗੁਰੂ ਦਿਆਲ ਹੋ ਜਾਣ।ਤਾਂ ਕੱਖ ਵਰਗਾ ਗਰੀਬ ਮਨੁੱਖ ਸੁਮੇਰ ਪ੍ਰਬਤ ਵਾਂਗ ਵੱਡਾ (ਉਚੇ ਜੀਵਨ ਵਾਲਾ) ਹੋ ਜਾਂਦਾ ਹੈ, ਪ੍ਰੇਮ ਹੀਣ ਸੁੱਕਾ ਮਨ, ਸ਼ੁੱਭ ਗੁਣਾਂ ਕਰਕੇ ਹਰਾ ਭਰਾ ਹੋ ਜਾਂਦਾ ਹੈ।ਸੁਕੇ ਹਰੇ ਕੀਏ ਖਿਨ ਮਾਹੇ।ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ।(੧੯੧)।ਦੂਜਾ ਅਰਥ = ਕੱਖ ਵਾਂਗ ਵਾਸ਼ਨਾ ਦੀ ਪੌਣ ਨਾਲ ਉਡਣ ਵਾਲਾ ਤੁੱਛ ਜੀਵ ਸੁਮੇਰ ਪ੍ਰਬਤ ਵਾਂਗ ਅਹਿੱਲ ਹੋ ਜਾਂਦਾ ਹੈ, ਜੋ ਮਨ ਅਸ਼ੁੱਭ ਗੁਣਾਂ ਦੀ ਤਪਸ਼ ਨਾਲ ਸੁੱਕ ਗਿਆ ਸੀ, ਹੁਣ ਦੈਵੀ ਗੁਣਾਂ ਨੂੰ ਪਾ ਕੇ ਹਰਾ ਹੋ ਗਿਆ (ਸੰ.ਸ.) ਜਾਂ ਸਹੇ ਵਾਂਗ ਕਮਜੋਰ ਅਤੇ ਡਰਪੋਕ ਮਨੁੱਖ ਨੂੰ ਸ਼ੇਰ ਵਾਂਗ ਦਲੇਰ ਅਤੇ ਤਕੜੇ ਬਣਾ ਦੇਂਦਾ ਹੈ (ਟਕਸਾਲ ਨੇ ਦੋਵੇਂ ਅਰਥ ਕੀਤੇ ਹਨ)।
ਬੂਡੰ ਤ ਤਰੀਅੰ,ਊਣੰ ਤ ਭਰੀਅੰ ॥ ਸੰਸਾਰ ਸਮੁੰਦਰ ਵਿਚ ਡੁਬਦਾ ਹੋਇਆ ਤਰ ਜਾਂਦਾ ਹੈ, ਗੁਣਾਂ ਤੋਂ ਖਾਲੀ ਮਨੁੱਖ ਸ਼ੁੱਭ ਗੁਣਾਂ ਨਾਲ ਭਰ ਜਾਂਦਾ ਹੈ ਜਾਂ ਮਾਲ ਧਨ ਤੋਂ ਖਾਲੀ ਮਨੁੱਖ ਮਾਲ ਧਨ ਨਾਲ ਭਰ ਜਾਂਦਾ ਹੈ।
ਅੰਧਕਾਰ ਕੋਟਿ ਸੂਰ ਉਜਾਰੰ ॥ ਬਿਨਵੰਤਿ ਨਾਨਕ, ਹਰਿ ਗੁਰ ਦਯਾਰੰ ॥੬੪॥ ਜਿੱਥੇ ਹਨ੍ਹੇਰਾ ਹੋਵੇ, ਉਥੇ ਕ੍ਰੋੜਾਂ ਸੂਰਜਾਂ ਦਾ ਚਾਨਣ ਹੋ ਜਾਂਦਾ ਹੈ (ਅਗਿਆਨ ਵਾਲੇ ਹਨ੍ਹੇਰੇ ਮਨ ਵਿਚ ਕ੍ਰੋੜਾਂ ਸੂਰਜਾਂ ਵਾਂਗ ਗਿਆਨ ਦਾ ਚਾਨਣ ਹੋ ਜਾਂਦਾ ਹੈ।(ਅਖੀਰਲੀ ਤੁਕ ਦੇ ਅਰਥ ਸਲੋਕ ਦੇ ਅਰੰਭਵਿਚ ਹੋ ਗਏ ਹਨ)।੬੪।
ਪਦਾਰਥ = ਤ੍ਰਿਣੰ-ਕੱਖ।ਮੇਰੰ-ਪਹਾੜ।ਸਹਕੰ ਤ-ਸੁੱਕੇ ਨੂੰ; ਸਹਾ (ਖਰਗੋਸ਼)।ਹਰੀਅੰ-ਹਰਾ ਭਰਾ; ਸ਼ੇਰ।ਬੂਡੰਤ-ਡੁਬਦਾ ਹੋਇਆ। ਤਰੀਅੰ-ਤਰ ਜਾਂਦਾ ਹੈ।ਊਣੰ ਤ-ਖਾਲੀ।ਭਰੀਅੰ-ਭਰ ਜਾਂਦਾ ਹੈ।ਅੰਧਕਾਰ-ਹਨ੍ਹੇਰਾ।ਕੋਟਿ ਸੂਰ-ਕ੍ਰੋੜਾਂ ਸੂਰਜਾਂ ਦਾ।ਉਜਾਰੰ-ਉਜਾਲਾ; ਚਾਨਣ।ਬਿਨਵੰਤਿ-ਆਖਦੇ ਹਨ; ਬੇਨਤੀ ਕਰਦੇ ਹਨ।ਦਯਾਰੰ-ਦਿਆਲੂ।੬੪।
ਬ੍ਰਹਮਣਹ ਸੰਗਿ ਉਧਰਣੰ,ਬ੍ਰਹਮ ਕਰਮ ਜਿ ਪੂਰਣਹ ॥ ਉਨ੍ਹਾਂ ਬ੍ਰਹਮਣਾਂ ਦਾ ਸੰਗ ਕਰਨ ਤੇ (ਮਨੁੱਖ ਦਾ) ਉਧਾਰ ਹੋ ਜਾਂਦਾ ਹੈ, ਜਿਹੜੇ (ਬ੍ਰਹਮਣ ਨਾਮ ਸਿਮਰਨ ਰਾਹੀ) ਬ੍ਰਹਮ ਪ੍ਰਾਪਤੀ ਦੇ ਕਰਮ ਵਿਚ ਪੂਰਨ ਹਨ।
ਆਤਮ ਰਤੰ ਸੰਸਾਰ ਗਹੰ, ਤੇ ਨਰ ਨਾਨਕ ਨਿਹਫਲਹ ॥੬੫॥ ਜਿਨ੍ਹਾਂ ਮਨੁੱਖਾਂ ਦਾ ਕੇਵਲ ਮਨ ਨਾਲ ਪ੍ਰੇਮ ਹੈ ਅਤੇ ਸੰਸਾਰ ਨੂੰ ਫੜੀ (ਬੈਠੇ) ਹਨ ਜਾਂ ਜੋ ਸੰਸਾਰ ਵਿਚ ਕੇਵਲ ਦੇਹ ਮਾਤ੍ਰ ਵਿਚ ਹੀ ਪ੍ਰੀਤੀ ਗ੍ਰਹਿਣ ਕਰਦੇ ਹਨ ਭਾਵ ਬ੍ਰਹਮਣ ਪੁਣੇ ਦਾ ਅਭਿਮਾਨ ਹੈ (ਇਉਂ ਸਮਝਦੇ ਹਨ ਜਿਵੇਂ ਸੰਸਾਰ ਨੂੰ ਛੱਡਣਾ ਹੀ ਨਹੀਂ ਹੁੰਦਾ), ਨਾਨਕ ਗੁਰੂ ਜੀ ਆਖਦੇ ਹਨ, ਉਨਾਂ ਮਨੁੱਖਾਂ ਦਾ ਸੰਗ ਨਿਹਫਲ ਹੈ; ਉਨ੍ਹਾਂ ਮਨੁੱਖਾਂ ਦਾ ਜਨਮ ਨਿਸਫਲ ਹੈ।੬੫।
ਪਦਾਰਥ = ਬ੍ਰਹਮਣਹ-ਬ੍ਰਹਮਣਾਂ ਦਾ।ਸੰਗਿ-ਸਾਥ।ਉਧਰਣੰ-ਉਧਾਰ ਹੁੰਦਾ ਹੈ।ਜਿ-ਜਿਹੜੇ।ਰਤੰ-ਪ੍ਰੇਮ।ਆਤਮ-ਮਨ; ਅਪਣਾ ਆਪ; ਸਰੀਰ।ਗਹੰਤੇ-ਚਲੇ ਜਾਂਦੇ ਹਨ (ਨਿਸਫਲ); ਗਹੰ-ਗ੍ਰਹਣ ਕਰਨਾ।ਤੇ ਨਰ-ਉਹ ਮਨੁੱਖ।ਟਕਸਾਲ; ਫ.ਸ.; ਮ.ਕੋ. ਅਤੇ ਸੰ.ਸ. ਨੇ 'ਗਹੰ

ਤੇ ਨਰ' ਪਦਛੇਦ ਪਾਠ ਕੀਤਾ ਹੈ, ਦਰਪਣ ਅਤੇ ਨਿਰਣੈ ਨੇ 'ਗਹੰਤੇ' ਪਾਠ ਕੱਠਾ ਕੀਤਾ ਹੈ।੬੫।
ਵਿਆਖਿਆ = ਹਰੀ ਦਾ ਨਾਮ ਸਿਮਰਨ ਕਰਨ ਵਾਲਾ ਅਸਲੀ ਬ੍ਰਹਮਣ ਹੈ। ਪਰ ਕਰਮ ਕਾਂਡ ਕਰਨ ਵਾਲੇ ਕੁਝ ਬ੍ਰਹਮਣ ਮਾਇਆ ਦੇ ਬੰਧਨਾਂ ਵਿਚ ਫਸ ਕੇ ਜਨਮ ਬਿਅਰਥ ਗੁਆ ਲੈਂਦੇ ਹਨ, ਐਸੇ ਬ੍ਰਹਮਣਾਂ ਦੀ ਸੰਗਤ ਕਰਨੀ ਨਿਹਫਲ ਹੈ। ਜਾਤ ਕਰ ਕੇ ਕੋਈ ਛੋਟਾ ਵੱਡਾ ਨਹੀ, ਨਾਮ ਜਪਣ ਵਾਲਾ ਨੀਵੀਂ ਜਾਤ ਦਾ ਹੋਣ ਦੇ ਬਾਵਜੂਦ ਉਚੀ ਜਾਤ ਦੇ ਕਰਮ ਕਾਂਡੀ ਨਾਲੋਂ ਵੱਡਾ ਹੈ। ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ।(੧੪੧੧)। ਕਹੁ ਕਬੀਰ ਜੋ ਬ੍ਰਹਮੁ ਬੀਚਾਰੈ। ਸੋ ਬ੍ਰਹਮਣੁ ਕਹੀਅਤੁ ਹੈ ਹਮਾਰੈ।(੩੨੪)
ਪਰ ਦਰਬ ਹਿਰਣੰ,ਬਹੁ ਬਿਘਨ ਕਰਣੰ,ਉਚਰਣੰ ਸਰਬ ਜੀਅਕਹ ॥ ਜਿਹੜੇ ਬੰਦੇ (ਅਪਣਾ ਟੱਬਰ ਪਾਲਣ ਵਾਸਤੇ) ਪਰਾਇਆ ਧਨ ਚੁਰਾਉਂਦੇ ਹਨ {ਬਹੁ ਪਰਪੰਚ ਕਰਿ ਪਰ ਧਨ ਲਿਆਵੈ। ਸੁਤ ਦਾਰਾ ਪਹਿ ਆਨਿ ਲੁਟਾਵੈ ੬੫੬}, ਦੂਜਿਆਂ ਦੇ ਕੰਮਾਂ ਵਿਚ ਬਿਘਨ ਪਾਉਂਦੇ ਹਨ ਭਾਵ ਪੂਰੇ ਨਹੀਂ ਹੋਣ ਦਿੰਦੇ, ਮੰਗਤੇ ਹੋ ਕੇ ਸਭ ਦੇ (ਘਰਾਂ ਅੱਗੇ) ਫਿਰਦੇ ਹਨ; ਅਪਣੀ ਉਪਜੀਵਕਾ ਵਾਸਤੇ ਸਾਰੇ ਵਾਕ (ਧਰਮ ਗ੍ਰੰਥਾਂ ਦੇ ਵਾਕ ਬਣਾ ਬਣਾ ਕੇ) ਬੋਲਦੇ ਭਾਵ ਉਪਦੇਸ਼ ਕਰਦੇ ਹਨ।
ਲਉ ਲਈ ਤ੍ਰਿਸਨਾ ਅਤਿਪਤਿ ਮਨ ਮਾਏ,ਕਰਮ ਕਰਤ ਸ ਸੂਕਰਹ ॥੬੬॥ ਆਹ ਵੀ ਲੈ ਲਵਾਂ, ਔਹ ਵੀ ਲੈ ਲਵਾਂ ਕਰਦੇ ਰਹਿੰਦੇ ਹਨ,ਤ੍ਰਿਸ਼ਨਾ ਕਰਕੇ (ਉਨ੍ਹਾਂ ਦਾ) ਮਨ ਮਾਯਾ ਵਲੋਂ ਰੱਜਦਾ ਨਹੀ ਭਾਵ ਸਾਰਾ ਦਿਨ ਮਾਇਆ ਅਤੇ ਪਦਾਰਥਾਂ ਦੇ ਲੈਣ ਦੀ ਗਲ ਸੋਚਦੇ ਰਹਿੰਦੇ ਹਨ, ਉਹ (ਪੁਰਖ) ਸੂਰਾਂ ਵਾਲੇ ਕਰਮ ਕਰਦੇ ਹਨ (ਸਦਾ ਗੰਦ ਹੀ ਖਾਂਦੇ ਹਨ)।੬੬।
ਪਦਾਰਥ = ਪਰ ਦਰਬ-ਪਰਾਇਆ ਧਨ। ਹਿਰਣੰ-ਚੁਰਾਉਂਦੇ ਹਨ। ਉਚਰਣੰ-ਧਰਮ ਗ੍ਰੰਥਾਂ ਦੇ ਵਾਕ ਬੋਲਦਾ ਹੈ; ਉਤ+ਚਰ-ਬਾਹਰ ਫਿਰਨਾ (ਭਾ:ਵੀਰ ਸਿੰਘ)। ਜੀਅਕਹ-ਰੋਜੀ (ਉਪਜੀਵਕਾ) ਲਈ। ਲਉ ਲਈ-ਇਹ ਲਵਾਂ, ਉਹ ਵੀ ਲੈ ਲਵਾਂ। ਅਤਿਪਤ-ਅਤ੍ਰਿਪਤ (ਰੱਜਦੇ ਨਹੀ); ਅਸ਼ਾਂਤ। ਮਾਏ-ਮਾਇਆ। ਸਸੂਕਰਹ-ਸੂਰਾਂ ਵਾਲੇ। (ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਈ ਸਰੂਪਾਂ ਵਿਚ 'ਸਿ ਸੂਕਰਹ' ਪਾਠ ਵੀ ਛਪਿਆ ਮਿਲਦਾ ਹੈ, ਗਿ. ਗੁਰਬਚਨ ਸਿੰਘ ਭਿੰਡਰਾਂ ਵਾਲਿਆਂ ਦੀ ਕਥਾ ਵਾਲੀ ਟੇਪ ਵਿਚ ਪਾਠ 'ਸਸੂਕਰਹ' ਹੈ)।੬੬।
ਵਿਆਖਿਆ = ਅਪਣੀ ਰੋਜੀ ਲਈ ਲੋਕਾਂ ਦੇ ਦੁਖ ਦੂਰ ਕਰਨ ਲਈ ਧਾਗੇ ਤਵੀਤ ਜਾਂ ਮੰਤ੍ਰਾਂ ਦਾ ਜਾਪ ਕਰਦੇ ਹਨ ਅਤੇ ਦੂਜਿਆਂ ਦਾ ਨੁਕਸਾਨ ਕਰਨ ਲਈ ਵੀ ਲੋਕਾਂ ਨੂੰ ਤਵੀਤ ਆਦਿ ਬਣਾ ਕੇ ਦੇਂਦੇ ਹਨ। ਇਸ ਤਰੀਕੇ ਨਾਲ ਪਰਾਯਾ ਧਨ ਲੁੱਟਣਾ, ਕਿਸੇ ਦਾ ਕੰਮ ਰੋਕਣਾ, ਸਾਰਾ ਦਿਨ ਮਾਯਾ ਬਾਰੇ ਹੀ ਸੋਚੀ ਜਾਣਾ, ਇਹ ਸਾਰੇ ਕੰਮ ਸੂਰਾਂ ਵਾਲੇ ਹਨ।੬੬।
ਹਰੀ ਲਾਲ ਕ੍ਰਿਸ਼ਨ ਲਾਲ ਨੇ ਬੇਨਤੀ ਕੀਤੀ ਕਿ ਮਨੁੱਖ ਦੇ ਪਾਪ ਕਿਵੇਂ ਦੂਰ ਹੁੰਦੇ ਹਨ ਅਤੇ ਕਿਵੇਂ ਸੰਸਾਰ ਸਾਗਰ ਤੋਂ ਤਰੀਦਾ ਹੈ =
ਮਤੇ ਸਮੇਵ ਚਰਣੰ,ਉਧਰਣੰ ਭੈ ਦੁਤਰਹ ॥ ਜੋ ਪੁਰਖ (ਪ੍ਰੇਮ ਵਿਚ) ਮਸਤ ਹੋ ਕੇ ਵਾਹਿਗੁਰੂ ਦੇ ਚਰਨਾਂ ਵਿਚ ਲੀਨ ਹੁੰਦੇ ਹਨ, ਉਹ ਨਾ ਤਰੇ ਜਾਣ ਵਾਲੇ ਭੈ ਦਾਇਕ ਸੰਸਾਰ ਸਮੁੰਦਰ ਤੋਂ ਤਰ ਜਾਂਦੇ ਹਨ।
ਅਨੇਕ ਪਾਤਿਕ ਹਰਣੰ, ਨਾਨਕ ਸਾਧ ਸੰਗਮ ਨ ਸੰਸਯਹ ॥੬੭॥ ਨਾਨਕ ਗੁਰੂ ਜੀ ਕਹਿੰਦੇ ਹਨ (ਹੇ ਹਰੀ ਲਾਲ ਅਤੇ ਕ੍ਰਿਸ਼ਨ ਲਾਲ!) ਸਾਧੂਆਂ ਦਾ ਮਿਲਾਪ ਅਨੇਕਾਂ ਪਾਪਾਂ ਨੂੰ ਨਾਸ਼ ਕਰਦਾ ਹੈ, ਇਸ ਵਿਚ ਸ਼ੱਕ ਨਹੀ।੬੭।
ਪਦਾਰਥ = ਮਤੇ-ਮਸਤ। ਸਮੇਵ-ਸਮਾਏ; ਲੀਨ। ਉਧਰਣੰ-ਤਰ ਜਾਂਦੇ ਹਨ। ਭੈ ਦੁਤਰਹ-ਨਾ ਤਰਿਆ ਜਾਣ ਵਾਲਾ ਭੈ ਦਾਇਕ ਸੰਸਾਰ ਸਮੁੰਦਰ। ਪਾਤਿਕ-ਪਾਪ। ਹਰਣੰ-ਨਾਸ਼ ਕਰਦਾ ਹੈ। ਸੰਗਮ-ਮਿਲਾਪ। ਸੰਸਯਹ-ਸ਼ੱਕ; ਭਰਮ; ਸੰਦੇਹ (ਸੰਸਇਅਹ ਬੋਲੋ)।੬੭।੪।
ਸਾਰ = ਨਾਮ ਜਪਣ ਕਰਕੇ ਅਨੇਕਾਂ ਪਾਪ ਨਾਸ਼ ਹੁੰਦੇ ਹਨ, ਇਸ ਬਾਤ ਦਾ ਗਿਆਨ ਸੱਤ ਪੁਰਸ਼ਾਂ ਦੇ ਮੇਲ ਤੋਂ ਮਿਲਦਾ ਹੈ।

ਚਾਰ ਸਲੋਕ ਗੁਰੂ ਨਾਨਕ ਦੇਵ ਜੀ ਦੇ, ਤੇ ਸਤਾਹਠ ਸਲੋਕ ਗੁਰੂ ਅਰਜਨ ਦੇ ਹਨ।

॥ ਹਮ ਅਪਰਾਧੀ ਸਦ ਭੂਲਤੇ ਤੁਮ ਬਖਸਨਹਾਰੇ ॥੮੦੯॥

ਹੇ ਸੱਚੇ ਪਾਤਸ਼ਾਹ ਜਗਤ ਗੁਰੂ ਸਤਿਗੁਰ ਨਾਨਕ ਦੇਵ ਜੀਓ, ਆਪ ਜੀ ਨੇ ਨਿਮਾਣੇ ਬੁੱਧੀ ਹੀਣ ਸੇਵਕ ਤੇ ਮਹਾਨ ਕ੍ਰਿਪਾ ਕਰਕੇ ਸਲੋਕ ਸਹਸਕ੍ਰਿਤੀ ਦੇ ਅਰਥ ਲਿਖਵਾਏ ਹਨ। ਦਾਸ ਪਾਸੋਂ ਅਰਥ ਲਿਖਦੇ ਬਹੁਤ ਗਲਤੀਆਂ ਹੋਈਆਂ ਹੋਣਗੀਆਂ,ਹੇ ਦਇਆ ਦੇ ਘਰ ਸੱਚੇ ਪਾਤਸ਼ਾਹ ਮੇਰੀਆਂ ਸਾਰੀਆਂ ਭੁੱਲਾਂ ਬਖਸ਼ ਦਿਓ ਜੀ। ਆਪ ਕਿਰਪਾ ਕਰਕੇ ਬੁੱਧੀ,ਹਿੰਮਤ,ਹੌਸਲਾ ਅਤੇ ਬਲ ਬਖਸ਼ ਕੇ ਰਹਿੰਦੇ ਅਰਥ ਲਿਖਵਾ ਲਓ ਜੀ। ਆਪ ਜੀ ਦਾ ਕੋਟਾਨ ਕੋਟ ਧੰਨਵਾਦ॥

ਮਹਲਾ ੫ ਗਾਥਾ ੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ =ਸਹਸਕ੍ਰਿਤੀ ਸਲੋਕਾਂ ਨੂੰ ਸੁਣ ਕੇ ਪੰ: ਹਰੀ ਲਾਲ ਅਤੇ ਕ੍ਰਿਸ਼ਨ ਲਾਲ ਨੂੰ ਬੜੀ ਸ਼ਾਂਤੀ ਮਿਲੀ। ਗੁਰੂ ਜੀ ਦੀ ਮਹਿਮਾਂ ਸੁਣ ਕੇ ਮੱਧ ਦੇਸ਼ ਤੋਂ ਕੁਛ ਹੋਰ ਪੰਡਤ ਆਏ, ਜੋ ਪੰਜਾਬੀ ਨਹੀ ਸਨ ਜਾਣਦੇ। ਹਰੀ ਲਾਲ, ਕ੍ਰਿਸ਼ਨ ਲਾਲ ਉਨ੍ਹਾਂ ਪੰਡਤਾਂ ਨੂੰ ਨਾਲ ਲੈ ਕੇ ਗੁਰੂ ਅਰਜਨ

ਦੇਵ ਜੀ ਨੂੰ ਬੇਨਤੀ ਕਰਨ ਲੱਗੇ, ਸੱਚੇ ਪਾਤਸ਼ਾਹ! ਜਿਵੇਂ ਸਾਨੂੰ ਉਪਦੇਸ਼ ਦਿਤਾ ਹੈ,ਇਨ੍ਹਾਂ ਨਵੇਂ ਆਏ ਪੰਡਤਾਂ ਨੂੰ ਵੀ ਉਪਦੇਸ਼ ਦੇ ਕੇ ਨਿਹਾਲ ਕਰੋ ਜੀ। ਗੁਰੂ ਜੀ ਨੇ ਇਸ ਗਾਥਾ ਨਾਮ ਦੀ ਬਾਣੀ ਉਚਾਰ ਕੇ ਪੰਡਤਾਂ ਨੂੰ ਉਪਦੇਸ਼ ਦਿਤਾ। ਭਾ: ਕਾਨ ਸਿੰਘ ਨਾਭਾ ਅਨੁਸਾਰ ਗਾਥਾ ਇਕ ਛੰਦ ਹੈ, ਜਿਸਦਾ ਨਾਉਂ ਆਰਯਾ ਅਤੇ ਗਾਹਾ ਵੀ ਹੈ। ਗਾਥਾ ਇਕ ਪ੍ਰਾਚੀਨ ਬੋਲੀ, ਜਿਸ ਵਿਚ ਸੰਸਕ੍ਰਿਤ, ਪਾਲੀ ਅਤੇ ਹੋਰ ਬੋਲੀਆਂ ਦੇ ਸ਼ਬਦ ਮਿਲੇ ਦੇਖੀਦੇ ਹਨ। ਜੈਨ, ਬੋਧ ਧਰਮ ਦੇ ਗ੍ਰੰਥ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਸਲੋਕ ਸਹਸ ਕ੍ਰਿਤੀ ਅਤੇ ਗਾਥਾ ਇਸੇ ਭਾਸ਼ਾ ਵਿਚ ਹਨ। ਪੰ:ਤਾਰਾ ਸਿੰਘ ਨਰੋਤਮ ਦੀ ਲਿਖਤ 'ਗੁਰ ਗਿਰਾਰਥ ਕੋਸ਼' ਅਨੁਸਾਰ ਗਾਥਾ ਦਾ ਅਰਥ ਕਥਾ (ਹਰੀ ਦਾ ਜਸ)। ਨੌਂ ਤੁਕਾਂ ਵਾਲੇ ਛੰਦ, ਜਿਨ੍ਹਾਂ ਦਾ ਨਾਮ ਲੋਕ ਬਿਸ਼ਨ ਪਦੇ ਬੋਲਤੇ ਹੈਂ, ਸਹੀ ਨਾਮ ਬਿਖਮ ਪਦੇ ਹੈ। ਸੰਸਕ੍ਰਿਤ ਕੇ ਪਿੰਗਲੋਂ ਮੇਂ ਬਿਖਮ ਪਦ ਨੌਂ ਤੁਕਾਂ ਵਾਲੇ ਛੰਦ ਗਾਥਾ ਨਾਮ ਸੇ ਲਿਖੇ ਹੈਂ। ਭਾ:ਵੀਰ ਸਿੰਘ ਲਿਖਦੇ ਹਨ = ਸੰਸਕ੍ਰਿਤ ਸਾਹਿਤਕ ਬੋਲੀ ਸੀ, ਜਿਸ ਵਿਚ ਬੇਦ ਆਦਿ ਲਿਖੇ ਗਏ। ਪਰ ਇਹ ਪੰਡਤਾਂ ਕੋਲ ਹੀ ਰਹਿ ਗਈ ਕਿਉਂਕਿ ਪੰਡਤਾਂ ਤੋਂ ਬਿਨਾ ਹੋਰ ਦੂਜੇ ਲੋਕਾਂ ਨੂੰ ਇਸ ਦੀ ਵਰਤੋਂ ਤੋਂ ਵਾਂਝੇ ਰਖਿਆ ਗਿਆ। ਸੰਸਕ੍ਰਿਤ ਤੋਂ ਵੀ ਪਹਿਲਾਂ ਜੋ ਆਮ ਲੋਕਾਂ ਦੇ ਬੋਲਣ ਵਾਲੀ ਬੋਲੀ ਸੀ, ਉਹ ਹੋਰ ਰੂਪ ਬਦਲਣ ਲੱਗੀ। ਕੁਛ ਲਫਜ ਆਰੀਆਂ ਤੋਂ ਪਹਿਲਾਂ ਵਸਦੇ ਲੋਕਾਂ ਦੇ ਰਲੇ, ਕੁੱਛ ਸੰਸਕ੍ਰਿਤ, ਤੁਰਕੀ, ਯੂਨਾਨੀ ਆਦਿ ਕੌਮਾਂ ਦੇ ਹਮਲੇ ਅਤੇ ਉਨ੍ਹਾਂ ਦੇ ਮੇਲ ਜੋਲ ਤੋਂ ਰਲ ਗਏ। ਐਸੀ ਰਲਵੀਂ ਭਾਸ਼ਾ ਦਾ ਨਾਮ ਪ੍ਰਾਕ੍ਰਿਤ ਪਿਆ। ਇਹ ਭਾਸ਼ਾ ਮਧ ਹਿੰਦ ਦੀ ਹੈ। ਪ੍ਰਾਕ੍ਰਿਤ ਤੋਂ ਬਾਦ ਵਿਚਲੇ ਸਮੇਂ ਵਿਚ ਸਾਧੂ ਲੋਕ ਆਪਸੀ ਬੋਲ ਚਾਲ ਸਮੇਂ ਜੋ ਬੋਲੀ ਵਰਤਦੇ ਸਨ, ਜੈ ਦੇਵ ਜੀ ਦੇ ਪਦੇ ਅਤੇ ਗੁਰੂ ਸਾਹਿਬਾਨਾਂ ਨੇ ਗੁਰੂ ਗ੍ਰੰਥ ਜੀ ਦੀ ਬਾਣੀ ਸਹਸਕ੍ਰਿਤੀ ਅਤੇ ਗਾਥਾ ਵਿਚ ਇਸ ਦਾ ਨਮੂਨਾ ਦਿਤਾ ਹੈ। ਗੁਰੂ ਸਾਹਿਬ ਜੀ ਦੀ ਦੈਵੀ ਰਚਨਾ ਆਮ ਵਿਆਕਰਣ ਦੇ ਸੂਤ੍ਰਾਂ ਹੇਠ ਨਹੀ ਤੁਰਦੀ ਦਿਸਦੀ, ਅਪਣੇ ਅਲੱਗ ਨਿਯਮਾਂ ਵਿਚ ਚਲਦੀ ਹੈ। ਸੰਸਕ੍ਰਿਤ ਅਤੇ ਪੰਜਾਬੀ ਵਿਆਕਰਣ ਪੂਰਾ ਕੰਮ ਨਹੀ ਦਿੰਦੇ। (ਭਾ. ਵੀਰ ਸਿੰਘ ਰਚਿਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਵਿਚੋਂ') ਸੰਖੇਪ ਕਰਕੇ ਲਿਖਿਆ ਹੈ।

'ਗਾਥਾ' ਸਿਰਲੇਖ ਹੇਠ ਲਿਖੀ ਬਾਣੀ ਵਿਚ ਗੁਰੂ ਅਰਜਨ ਦੇਵ ਜੀ ਦੇ ੨੪ ਸਲੋਕ ਹਨ। ਗਾਥਾ ਕੋਈ ਵਖਰੀ ਭਾਸ਼ਾ ਨਹੀਂ, ਇਨ੍ਹਾਂ ਸਲੋਕਾਂ ਦੀ ਭਾਸ਼ਾ ਉਹੋ ਹੀ ਹੈ ਜੋ ਸਹਸਕ੍ਰਿਤੀ ਵਿਚ ਵਰਤੀ ਗਈ ਹੈ। ਡਾਕਟਰ ਐਮ.ਐਲ. ਜੋਸ਼ੀ ਪੰਜਾਬੀ ਯੂਨੀਵਰਸਟੀ ਪਟਿਆਲਾ ਵਿਚ ਬੁੱਧ ਧਰਮ ਦੇ ਪ੍ਰੋਫੈਸਰ ਰਹਿ ਚੁੱਕੇ ਹਨ। ਆਪ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਭਾਸ਼ਾਵਾਂ ਦੇ ਉਚਕੋਟੀ ਦੇ ਵਿਦਵਾਨ ਸਨ। ਉਹ ਲਿਖਦੇ ਹਨ ਕਿ ਸੰਸਕ੍ਰਿਤ ਸਾਹਿਤ ਵਿਚ 'ਗਾਥਾ' ਵੇਦਾਂ ਤੋਂ ਬਾਹਰ ਦੀ ਅਧਿਆਤਮਕ ਅਥਵਾ ਧਾਰਮਕ ਵਿਸ਼ੇ ਵਾਲੀ ਰਚਨਾ ਨੂੰ ਕਿਹਾ ਜਾਂਦਾ ਸੀ। ਬੁੱਧ ਸਾਹਿਤ ਵਿਚ ਗਾਥਾ ਬੁੱਧ ਧਰਮ ਨਾਲ ਸਬੰਧਿਤ ਅਜੇਹੀ ਸੰਸਕ੍ਰਿਤ ਰਚਨਾ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਪਾਲੀ, ਪ੍ਰਾਕ੍ਰਿਤਾਂ ਆਦਿ ਦਾ ਰਲਾ ਹੋਵੇ। ਹਿੰਦੀ ਕੋਸ਼ਾਂ ਵਿਚ ਇਸਟ ਦੇਵ ਦੀ ਉਸਤਤੀ ਵਿਚ ਉਚਾਰਣ ਕੀਤੀ ਹੋਈ ਜਾਂ ਕਿਸੇ ਧਾਰਮਿਕ ਵਿਸ਼ੇ ਨਾਲ ਸਬੰਧਿਤ ਕਾਵਿ ਰਚਨਾ ਨੂੰ ਗਾਥਾ ਕਿਹਾ ਹੈ। ਗਾਥਾ ਦੀ ਭਾਸ਼ਾ ਦੇ ਸਹਸਕ੍ਰਿਤੀ ਨਾਲੋਂ ਦੋ ਮਮੂਲੀ ਫਰਕ ਦਿਸੇ ਹਨ ਃ-ਪਹਿਲਾ, ਗਾਥਾ ਵਿਚ – ਓ – ਅੰਤਿਕ ਸ਼ਬਦ ਜਿਵੇਂ ਮਰਣੋ, ਚਲੰਥੋ ਆਦਿ ਕਾਫੀ ਮਿਲਦੇ ਹਨ, ਜਿਨ੍ਹਾਂ ਦੀ ਸਹਸਕ੍ਰਿਤੀ ਵਿਚ ਲਗ ਪਗ ਅਣ ਹੋਂਦ ਹੈ। ਦੂਜਾ, ਗਾਥਾ ਵਿਚ ਤਿੰਨ ਥਾਂਈਂ ਵਿਸਰਗ (ਃ) ਦੀ ਵਰਤੋਂ ਮਿਲਦੀ ਹੈ, ਜੋ ਗੁਰੂ ਭਾਸ਼ਾ ਵਿਚ ਹੋਰ ਕਿਤੇ ਨਹੀਂ ਆਈ। (ਓ) ਅੰਤਿਕ ਸ਼ਬਦ ਪ੍ਰਾਕ੍ਰਿਤਾਂ ਦੀ ਵਿਸ਼ੇਸਤਾ ਹੈ। ਵਿਸਰਗ ਕੇਵਲ ਸੰਸਕ੍ਰਿਤ ਵਿਚ ਵਰਤਿਆ ਜਾਂਦਾ ਸੀ, ਪਰ ਪਾਲੀ, ਪ੍ਰਾਕ੍ਰਿਤਾਂ ਆਦਿ ਵਿਚ ਇਸਦੀ ਵਰਤੋਂ ਨਹੀ ਹੋਈ। (ਡਾ.ਹਰਕੀਰਤ ਸਿੰਘ ਦੀ ਪੁਸਤਕ 'ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ' ਵਿਚੋਂ ਕੁਝ ਅੰਸ਼)।

ਕਰਪੂਰ ਪੁਹਪ ਸੁਗੰਧਾ,ਪਰਸ ਮਾਨੁਖ੍ਯ ਦੇਹੰ ਮਲੀਣੰ ॥ ਮੁਸ਼ਕ ਕਪੂਰ, ਫੁੱਲ (ਅਤੇ ਹੋਰ ਅਤਰ ਫੁਲੇਲ ਆਦਿ) ਸੁਗੰਧੀਆਂ ਮਨੁੱਖਾ ਦੇਹ ਨਾਲ ਛੋਹ (ਲੱਗ) ਕੇ ਅਪਵਿਤ੍ਰ (ਮੈਲੀਆਂ) ਹੋ ਜਾਂਦੀਆਂ ਹਨ (ਇਸ ਕਰਕੇ ਇਸ਼ਟ ਦੇਵ ਅੱਗੇ ਚੜ੍ਹਾਉਣ ਯੋਗ ਨਹੀ ਰਹਿੰਦੀਆਂ)।

ਮਜਾ ਰੁਧਿਰ ਦ੍ਰਗੰਧਾ, ਨਾਨਕ ਅਥਿ ਗਰਬੇਣ ਅਗ੍ਯ੍ਯਾਨਣੋ ॥੧॥ (ਇਹ ਸਰੀਰ) ਮਿੱਝ ਲਹੂ ਤੇ ਹੋਰ ਗੰਦ ਮੰਦ (ਨਾਲ ਭਰਿਆ ਹੋਇਆ) ਹੈ, ਨਾਨਕ ਗੁਰੂ ਜੀ ਆਖਦੇ ਹਨ, ਐਸੇ ਸਰੀਰ ਦਾ ਅਗਿਆਨੀ (ਮਨੁੱਖ) ਹੰਕਾਰ ਕਰਦਾ ਹੈ।੧। ਰੂਪ ਧੂਪ ਸੋਗੰਧਤਾ, ਕਾਪਰ ਭੋਗਾਦਿ। ਮਿਲਤ ਸੰਗਿ ਪਾਪਿਸਟ ਤਨ ਹੋਏ ਦੁਰਗਾਦਿ। (੮੧੦)

ਪਦਾਰਥ = ਗਾਥਾ-ਪ੍ਰਾਚੀਨ ਕਥਾ (ਜਿਵੇਂ ਪਾਰਸੀਆਂ ਦੀ ਜਾਂ ਉਤਰੀ ਹਿੰਦ ਦੀ), ਪੁਰਾਣੀ ਬੋਲੀ ਜਾਂ ਪਰਾਕ੍ਰਿਤ ਨੂੰ ਬੀ ਗਾਥਾ ਕਹਿੰਦੇ ਹਨ,ਇਸ ਨੂੰ ਪਿਛੇ ਸਹਸਕ੍ਰਿਤੀ ਕਿਹਾ ਹੈ (ਸ਼ਬਦਾਰਥ); ਗਾਥਾ ਇਸ ਬਾਣੀ ਦਾ ਸਿਰਲੇਖ ਹੈ ਜਿਸ ਵਿਚ ਗੁਰੂ ਜੀ ਨੇ ਮਨੁੱਖੀ ਜੀਵਨ ਦਾ ਪ੍ਰਮਾਰਥ ਅਤੇ ਨਿਰੰਕਾਰ ਦੇ ਗੁਣਾਂ ਦੀ ਸੁਗੰਧੀ ਦਾ ਵਰਨਣ ਕੀਤਾ ਹੈ। ਕਰਪੂਰ-ਮੁਸ਼ਕ ਕਪੂਰ। ਪੁਹਪ-ਫੁੱਲ। ਸੁਗੰਧਾ-ਮਹਿਕ ਵਾਲੇ ਪਦਾਰਥ। ਪਰਸ-ਛੋਹ (ਲਗ) ਕੇ। ਦੇਹੰ-ਸਰੀਰ। ਮਲੀਣੰ-ਗੰਦਾ; ਅਪਵਿਤ੍ਰ। ਮਜਾ-ਮਿੱਝ (ਮੱਜਾ ਬੋਲੋ)। ਰੁਧਿਰ-ਲਹੂ। ਦ੍ਰਗੰਧਾ-ਬਦ ਬੂ। ਅਥਿ-ਇਹੋ ਜਿਹੇ; ਫਿਰ ਵੀ। ਗਰਬੇਣ-ਹੰਕਾਰ ਕਰਦਾ ਹੈ। ਮਾਨੁਖ੍ਯ ਨੂੰ ਮਾਨੁੱਖਅ ਉਚਾਰੋ। ਅਗ੍ਯ੍ਯਾਨਣੋ ਨੂੰ ਅਗਿਆਨਣੋ ਪੜ੍ਹੋ।੧।

ਸਾਰ = ਸਰੀਰ ਵਿਚੋਂ ਨਿਕਲ ਰਿਹਾ ਮੁੜ੍ਹਕਾ ਆਦਿ ਬਾਹਰ ਲੱਗੇ ਸੁਗੰਧੀਆਂ ਨੂੰ ਬਦਬੋਦਾਰ ਬਣਾ ਦਿੰਦਾ ਹੈ। ਮਨੁੱਖ ਬੇ ਵਜ੍ਹਾ ਸਰੀਰ ਦਾ ਗੁਮਾਨ ਕਰੀ ਜਾਂਦਾ ਹੈ। ਬਿਸਟਾ ਅਸਤ ਰਕਤੁ ਪਰੇਟੇਚਾਮ। ਇਸੁ ਊਪਰਿ ਲੇ ਰਾਖਿਓ ਗੁਮਾਨ। (੩੭੪)

ਪਰਮਾਣੋ ਪਰਜੰਤ ਆਕਾਸਹ, ਦੀਪ ਲੋਅ ਸਿਖੰਡਣਹ ॥ (ਜੇ ਕੋਈ ਮਨੁੱਖ ਸਿੱਧੀ ਦੇ ਬਲ ਨਾਲ) ਪ੍ਰਮਾਣੂ ਵਾਂਗ ਸੂਖਮ ਰੂਪ ਧਾਰ ਕੇ ਅਕਾਸ਼, (ਸੱਤਾਂ) ਦੀਪਾਂ, ਤਿੰਨਾਂ ਲੋਕਾਂ ਤਕ ਸਮੇਤ ਨੌਂ ਖੰਡਾਂ ਦੇ।

ਗਛੇਣ ਨੈਣ ਭਾਰੇਣ ਨਾਨਕ, ਬਿਨਾ ਸਾਧੂ ਨ ਸਿਧ੍ਯਤੇ ॥੨॥ ਅੱਖਾਂ ਝਮਕਣ ਸਮੇਂ ਵਿਚ ਘੁੰਮ ਆਵੇ, ਨਾਨਕ ਗੁਰੂ ਜੀ ਆਖਦੇ ਹਨ ਕਿ (ਫਿਰ ਵੀ) ਸਾਧੂ ਤੋਂ ਬਿਨਾ ਮੁਕਤੀ ਨਹੀ ਮਿਲ ਸਕਦੀ।੨।

ਪਦਾਰਥ = ਪਰਮਾਣੋ-ਸੂਖਮ ਤੋਂ ਸੂਖਮ ਤੱਤ (ਐਟਮ, ਸੂਰਜ ਦੀ ਧੁੱਪ ਕਰਕੇ ਛੱਤ ਦੇ ਮੋਘੇ ਵਿਚ ਉਡਦੇ ਹੋਏ ਜੋ ਕਿਣਕੇ ਦਿਖਦੇ ਹਨ, ਉਨ੍ਹਾਂ ਦਾ ਨਾਂ ਤ੍ਰਿਸੇਣੂ ਹੈ, ਇਸਦਾ ਸੌ ਵਾਂ ਹਿੱਸਾ ਪ੍ਰਮਾਣੂ ਮੰਨਿਆ ਹੈ)।ਪਰਜੰਤ-ਤੱਕ; ਆਖਰੀ ਹੱਦ ਤੱਕ।ਸਿਖੰਡਣਹ-(ਧਰਤੀ ਦੇ) ਖੰਡਾਂ ਸਣੇ; ਸਿਖਰ (ਸਭ ਦੇ ਸਿਖਰ ਤੇ ਜਾ ਕੇ)।ਗਛੇਣ-ਫਿਰ ਆਵੇ।ਨੈਣ ਭਾਰੇਣ-ਅੱਖ ਭਰਨ (ਝਮਕਣ) ਦੇ ਸਮੇਂ ਵਿਚ; ਅੱਖਾਂ ਦੇ ਭਾਰ।ਨ ਸਿਧ੍ਯਤੇ-(ਸਿਧਿਅਤੇ ਬੋਲੋ) ਮੁਕਤ ਨਹੀ ਹੁੰਦੇ।੨।

ਸਾਰ = ਕਰਾਮਾਤੀ ਸ਼ਕਤੀਆਂ ਦੇ ਸਹਾਰੇ ਬੰਦਾ ਚਾਹੇ ਅਕਾਸ਼ ਸਾਰੀ ਧਰਤੀ ਆਦਿ ਤੇ ਘੁੰਮ ਆਵੇ, ਇੰਨੀ ਤਾਕਤ ਹੁੰਦਿਆ ਵੀ ਬਿਨਾ ਗੁਰੂ ਦੇ ਮੁਕਤੀ ਨਹੀਂ ਮਿਲਦੀ।{ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨ ਸਾਰੁ ਕਰਾਈ।(੧੪੭)

ਜਾਣੋ ਸਤਿ ਹੋਵੰਤੋ ਮਰਣੋ, ਦ੍ਰਿਸਟੇਣ ਮਿਥਿਆ ॥ ਹੇ ਭਾਈ ! (ਜੋ) ਮਰਨਾ ਹੁੰਦਾ ਹੈ, (ਇਸ ਨੂੰ) ਸੱਚ ਜਾਣੋ, (ਅਤੇ ਜੋ ਕੁਝ) ਦਿਸਦਾ ਹੈ, ਉਹ ਝੂਠਾ ਹੈ ਭਾਵ ਨਾਸ਼ਵੰਤ ਹੈ।

ਕੀਰਤਿ ਸਾਥ ਚਲੰਥੋ ,ਭਣੰਤਿ ਨਾਨਕ ਸਾਧ ਸੰਗੇਣ ॥੩॥ਨਾਨਕ ਗੁਰੂ ਜੀ ਆਖਦੇ ਹਨ, ਸੰਤਾਂ ਦੇ ਸੰਗ ਵਿਚ ਉਚਾਰਣ ਕੀਤਾ ਹੋਇਆ ਵਾਹਿਗੁਰੂ ਦਾ ਕੀਰਤਨ (ਹੀ ਮਨੁੱਖ ਦੇ) ਨਾਲ ਜਾਂਦਾ ਹੈ (ਇਹੀ ਸੱਚ ਹੈ)।੩।

ਪਦਾਰਥ = ਜਾਣੋ-ਜਾਣ ਲਓ।ਸਤਿ-ਸੱਚ;ਅਟੱਲ।ਹੋਵੰਤੋ-ਹੁੰਦਾ ਹੈ।ਮਰਣੋ-ਮੌਤ।ਦ੍ਰਿਸਟੇਣ-ਦਿਸਦਾ ਪਸਾਰਾ।ਮਿਥਿਆ-ਝੂਠਾ (ਨਾਸ਼ ਵੰਤ)।ਕੀਰਤਿ-ਸਿਫਤ ਸਲਾਹ।ਚਲੰਥੋ-ਚਲਦਾ (ਜਾਂਦਾ) ਹੈ।ਭਣੰਤਿ-(ਜਸ) ਉਚਾਰਦਾ ਹੈ।ਸੰਗੇਣ-ਸੰਗਤ ਵਿਚ।੩।

ਮਾਯਾ ਚਿਤ ਭਰਮੇਣ, ਇਸਟ ਮਿਤ੍ਰੇਖੁ ਬਾਂਧਵਹ ॥ ਮਾਇਆ ਨੇ ਮਨੁੱਖ ਦਾ ਮਨ ਪਿਆਰੇ ਮਿਤ੍ਰਾਂ ਤੇ ਸਬੰਧੀਆਂ (ਦੇ ਮੋਹ) ਵਿਚ ਭਰਮਾ ਦਿਤਾ ਹੈ (ਜਿਸ ਕਰਕੇ ਸੁੱਖ ਨਹੀ ਮਿਲਦਾ)।

ਲਬਧ੍ਯੰ ਸਾਧ ਸੰਗੇਣ ਨਾਨਕ, ਸੁਖ ਅਸਥਾਨੰ ਗੋਪਾਲ ਭਜਣੰ ॥੪॥ਨਾਨਕ ਗੁਰੂ ਜੀ ਆਖਦੇ ਹਨ ਕਿ ਸੰਤਾਂ ਦੀ ਸੰਗਤ ਵਿਚ ਗੁਪਾਲ ਦਾ ਭਜਨ ਕਰਨ ਨਾਲ ਸੁੱਖ ਦੇਣ ਵਾਲਾ ਸਥਾਨ ਮਿਲਦਾ ਹੈ।੪।

ਪਦਾਰਥ = ਭਰਮੇਣ-ਭਰਮਾਉਂਦੀ ਹੈ।ਇਸਟ-ਪਿਆਰੇ।ਮਿਤ੍ਰੇਖੁ-ਮਿਤ੍ਰਾਂ ਵਿਚ।ਬਾਂਧਵਹ-ਸਾਕ ਸਬੰਧੀ।ਲਬਧ੍ਯੰ-(ਲਬਧਿਅੰ ਉਚਾਰੋ) ਲਭਦਾ (ਮਿਲਦਾ) ਹੈ।੪।

ਮੈਲਾਗਰ ਸੰਗੇਣ, ਨਿੰਮ ਬਿਰਖ ਸਿ ਚੰਦਨਹ ॥ (ਜਿਸ ਤਰ੍ਹਾਂ) ਬਾਵਨ ਚੰਦਨ ਦੇ ਬੂਟੇ ਦਾ ਸੰਗ ਕਰਕੇ ਨਿੰਮ ਦਾ ਕੌੜਾ ਰੁੱਖ ਵੀ ਚੰਦਨ ਵਰਗਾ ਹੋ ਜਾਂਦਾ ਹੈ।

ਨਿਕਟਿ ਬਸੰਤੋ ਬਾਂਸੋ ,ਨਾਨਕ ਅਹੰ ਬੁਧਿ ਨ ਬੋਹਤੇ ॥੫॥ ਪਰ ਹੇ ਨਾਨਕ! ਬਾਂਸ ਦਾ (ਬੂਟਾ ਚੰਦਨ ਦੇ) ਨੇੜੇ ਵਸਦਾ ਹੋਇਆ ਵੀ ਹੰਕਾਰ ਵਾਲੀ ਬੁਧੀ ਹੋਣ ਕਰਕੇ ਸੁਗੰਧਤ ਨਹੀਂ ਹੁੰਦਾ।੫।

ਪਦਾਰਥ = ਮੈਲਾਗਰ-ਮਲਯ+ਗਿਰ-ਮਲਯ ਪਹਾੜ ਦਾ ਚੰਦਨ।ਸੰਗੇਣ-ਸੰਗਤ ਵਾਲਾ ਭਾਵ ਸੰਗਤ ਕਰਕੇ।ਬਿਰਖ-ਬ੍ਰਿਛ (ਦਰੱਖਤ)। ਸਿ-ਵਰਗਾ।ਨਿਕਟਿ ਬਸੰਤੋ-ਨੇੜੇ ਵਸਦਾ ਹੋਇਆ ਵੀ।ਬਾਂਸੋ-ਬਾਂਸ।ਅਹੰਬੁਧਿ-ਹੰਕਾਰ ਵਾਲੀ ਬੁਧੀ ਕਰਕੇ।ਬੋਹਤੇ-ਸੁਗੰਧੀ ਵਾਲਾ (ਭਗਤੀ ਭਾਵ ਵਾਲਾ)।੫।

ਵਿਆਖਿਆ = ਚੰਦਨ ਵਾਂਗ ਨਿਰੰਕਾਰ ਦੇ ਗੁਣਾਂ ਦੀ ਮਹਿਕ ਵਾਲੇ ਸਾਧੂਆਂ ਦੇ ਨੇੜੇ ਰਹਿ ਕੇ ਨਿੰਮ ਦੀ ਤਰ੍ਹਾਂ ਕੁੜੱਤਣ ਵਾਲੇ ਪੁਰਸ਼ ਵੀ ਚੰਗੇ ਗੁਣਾਂ ਵਾਲੇ ਸਾਧੂ ਬਣ ਜਾਂਦੇ ਹਨ।ਪਰ ਬਾਂਸ ਵਰਗੇ ਹੰਕਾਰੀ ਲੋਕ ਭਾਵੇਂ ਸਾਧ ਸੰਗਤ ਵਿਚ ਵਸਦੇ ਹੋਣ, ਹੰਕਾਰ ਵਾਲੀ ਬੁੱਧੀ ਹੋਣ ਕਰਕੇ ਸ਼ੁੱਭ ਗੁਣਾਂ ਨਾਲ ਸੁਗੰਧਤ ਨਹੀ ਹੁੰਦੇ।ਬਾਂਸ ਵਿਚ ਪੰਜ ਦੋਸ਼ ਦੱਸੇ ਹਨ = ਉਚਾ, ਗੰਢਾਂ ਵਾਲਾ, ਵਿਚੋਂ ਪੋਲਾ, ਕੁੱਲ ਘਾਤੀ ਅਤੇ ਸਿਲਤਾਂ ਵਾਲਾ ਹੁੰਦਾ ਹੈ।ਇਸੇ ਤਰ੍ਹਾਂ ਹੰਕਾਰੀ ਬੰਦੇ ਵਿਚ ਜਾਤ, ਮਾਯਾ ਤੇ ਜਵਾਨੀ ਦਾ ਹੰਕਾਰ ਉਚਾਪਣ ਹੈ।ਮੋਹ ਮਮਤਾ ਦੀਆਂ ਗੱਠਾਂ। ਸ਼ੁੱਭ ਗੁਣਾਂ ਤੋਂ ਖਾਲੀ ਪੋਲ ਹੈ।ਭਰਾਵਾਂ ਨਾਲ ਲੜਾਈ ਝਗੜੇ ਕਰਕੇ ਕੁੱਲ ਦਾ ਨਾਸ਼ ਕਰਦਾ ਹੈ।ਈਰਖਾ ਦੀਆਂ ਸਿਲਤਾਂ ਹਨ।ਇਹ ਦੋਸ਼ ਗੁਰੂ ਦੇ ਉਪਦੇਸ਼ ਦਾ ਅਸਰ ਨਹੀ ਹੋਣ ਦਿੰਦੇ।ਹੰਕਾਰ ਚੰਗੇ ਗੁਣਾਂ ਨੂੰ ਦਿਲ ਵਿਚ ਜਾਣ ਨਹੀ ਦੇਂਦਾ।ਬਾਂਸ ਦੇ ਉਤੇ ਚਮਕੀਲੀ ਜਿਹੀ ਤਹਿ ਹੁੰਦੀ ਹੈ, ਜੋ ਚੰਦਨ ਦੀ ਮਹਿਕ ਨੂੰ ਅੰਦਰ ਵੜਨ ਨਹੀ ਦਿੰਦੀ। ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ।(੧੩੬੫) ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ।(੧੩੬੫)

ਗਾਥਾ ਗੁੰਫ ਗੋਪਾਲ ਕਥੰ,ਮਥੰ ਮਾਨ ਮਰਦਨਹ ॥ ਇਸ ਗਾਥਾ (ਬਾਣੀ) ਵਿਚ ਪ੍ਰਭੂ ਦੇ ਜਸ ਦੀ ਕਥਾ ਗੁੰਦੀ ਹੋਈ ਹੈ (ਇਹ ਬਾਣੀ ਹਰੀ ਦੇ ਜਸ ਨਾਲ ਭਰਪੂਰ ਹੈ) ਇਸ ਕਥਾ ਦੇ ਵਿਚਾਰਨ ਨਾਲ ਮਾਣ (ਹੰਕਾਰ) ਨਾਸ਼ ਹੋ ਜਾਂਦਾ ਹੈ।

ਹਤੰ ਪੰਚ ਸਤ੍ਰੇਣ, ਨਾਨਕ ਹਰਿ ਬਾਣੇ ਪ੍ਰਹਾਰਣਹ ॥੬॥ਨਾਨਕ ਗੁਰੂ ਜੀ ਕਹਿੰਦੇ ਹਨ ਕਿ ਹਰੀ ਦੇ (ਨਾਮ ਸਿਮਰਨ ਦਾ) ਤੀਰ ਚਲਾਇਆਂ ਪੰਜ ਕਾਮਾਦਿਕ ਵੈਰੀ ਨਾਸ਼ ਹੋ ਜਾਂਦੇ ਹਨ {ਤੀਖਣ ਬਾਣ ਚਲਾਇ, ਨਾਮੁ ਪ੍ਰਭ ਧਿਆਈਐ। (੧੩੬੩)

ਪਦਾਰਥ = ਗਾਥਾ-ਨਿਰੰਕਾਰ ਦੇ ਜਸ ਵਾਲੀ ਕਥਾ।ਗੁੰਫ-ਗੁੰਦਣਾ।ਕਥੰ-ਕਥਾ।ਮਥੰ-ਰਿੜਕਣ (ਬਿਚਾਰਨ) ਨਾਲ।ਮਾਨ-ਹੰਕਾਰ।

ਮਰਦਨਹ–ਨਾਸ਼ ਹੁੰਦਾ ਹੈ। ਹਤੰ–ਨਾਸ਼ ਹੁੰਦਾ ਹੈ। ਪੰਚ ਸਤ੍ਰੇਣ–ਪੰਜ ਕਾਮਾਦਿਕ ਸ਼ੱਤਰੂ। ਬਾਣੇ–ਤੀਰ (ਸਿਮਰਨ ਦਾ)। ਪ੍ਰਹਾਰਣਹ–ਚਲਾਉਣ (ਜਪਣ) ਕਰਕੇ।੬।

ਬਚਨ ਸਾਧ ਸੁਖ ਪੰਥਾ, ਲਹੰਥਾ ਬਡ ਕਰਮਣਹ ॥ ਸਾਧੂ (ਗੁਰੂ) ਦੇ ਬਚਨ ਸੁੱਖਾਂ ਦਾ ਰਸਤਾ ਹੈ, ਪਰ ਇਸ ਰਸਤੇ ਨੂੰ ਕੋਈ ਵੱਡੇ ਭਾਗਾਂ ਵਾਲਾ ਪੁਰਖ ਹੀ ਲੈਂਦਾ ਹੈ; (ਇਹ ਮਾਰਗ) ਵੱਡੇ ਭਾਗਾਂ ਨਾਲ ਮਿਲਦਾ ਹੈ {ਕਥੜੀਆ ਸੰਤਾਹ, ਤੇ ਸੁਖਾਊ ਪੰਧੀਆ। ਨਾਨਕ ਲਧੜੀਆ ਤਿਨਾਹ, ਜਿਨਾ ਭਾਗੁ ਮਥਾਹੜੈ ੧੧੦੧}।

ਰਹੰਤਾ ਜਨਮ ਮਰਣੇਨ, ਰਮਣੰ ਨਾਨਕ ਹਰਿ ਕੀਰਤਨਹ ॥੭॥ ਨਾਨਕ ਗੁਰੂ ਜੀ ਆਖਦੇ ਹਨ, ਹਰੀ ਦਾ ਕੀਰਤਨ ਉਚਾਰਨ ਕਰਨ ਨਾਲ ਮਨੁੱਖ ਜਨਮ ਮਰਣ ਤੋਂ ਰਹਿਤ ਹੋ ਜਾਂਦਾ ਹੈ।੭।

ਪਦਾਰਥ = ਪੰਥਾ–ਰਸਤਾ। ਲਹੰਥਾ–ਲੱਭਦਾ (ਮਿਲਦਾ) ਹੈ। ਬਡ ਕਰਮਣਹ–ਵੱਡੇ ਭਾਗਾਂ ਨਾਲ। ਰਹੰਤਾ–ਰਹਿਤ (ਬਿਨਾ); ਮੁੱਕ ਜਾਂਦਾ ਹੈ (ਜਨਮ ਮਰਨ ਦਾ ਚੱਕ੍ਰ)। ਰਮਣੰ–ਉਚਾਰਨ ਨਾਲ।੭।

ਪਤ੍ਰ ਭੁਰਿਜੇਣ ਝੜੀਅੰ,ਨਹ ਜੜੀਅੰ ਪੇਡ ਸੰਪਤਾ ॥ ਜਿਵੇਂ ਰੁਖ ਦੇ ਪੱਤੇ (ਪੱਤਝੜ ਵਿਚ) ਭੁਰ ਕੇ ਝੜ ਜਾਂਦੇ ਹਨ, ਮੁੜ ਟਾਹਣੀ ਨੂੰ ਨਹੀ (ਜੁੜ) ਲਗ ਸਕਦੇ। ਤਰਵਰ ਵਿਛੁੰਨੇ ਨਹ ਪਤਾ ਜੁੜਤੇ ਜਮ ਮਗਿ ਗਉਨੁ ਇਕੇਲੀ। (੫੪੬)(ਬ੍ਰਿਛ ਨਾਲੋਂ ਝੜੇ ਹੋਏ ਪੱਤੇ ਹਵਾ ਨਾਲ ਚਾਰ ਚੁਫੇਰੇ ਉਡਦੇ ਹੋਏ ਨਸ਼ਟ ਹੋ ਜਾਂਦੇ ਹਨ। ਤਿਵੇਂ ਨਾਮ ਹੀਣ ਮਨੁੱਖ ਜੋਨੀਆਂ ਵਿਚ ਭਟਕਦੇ ਰਹਿੰਦੇ ਹਨ।

ਨਾਮ ਬਿਹੂਣ ਬਿਖਮਤਾ ਨਾਨਕ , ਬਹੰਤਿ ਜੋਨਿ ਬਾਸਰੋ ਰੈਣੀ ॥੮॥ ਨਾਨਕ ਗੁਰੂ ਜੀ ਆਖਦੇ ਹਨ ਕਿ ਨਾਮ ਬਿਹੂਣੇ ਮਨੁੱਖਾਂ ਨੂੰ ਬੜੀ ਕਠਨਾਈ ਹੁੰਦੀ (ਦੁੱਖ ਭੋਗਣਾ ਪੈਂਦਾ) ਹੈ ਅਤੇ ਦਿਨ ਰਾਤ ਜੋਨੀਆਂ ਵਿਚ (ਰੁੜ੍ਹਦੇ) ਭਟਕਦੇ ਹਨ।੮।

ਪਦਾਰਥ = ਪਤ੍ਰ–ਪੱਤੇ। ਭੁਰਿਜੇਣ–ਸੁੱਕ ਕੇ; ਭੁਰ ਕੇ। ਝੜੀਅੰ–ਝੜ ਜਾਂਦੇ ਹਨ। ਨਹ ਜੜੀਅੰ–ਨਹੀ ਜੁੜਦੇ (ਲਗਦੇ)। ਪੇਡ–ਦਰੱਖਤ। ਸੰਪਤਾ–ਟਾਹਣੀਆਂ। ਬਿਹੂਣ–ਵਿਹੂਣੇ; ਖਾਲੀ। ਬਿਖਮਤਾ–ਔਖ; ਦੁੱਖ। ਬਹੰਤਿ–ਬਹਿ (ਰੁੜ੍ਹ) ਜਾਂਦੇ (ਭਟਕਦੇ) ਹਨ। ਜੋਨਿ–ਜੋਨੀਆਂ ਵਿਚ । ਰੈਣੀ–ਰਾਤ। ਬਾਸਰੋ ਰੈਣੀ–ਦਿਨ ਰਾਤ।੮।

ਵਿਆਖਿਆ = ਵਾਹਿਗੁਰੂ ਦਰਖਤ ਤੇ ਜੀਵ ਪੱਤਿਆਂ ਦੀ ਨਿਆਈ ਹਨ। ਨਾਮ ਵਾਲਾ ਵਾਹਿਗੁਰੂ ਨਾਲ ਜੁੜਿਆ ਹੈ, ਜੋ ਨਾਮ ਬਿਨਾ ਹੈ,ਉਹ ਪ੍ਰਭੂ ਰੁੱਖ ਨਾਲੋਂ ਟੁੱਟਾ ਪੱਤਾ ਹੈ। ਜਿਵੇਂ ਟੁੱਟੇ ਹੋਏ ਪੱਤੇ ਹਵਾ ਨਾਲ ਉਡਦੇ ਤੇ ਜਲ ਵਿਚ ਰੁੜ੍ਹਦੇ ਰਹਿੰਦੇ ਹਨ। ਤਿਵੇਂ ਪ੍ਰਭੂ ਨਾਲੋਂ ਟੁੱਟੇ ਜੀਵਾਂ ਨੂੰ ਵਿਸ਼ਿਆਂ ਦੀ ਹਨ੍ਹੇਰੀ ਉਡਾ ਕੇ ਜੂਨਾਂ ਦੀ ਨਦੀ ਵਿਚ ਪਾ ਕੇ ਦਿਨ ਰਾਤ ਰੋੜ੍ਹਦੀ ਰਹਿੰਦੀ ਹੈ। ਜੋ ਬ੍ਰਿਛ ਨਾਲ ਜੁੜੇ ਰਹਿੰਦੇ ਹਨ, ਹਨ੍ਹੇਰੀ ਉਨ੍ਹਾਂ ਨੂੰ ਤੋੜ ਨਹੀ ਸਕਦੀ, ਫਿਰ ਉਹ ਰੁਲਦੇ ਨਹੀ (ਭਾ:ਵੀਰ ਸਿੰਘ)।੮।

ਭਾਵਨੀ ਸਾਧ ਸੰਗੇਣ, ਲਭੰਤੰ ਬਡ ਭਾਗਣਹ ॥ ਸੰਤਾਂ ਦੀ ਸੰਗਤ ਵਿਚ ਸ਼ਰਧਾ ਪ੍ਰਾਪਤ ਹੋਣੀ ਵੱਡੇ ਭਾਗਾਂ ਨਾਲ ਲੱਭਦੀ (ਮਿਲਦੀ) ਹੈ।

ਹਰਿ ਨਾਮ ਗੁਣ ਰਮਣੰ ਨਾਨਕ, ਸੰਸਾਰ ਸਾਗਰ ਨਹ ਬਿਆਪਣਹ ॥੯॥ (ਸੰਤਾਂ ਦੀ ਸੰਗਤ ਵਿਚ ਜਿਹੜੇ ਮਨੁੱਖ) ਹਰੀ ਦਾ ਨਾਮ ਜਪਦੇ ਹਨ ਅਤੇ ਗੁਣ ਉਚਾਰਦੇ ਹਨ, ਨਾਨਕ ਗੁਰੂ ਜੀ ਆਖਦੇ ਹਨ, ਉਨ੍ਹਾਂ ਨੂੰ ਸੰਸਾਰ ਸਾਗਰ ਨਹੀ ਵਿਆਪਦਾ (ਪੋਂਹਦਾ) ਭਾਵ ਸੰਸਾਰ ਸਾਗਰ ਵਿਚ ਡੁਬਦੇ ਨਹੀਂ; ਸੰਸਾਰ ਸਾਗਰ ਦਾ ਜਨਮ ਮਰਣ ਰੂਪ ਦੁੱਖ ਨਹੀਂ ਲਗਦਾ।੯।

ਪਦਾਰਥ = ਭਾਵਨੀ–ਸ਼ਰਧਾ। ਸਾਧ ਸੰਗੇਣ–ਸਾਧ ਸੰਗਤ ਵਿਚ। ਲਭੰਤੰ–ਲੱਭਦੀ (ਮਿਲਦੀ) ਹੈ। ਬਡ ਭਾਗਣਹ–ਵੱਡੇ ਭਾਗਾਂ ਨਾਲ। ਰਮਣੰ –ਉਚਾਰਦੇ ਹਨ। ਨਹ ਬਿਆਪਣਹ–ਨਹੀ ਵਿਆਪਦਾ (ਲਗਦਾ)।੯।

ਗਾਥਾ ਗੂੜ ਅਪਾਰੰ ,ਸਮਝਣੰ ਬਿਰਲਾ ਜਨਹ ॥ ਹਰੀ ਦੀ ਇਹ ਸਿਫਤ ਸਲਾਹ (ਵਾਲੀ ਬਾਣੀ) ਬਹੁਤ ਗੋਹਜ ਹੈ; ਇਹ ਗਾਥਾ ਬਾਣੀ ਬੇਅੰਤ ਪ੍ਰਭੂ ਦੀ ਸਿਫਤ ਸਲਾਹ ਵਾਲੀ ਗੁਹਜ (ਡੂੰਘੀ ਬਿਚਾਰ ਵਾਲੀ ਕਥਾ) ਹੈ, (ਇਸ ਨੂੰ) ਕੋਈ ਬਿਰਲਾ ਮਨੁੱਖ ਹੀ ਸਮਝਦਾ ਹੈ।

ਸੰਸਾਰ ਕਾਮ ਤਜਣੰ, ਨਾਨਕ ਗੋਬਿੰਦ ਰਮਣੰ ਸਾਧ ਸੰਗਮਹ ॥੧੦॥ ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ ਸਮਝ ਲੈਂਦਾ ਹੈ) ਉਹ ਸੰਸਾਰ ਦੀਆਂ ਕਾਮਨਾਵਾਂ ਛੱਡ ਦੇਂਦਾ ਹੈ ਅਤੇ ਸਾਧ ਸੰਗਤ ਰਾਹੀਂ ਗੋਬਿੰਦ ਨੂੰ ਸਿਮਰਦਾ ਹੈ।੧੦।

ਪਦਾਰਥ = ਗਾਥਾ–ਹਰੀ ਦਾ ਜਸ। ਗੂੜ–ਗੁੱਝੀ–ਜਿਸਦਾ ਅਰਥ ਔਖਾ ਸਮਝਿਆ ਜਾ ਸਕੇ; ਡੂੰਘੇ ਭਾਵ ਵਾਲਾ। ਅਪਾਰੰ–ਬਹੁਤ (ਜਾਂ ਬੇਅੰਤ ਪ੍ਰਭੂ ਦੀ)। ਸਮਝਣੰ–ਦਿਲ ਵਿਚ ਬਿਠਾਉਣਾ; ਧਾਰਨ ਕਰਨਾ। ਜਨਹ–(ਗੁਰਮੁਖ) ਜਨ। ਕਾਮ–ਕਾਮਨਾਵਾਂ (ਇਛਾਵਾਂ)। ਤਜਣੰ–ਛਡ ਦਿੰਦਾ ਹੈ। ਰਮਣੰ–ਜਪਦਾ ਹੈ। ਸਾਧ ਸੰਗਮਹ–ਸਾਧ ਸੰਗਤ ਵਿਚ।੧੦।

ਵਿਆਖਿਆ = ਗੁਰਬਾਣੀ ਨੂੰ ਸਮਝਣ ਲਈ ਪਾਠ ਪਠਨ (ਅਭਿਆਸ) ਦੀ ਲੋੜ ਹੈ। ਵਿਦਵਾਨ ਸੰਤਾਂ ਦੀ ਸੰਗਤ ਨਾਲ ਗੁਰਬਾਣੀ ਦੇ ਗੁੱਝੇ ਭੇਦ ਸਮਝ ਆਉਂਦੇ ਹਨ {ਗੁਹਜ ਕਥਾ ਇਹ ਗੁਰ ਤੇ ਜਾਣੀ ੭੩੯}। ਜਗਤ ਦੀਆਂ ਇਛਾਵਾਂ ਛੱਡ ਕੇ ਨਾਮ ਜਪਣ ਨਾਲ ਗੁਰੂ ਸਮਝ ਬਖਸ਼ਦਾ ਹੈ।੧੦।

ਸੁਮੰਤ੍ਰ ਸਾਧ ਬਚਨਾ, ਕੋਟਿ ਦੋਖ ਬਿਨਾਸਨਹ ॥ ਸੰਤ (ਗੁਰੂ) ਦੇ ਬਚਨ ਹੀ ਸ੍ਰੇਸਟ ਮੰਤ੍ਰ ਹਨ, ਜੋ ਕ੍ਰੋੜਾਂ ਦੋਸ਼ਾਂ ਦਾ ਨਾਸ਼ ਕਰਦੇ ਹਨ।

ਹਰਿ ਚਰਣ ਕਮਲ ਧ੍ਯਾਨੰ ,ਨਾਨਕ ਕੁਲ ਸਮੂਹ ਉਧਾਰਣਹ ॥੧੧॥ (ਜੋ ਮਨੁੱਖ ਗੁਰੂ ਦੇ ਬਚਨਾਂ ਦੁਆਰਾ) ਹਰੀ ਦੇ ਚਰਨਾਂ ਕਮਲਾਂ ਦਾ ਧਿਆਨ ਕਰਦਾ ਹੈ, ਨਾਨਕ ਗੁਰੂ ਜੀ ਆਖਦੇ ਹਨ, ਉਹ (ਮਨੁੱਖ) ਅਪਣੀਆਂ ਸਾਰੀਆਂ ਕੁਲਾਂ ਨੂੰ ਤਾਰ ਲੈਂਦਾ ਹੈ।੧੧।

ਪਦਾਰਥ = ਸੁਮੰਤ੍ਰ-ਸ੍ਰੇਸਟ ਮੰਤ੍ਰ; ਉਤਮ ਉਪਦੇਸ਼।ਕੋਟਿ-ਕ੍ਰੋੜਾਂ।ਦੋਖ-ਦੋਸ਼; ਪਾਪ।ਬਿਨਾਸਨਹ-ਨਾਸ਼ ਕਰਦੇ ਹਨ।ਕੁਲ ਸਮੂਹ-ਸਾਰੀਆਂ ਕੁਲਾਂ ਨੂੰ।ਉਧਾਰਣਹ-ਤਾਰ ਲੈਂਦਾ ਹੈ।ਧ੍ਯਾਨੰ ਨੂੰ ਧਿਆਨੰ ਬੋਲੋ।੧੧।

ਵਿਆਖਿਆ = ਗੁਰੂ ਦਾ ਉਪਦੇਸ਼ ਸਭ ਤੋਂ ਵੱਡਾ ਮੰਤ੍ਰ ਹੈ, ਜਿਸ ਦੇ ਕਮਾਉਣ ਨਾਲ ਸਾਰੇ ਪਾਪ ਨਾਸ ਹੁੰਦੇ ਹਨ ਅਤੇ ਆਤਮ ਜੀਵਨ ਪਰਾਪਤ ਹੁੰਦਾ ਹੈ।੧੧।ਬਾਣੀ ਮੰਤ੍ਰ ਮਹਾ ਪੁਰਖਨ ਕੀ, ਮਨਹਿ ਉਤਾਰਨ ਮਾਂਨ ਕਉ।(੧੨੦੮)

ਸੁੰਦਰ ਮੰਦਰ ਸੈਣਹ, ਜੇਣ ਮਧ੍ਯ ਹਰਿ ਕੀਰਤਨਹ ॥ ਉਹ ਹੀ ਸੁੰਦਰ ਘਰ ਹਨ ਜਿਨ੍ਹਾਂ ਵਿਚ ਹਰੀ ਦਾ ਕੀਰਤਨ ਹੁੰਦਾ ਹੈ।

ਮੁਕਤੇ ਰਮਣ ਗੋਬਿੰਦਹ, ਨਾਨਕ ਲਬਧ੍ਯੰ ਬਡ ਭਾਗਣਹ ॥੧੨॥ ਜੋ ਮਨੁੱਖ ਗੋਬਿੰਦ ਦਾ ਨਾਮ ਸਿਮਰਦੇ ਹਨ, ਉਹ ਮੁਕਤ ਹਨ, ਨਾਨਕ ਗੁਰੂ ਜੀ ਆਖਦੇ ਹਨ (ਕਿ ਕੀਰਤਨ ਅਤੇ ਨਾਮ ਸਿਮਰਨ) ਵੱਡੇ ਭਾਗਾਂ ਨਾਲ ਲਭਦੇ (ਮਿਲਦੇ) ਹਨ।੧੨।

ਪਦਾਰਥ = ਮੰਦਰ-ਘਰ; ਹਿਰਦਾ।ਸੈਣਹ-ਸੋਈ; ਉਹ ਹਨ।ਜੇਣ ਮਧ੍ਯ-(ਮੱਧ੍ਯ ਦੇ ਧੱਧੇ ਤੇ ਜੋਰ ਦੇ ਕੇ ਬੋਲੋ) ਜਿਨ੍ਹਾਂ ਵਿਚ।ਰਮਣ-ਸਿਮਰਦੇ ਹਨ।ਲਬਧ੍ਯੰ (ਲਬਧਿਅੰ ਬੋਲੋ)-ਲੱਭਦੇ (ਮਿਲਦੇ) ਹਨ।ਬਡ ਭਾਗਣਹ-ਵੱਡੇ ਭਾਗਾਂ ਨਾਲ।੧੨।

ਵਿਆਖਿਆ = ਉਹ ਘਰ ਸੁਹਾਵਣੇ ਲਗਦੇ ਹਨ ਜਿਨ੍ਹਾਂ ਵਿਚ ਭਜਨ ਪਾਠ ਅਤੇ ਅਕਾਲ ਪੁਰਖ ਦਾ ਕੀਰਤਨ ਹੁੰਦਾ ਹੈ।ਇਸੇ ਤਰ੍ਹਾਂ ਉਹ ਹਿਰਦੇ ਸੁੰਦਰ ਹਨ ਜਿਨ੍ਹਾਂ ਵਿਚ ਵਾਹਿਗੁਰੂ ਦਾ ਜਸ ਹੈ।ਐਸੇ ਮਨੁੱਖ ਮੁਕਤ ਹਨ, ਪਰ ਇਹ ਕੀਰਤਨ ਅਤੇ ਨਾਮ ਬੱਡੇ ਭਾਗਾਂ ਨਾਲ ਪ੍ਰਾਪਤ ਹੁੰਦੇ ਹਨ।੧੨। ਜਿਥੈ ਨਾਮ ਜਪੀਐ ਪ੍ਰਭ ਪਿਆਰੇ।ਸੇ ਅਸਥਲ ਸੋਇਨ ਚਉਬਾਰੇ।(੧੦੫)

ਅੰਗ ੧੩੬੧ = ਹਰਿ ਲਬਧੋ, ਮਿਤ੍ਰ ਸੁਮਿਤੋ ॥ (ਹੇ ਭਾਈ) ਮਿਤ੍ਰਾਂ ਵਿਚੋਂ ਸ੍ਰੇਸਟ ਮਿਤ੍ਰ ਹਰੀ (ਮੈਨੂੰ) ਲੱਭ ਗਿਆ ਹੈ (ਮਨੁੱਖ ਦਾ ਸੱਚਾ ਮਿੱਤ੍ਰ ਹਰੀ ਹੈ) {ਬਨਿ ਭੀਹਾਵਲੇ ਹਿਕੁ ਸਾਥੀ ਲਧਮੁ, ਦੁਖ ਹਰਤਾ ਹਰਿ ਨਾਮਾ।ਬਲਿ ਬਲਿ ਜਾਈ ਸੰਤ ਪਿਆਰੇ, ਨਾਨਕ ਪੂਰਨ ਕਾਮਾ ੫੧੯}।ਦੂਜਾ ਅਰਥ = (ਮਨੁੱਖ ਦਾ ਸੱਚਾ) ਮਿਤ੍ਰ ਹਰੀ ਹੈ, ਜੋ ਸ੍ਰੇਸਟ ਮਿਤ੍ਰ ਸੰਤਾਂ ਰਾਹੀ ਪ੍ਰਾਪਤ ਹੁੰਦਾ ਹੈ (ਸੰ.ਸ.; ਫ.ਸ.)।

ਬਿਦਾਰਣ ਕਦੇ ਨ ਚਿਤੋ ॥ (ਹਰੀ ਐਸਾ ਮਿਤ੍ਰ ਹੈ) ਕਦੇ ਕਿਸੇ ਦਾ ਦਿਲ ਨਹੀ ਤੋੜਦਾ (ਦੁਖਾਉਂਦਾ)।

ਦੂਜਾ ਅਰਥ = ਉਹ ਹਰੀ ਚਿਤ ਤੋਂ ਦੂਰ ਕਰਨ ਯੋਗ ਨਹੀ ਹੈ (ਭਾ:ਵੀਰ ਸਿੰਘ)।

ਜਾਕਾ ਅਸਥਲੁ ,ਤੋਲੁ ਅਮਿਤੋ ॥ ਜਿਸ (ਹਰੀ) ਦੇ ਅਸਥਾਨ ਅਤੇ ਵਿਚਾਰ ਮਿਣਤੀ ਤੋਂ ਰਹਿਤ ਹਨ।

ਦੂਜਾ ਅਰਥ = ਜਿਸਦੇ ਰਚੇ ਅਸਥਾਨ ਅਮਿਣਵੇਂ ਤੋਲ ਵਾਲੇ ਹਨ (ਮਿਣਤੀ ਰਹਿਤ ਰਚਨਾ ਹੈ)।

ਸੁੋਈ ਨਾਨਕ ਸਖਾ, ਜੀਅ ਸੰਗਿ ਕਿਤੋ ॥੧੩॥ਨਾਨਕ ਗੁਰੂ ਜੀ ਕਹਿੰਦੇ ਹਨ, (ਅਸੀਂ) ਓਸੇ ਹਰੀ ਨੂੰ ਅਪਣੇ ਦਿਲ ਨਾਲ (ਭਾਵ ਦਿਲੋਂ) ਸਾਥੀ ਬਣਾਇਆ ਹੈ; ਜਿਹੜਾ ਹਰੀ ਸਦਾ ਦਿਲ ਦੇ ਨਾਲ ਰਹਿੰਦਾ ਹੈ, (ਉਸਨੂੰ ਅਸੀਂ ਅਪਣਾ) ਮਿਤ੍ਰ ਬਣਾਇਆ ਹੈ (ਨਿਰਣੈ)।੧੩।

ਪਦਾਰਥ = ਲਬਧੋ-(ਲਬੱਧੋ ਨਹੀਂ ਪੜ੍ਹਨਾ) ਲੱਭ ਗਿਆ।ਸੁਮਿਤੋ-ਸ੍ਰੇਸਟ ਮਿਤ੍ਰ।ਬਿਦਾਰਣ-ਤੋੜਨਾ (ਦੁਖਾਉਂਣਾ)।ਚਿਤੋ-ਚਿਤ।ਜਾ ਕਾ-ਜਿਸਦਾ।ਅਸਥਲੁ-ਅਸਥਾਨ।ਤੋਲ-ਵਜਨ; ਵਿਚਾਰ।ਅਮਿਤੋ-ਮਿਣਤੀ ਤੋਂ ਰਹਿਤ, ਅਮਿਣਵਾਂ।ਸੋਈ-ਉਸ ਨੂੰ।ਸਖਾ-ਮਿਤ੍ਰ। ਜੀਅ ਸੰਗਿ-ਦਿਲ ਨਾਲ (ਦਿਲੋਂ)।ਕਿਤੋ-(ਬਣਾਇਆ) ਕੀਤਾ ਹੈ।੧੩।

ਵਿਆਖਿਆ = ਇਕ ਤਾਂ ਮਿਤ੍ਰ ਐਸੇ ਹਨ, ਉਨ੍ਹਾਂ ਨੂੰ ਜਿੰਨਾ ਪਿਆਰ ਕਰੀਏ, ਉਹ ਵੀ ਉਤਨਾ ਹੀ ਕਰਦੇ ਹਨ।ਦੂਜੇ ਮਿਤ੍ਰ ਐਸੈ ਹਨ ਜੋ ਅੱਗੋਂ ਪਿਆਰ ਕਰਦੇ ਹੀ ਨਹੀਂ।ਤੀਜੇ ਮਿਤ੍ਰ ਪਿਆਰ ਕਰਨ ਵਾਲਿਆਂ ਨਾਲ ਸਗੋਂ ਵੈਰ ਕਰਦੇ ਹਨ।ਐਸਾ ਮਹਾਨ ਹਰੀ ਅਸੀਂ ਅਪਣਾ ਮਿਤ੍ਰ ਕੀਤਾ ਹੈ, ਜਿਸ ਵਰਗਾ ਹੋਰ ਕੋਈ ਮਿਤ੍ਰ ਨਹੀਂ।ਵਾਸਤਵ ਵਿਚ ਅਸਲੀ ਮਿਤ੍ਰ ਤਾਂ ਪ੍ਰਭੂ ਹੀ ਹੈ, ਜਿਹੜਾ ਸਦਾ ਸਾਥ ਨਿਭਾਉਣ ਵਾਲਾ ਹੈ, ਪਰ ਮਨੁੱਖ ਦੇ ਕੁਝ ਹੋਰ ਮਿਤ੍ਰ ਵੀ ਹੁੰਦੇ ਹਨ।੧. ਧਨ, ਇਹ ਵੀ ਸਦਾ ਸਾਥ ਨਹੀ ਰਹਿੰਦਾ, ਪ੍ਰਾਲਬਧ ਅਨੁਸਾਰ ਧਨ ਮਿਲਦਾ ਹੈ, ਜਦ ਦਿਨ ਮਾੜੇ ਆਉਂਦੇ ਹਨ ਤਾਂ ਧਨ ਵੀ ਕੋਲੋਂ ਚਲੇ ਜਾਂਦਾ ਹੈ ੨. ਰਿਸ਼ਤੇਦਾਰ, ਗੁਰੂ ਤੇਗ ਬਹਾਦਰ ਸਾਹਿਬ ਦਾ ਵਾਕ ਹੈ =

ਸੁਖ ਮੈ ਆਨਿ ਬਹੁਤੁ ਮਿਲਿ ਬੈਠਤ, ਰਹਤ ਚਹੂ ਦਿਸਿ ਘੇਰੈ।ਬਿਪਤਿ ਪਰੀ ਸਭ ਹੀ ਸੰਗੁ ਛਾਡਿਤ, ਕੋਊ ਨ ਆਵਤ ਨੇਰੈ। (੬੩੪)

ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ, ਤੇ ਸਭਿ ਅਪਨੈ ਸੁਆਇ ਮਿਲਾਸਾ।

ਜਿਤੁ ਦਿਨਿ ਉਨ ਕਾ ਸੁਆਉ ਹੋਇ ਨ ਆਵੈ, ਤਿਤੁ ਦਿਨਿ ਨੇੜੈ ਕੋ ਨ ਢੁਕਾਸਾ। (੮੬੦)

ਮਨਮੁਖਾ ਕੇਰੀ ਦੋਸਤੀ, ਮਾਇਆ ਕਾ ਸਨਬੰਧੁ।ਵੇਖਦਿਆ ਹੀ ਭਜਿ ਜਾਨਿ, ਕਦੇ ਨ ਪਾਇਨਿ ਬੰਧੁ।

ਜਿਚਰੁ ਪੈਨਨਿ ਖਾਵਨੇ, ਤਿਚਰੁ ਰਖਨਿ ਗੰਢੁ।ਜਿਤੁ ਦਿਨਿ ਕਿਛੁ ਨ ਹੋਵਈ, ਤਿਤੁ ਦਿਨਿ ਬੋਲਨਿ ਗੰਧੁ। (੯੫੯)

ਅੱਗੇ ਪ੍ਰਲੋਕ ਵਿਚ ਵੀ ਕੋਈ ਰਿਸ਼ਤੇ ਦਾਰ ਨਾਲ ਨਹੀਂ ਜਾਂਦਾ।੩. ਕਰਮ, ਮਰਨ ਉਪਰੰਤ ਮਨੁੱਖ ਦੇ ਕੀਤੇ ਕਰਮਾਂ ਅਨੁਸਾਰ ਹੀ ਅਗਲੇ ਜੀਵਨ ਵਿਚ ਸੁਖ ਦੁਖ ਮਿਲਦਾ ਹੈ।ਸੋ ਧਨ, ਰਿਸ਼ਤੇ ਦਾਰ ਅਤੇ ਕਰਮ ਵੀ ਸਦੀਵੀ ਸੁਖ ਦੇਣ ਵਾਲੇ ਮਿਤ੍ਰ ਨਹੀਂ, ਸਦੀਵੀ ਸੁਖ ਦੇਣ ਵਾਲਾ ਅਸਲੀ ਮਿਤ੍ਰ ਤਾਂ ਅਕਾਲ ਪੁਰਖ ਹੀ ਹੈ {ਮੇਰਾ ਮਿਤ੍ਰ ਸਖਾ ਸੋ ਪ੍ਰੀਤਮੁ ਭਾਈ, ਮੈ ਦਸੇ ਹਰਿ ਨਰਹਰੀਐ ਜੀਉ ੯੫}।

ਅਪਜਸੰ ਮਿਟੰਤ ਸਤ ਪੁਤ੍ਰਹ ॥ ਸਿਮਰਤਬ੍ਯ ਰਿਦੈ ਗੁਰ ਮੰਤ੍ਰਣਹ ॥ ਹੇ ਭਾਈ! ਜਿਵੇਂ ਸ੍ਰੇਸਟ ਪੁਤ੍ਰ ਪੈਦਾ ਹੋਣ ਤੇ (ਕੁਲ ਦੀ ਪਿਛੇ ਕੀਤੀ ਹੋਈ ਸਾਰੀ) ਬਦਨਾਮੀ ਮਿਟ ਜਾਂਦੀ ਹੈ।(ਤਿਵੇਂ ਅਪਣੇ ਪਿਛਲੇ ਜਨਮਾਂ ਦੇ ਪਾਪ ਮੇਟਣ ਲਈ) ਹਿਰਦੇ ਵਿਚ ਗੁਰੂ (ਦਾ ਦਿਤਾ ਨਾਮ) ਮੰਤ੍ਰ ਜਪਣ

ਯੋਗ ਹੈ; ਜੋ ਮਨੁੱਖ ਹਿਰਦੇ ਵਿਚ ਗੁਰ ਮੰਤ੍ਰ (ਵਾਹਿਗੁਰੂ) ਜਪਦਾ ਹੈ, ਉਹ ਸ੍ਰੇਸਟ ਪੁਤ੍ਰ ਹੈ, (ਉਸ ਪੁਤ੍ਰ ਕਰਕੇ) ਕੁਲ ਦੇ ਸਾਰੇ ਕਲੰਕ ਮਿਟ ਜਾਂਦੇ ਹਨ।

ਪ੍ਰੀਤਮ ਭਗਵਾਨ ਅਚੁਤ ॥ ਨਾਨਕ, ਸੰਸਾਰ ਸਾਗਰ ਤਾਰਣਹ ॥੧੪॥ ਪਿਆਰੇ ਅਬਨਾਸ਼ੀ ਭਗਵਾਨ ਦਾ (ਨਾਮ ਸਿਮਰਨ) ਜੋ ਹੈ। ਨਾਨਕ ਗੁਰੂ ਜੀ ਕਹਿੰਦੇ ਹਨ (ਨਾਮ ਸਿਮਰਨ ਮਨੁੱਖ ਨੂੰ) ਸੰਸਾਰ ਸਾਗਰ ਤੋਂ ਤਾਰ ਦੇਂਦਾ ਹੈ।੧੪।

ਪਦਾਰਥ = ਅਪਜਸੰ-ਨਿੰਦਾ; ਬਦਨਾਮੀ। ਸਤ-(ਸੱਤ ਨਾ ਪੜ੍ਹੋ) ਸ੍ਰੇਸਟ। ਸਿਮਰਤਬ੍ਯ-ਜਪਣ ਯੋਗ; ਜਪਦਾ ਹੈ (ਸਿਮਰਤਬਿਅ ਉਚਾਰੋ) । ਰਿਦੈ-ਹਿਰਦੇ ਵਿਚ। ਪ੍ਰੀਤਮ-ਪਿਆਰਾ। ਅਚੁਤ-ਅਬਿਨਾਸੀ। ਤਾਰਣਹ-ਤਾਰ ਦੇਂਦਾ ਹੈ।੧੪।

ਵਿਆਖਿਆ = ਲਾਇਕ ਪੁਤ੍ਰ ਪਿਤਾ ਦਾ ਨਾਮ ਰੋਸ਼ਨ ਕਰਦਾ ਹੈ, ਉਸਦੇ ਨਾਮ ਜਪਣ ਕਰਕੇ ਪਿਓ ਦਾਦੇ ਦੇ ਕੀਤੇ ਪਾਪ ਨਾਸ਼ ਹੋ ਜਾਂਦੇ ਹਨ। ਉਹ ਆਪ ਵੀ ਤਰਦਾ ਹੈ ਅਤੇ ਕੁਲ ਦੇ ਹੋਰਾਂ ਨੂੰ ਵੀ ਤਾਰ ਦੇਂਦਾ ਹੈ।੧੪। ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ।(੧੧੩੩)

ਮਰਣੰ ਬਿਸਰਣੰ ਗੋਬਿੰਦਹ ॥ ਜੀਵਣੰ ਹਰਿ ਨਾਮੁ ਧ੍ਯਾਵਣਹ ॥ ਹੇ ਭਾਈ! ਗੋਬਿੰਦ ਨੂੰ ਭੁਲਾ ਦੇਣਾ (ਆਤਮਕ) ਮੌਤ ਹੈ। ਹਰੀ ਦਾ ਨਾਮ ਧਿਆਉਣਾ (ਆਤਮਕ) ਜੀਵਨ ਹੈ {ਆਖਾ ਜੀਵਾ, ਵਿਸਰੈ ਮਰਿ ਜਾਉ ੩੪੯}।

ਲਭਣੰ ਸਾਧ ਸੰਗੇਣ ॥ ਨਾਨਕ ਹਰਿ ਪੂਰਬਿ ਲਿਖਣਹ ॥੧੫॥ (ਪਰ) ਹੇ ਨਾਨਕ! ਹਰੀ ਦਾ ਸਿਮਰਨ (ਮਨੁੱਖ ਨੂੰ) ਸਾਧ ਸੰਗਤ ਵਿਚੋਂ ਪਹਿਲਾਂ (ਧੁਰ) ਤੋਂ ਹੀ ਲਿਖੇ ਹੋਏ (ਕਰਮਾਂ) ਅਨੁਸਾਰ ਲੱਭਦਾ (ਮਿਲਦਾ) ਹੈ। ਧ੍ਯਾਵਣਹ ਨੂੰ ਧਿਆਵਣਹ ਪੜ੍ਹੋ।੧੫।

ਪਦਾਰਥ = ਮਰਣੰ-ਮਰਨਾ; ਮੌਤ। ਬਿਸਰਣੰ-ਭੁੱਲ ਜਾਣਾ। ਜੀਵਣੰ-ਜੀਵਨ। ਲਭਣੰ-ਲੱਭਦਾ (ਮਿਲਦਾ) ਹੈ। ਸਾਧ ਸੰਗੇਣ-ਸਾਧ ਸੰਗਤ ਵਿਚੋਂ। ਪੂਰਬਿ ਲਿਖਣਹ-ਪਹਿਲਾਂ (ਧੁਰ) ਤੋਂ ਲਿਖੇ ਅਨੁਸਾਰ।੧੫।

ਵਿਆਖਿਆ = ਆਤਮਾ ਦੀ ਖੁਰਾਕ ਨਾਮ ਸਿਮਰਨ ਹੈ। ਜਿਵੇਂ ਸਰੀਰ ਦੀ ਖੁਰਾਕ ਛੱਡਣ ਨਾਲ ਮੌਤ ਹੋ ਜਾਂਦੀ ਹੈ, ਤਿਵੇਂ ਹੀ ਹਰੀ ਨੂੰ ਭੁੱਲ ਜਾਣ ਨਾਲ ਆਤਮਕ ਮੌਤ ਹੈ। ਪਰ ਸਿਮਰਨ ਪੂਰਬਲੇ ਲਿਖੇ ਕਰਮਾਂ ਅਨੁਸਾਰ ਗੁਰੂ ਦੀ ਸੰਗਤ ਵਿਚੋਂ ਮਿਲਦਾ ਹੈ।੧੫।

ਦਸਨ ਬਿਹੂਨ ਭਯੰਗੰ, ਮੰਤ੍ਰੰ ਗਾਰੁੜੀ ਨਿਵਾਰੰ ॥ ਜਿਵੇਂ ਗਾਰੜੀ ਪੁਰਖ (ਗਰੜ ਮੰਤ੍ਰ ਪੜ੍ਹ ਕੇ) ਸੱਪ ਨੂੰ ਦੰਦਾਂ ਤੋਂ ਬਿਨਾ ਕਰ ਦੇਂਦਾ ਹੈ ਅਤੇ ਮੰਤ੍ਰ ਦੁਆਰਾ ਸੱਪ ਦੀ ਜਹਿਰ ਵੀ ਦੂਰ ਕਰ (ਉਤਾਰ) ਦਿੰਦਾ ਹੈ।

ਬ੍ਯਾਧਿ ਉਪਾੜਣ ਸੰਤੰ ॥ ਨਾਨਕ ਲਬਧ ਕਰਮਣਹ ॥੧੬॥ (ਇਸੇ ਤਰ੍ਹਾਂ) ਸੰਤ (ਗੁਰੂ ਸਾਰੇ ਆਧ ਬਿਆਧ ਉਪਾਧ) ਰੋਗਾਂ ਨੂੰ ਪੁੱਟ ਦੇਂਦੇ ਹਨ, ਨਾਨਕ ਗੁਰੂ ਆਖਦੇ ਹਨ, (ਐਸੇ ਸਮਰੱਥ ਗੁਰੂ) ਸੰਤ ਚੰਗੇ ਕਰਮਾਂ ਨਾਲ ਲੱਭਦੇ ਹਨ।੧੬।

ਪਦਾਰਥ = ਦਸਨ-ਦੰਦ। ਬਿਹੂਨ-ਬਿਨਾ। ਭੁਯੰਗੰ-(ਭੁਇਅੰਗੰ ਉਚਾਰੋ) ਸੱਪ। ਮੰਤ੍ਰੰ-ਮੰਤ੍ਰ ਨਾਲ। ਗਾਰੁੜੀ-ਮੰਤ੍ਰ ਨਾਲ ਸੱਪ ਦੀ ਵਿਹੁ ਦੂਰ ਕਰਨ ਵਾਲਾ; ਸੱਪ ਦਾ ਝਾੜਾ ਕਰਨ ਵਾਲਾ ਸਪੇਰਾ। ਨਿਵਾਰੰ-ਦੂਰ ਕਰ ਦੇਂਦਾ ਹੈ। ਬ੍ਯਾਧ-(ਬਿਆਧ ਉਚਾਰੋ) ਰੋਗ; ਦੁੱਖ। ਉਪਾੜਣ-ਪੁੱਟਣਾ; ਨਾਸ਼ ਕਰਨਾ। ਲਬਧ-ਲੱਭਦਾ ਹੈ। ਕਰਮਣਹ-ਕਰਮਾਂ (ਚੰਗੇ ਭਾਗਾਂ) ਨਾਲ।੧੬।

ਵਿਆਖਿਆ = ਜਿਵੇਂ ਗਰੜ ਮੰਤ੍ਰ ਜਾਨਣ ਵਾਲਾ ਮੰਤ੍ਰ ਪੜ੍ਹ ਕੇ ਸੱਪ ਦੀ ਜਹਿਰ ਉਤਾਰ ਦੇਂਦਾ ਹੈ, ਤਿਵੇਂ ਗੁਰੂ ਨਾਮ ਮੰਤ੍ਰ ਰਾਹੀਂ ਮਾਇਆ ਰੂਪ ਸੱਪਣੀ ਦੀ ਵਿਸ਼ਿਆਂ ਰੂਪ ਜਹਿਰ ਦੂਰ ਕਰ ਦੇਂਦੇ ਹਨ। ਮਾਯਾ ਸਾਰੇ ਦੁਖਾਂ ਦਾ ਮੂਲ ਕਾਰਣ ਹੈ। ਗੁਰੂ ਸਾਰੇ ਰੋਗਾਂ ਨੂੰ ਵੀ ਜੜ੍ਹੋਂ ਪੁੱਟ ਦੇਂਦੇ ਹਨ। {ਮਾਇਆ ਹੋਈ ਨਾਗਨੀ, ਜਗਤਿ ਰਹੀ ਲਪਟਾਇ। ...ਗੁਰਮੁਖਿ ਕੋਈ ਗਾਰੜੂ ,ਤਿਨਿ ਮਲਿ ਦਲਿ ਲਾਈ ਪਾਇ ੫੧੦}।

ਜਥ ਕਥ ਰਮਣੰ,ਸਰਣੰ ਸਰਬਤ੍ਰ ਜੀਅਣਹ ॥ ਜਿੱਥੇ ਕਿੱਥੇ (ਸਭ ਥਾਂ) ਹਰੀ ਵਿਆਪਕ (ਦੇਖੀਦਾ) ਹੈ, ਅਤੇ ਸਾਰੇ ਜੀਵਾਂ ਦਾ ਆਸਰਾ ਹੈ (ਸਾਰੇ ਜੀਵ ਅਕਾਲ ਪੁਰਖ ਦੀ ਸ਼ਰਣ ਵਿਚ ਹਨ)।

ਤਥ ਲਗਣੰ ਪ੍ਰੇਮ ਨਾਨਕ ॥ ਪਰਸਾਦੰ ਗੁਰ ਦਰਸਨਹ ॥੧੭॥ ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੇ ਦਰਸ਼ਨ ਕਰਕੇ ਅਤੇ ਗੁਰੂ ਦੀ ਕ੍ਰਿਪਾ ਦੁਆਰਾ ਹੀ ਤਿਸ (ਹਰੀ) ਨਾਲ ਪ੍ਰੇਮ ਲਗਦਾ ਹੈ।੧੭।

ਪਦਾਰਥ = ਜਥ ਕਥ-ਜਿਥੇ ਕਿਥੇ। ਰਮਣੰ-ਵਿਆਪਕ। ਸਰਣੰ-ਆਸਰਾ। ਜੀਅਣਹ-ਜੀਵਾਂ ਦਾ। ਤਥ-ਤਿਸ (ਉਸ) ਦਾ।

ਵਿਆਖਿਆ = ਹਰੀ ਸਭ ਥਾਂ ਪੂਰਨ ਹੈ ਪਰ ਪ੍ਰਤੀਤ ਨਹੀ ਹੁੰਦਾ। ਗੁਰੂ ਦੇ (ਅੰਤ੍ਰੀਵ) ਦਰਸ਼ਨ {ਬਿਨੁ ਦੇਖੇ ਉਪਜੈ ਨਹੀ ਆਸਾ ੧੧੬੭} ਅਤੇ ਗੁਰੂ ਦੀ ਕ੍ਰਿਪਾ ਨਾਲ ਹਰੀ ਦੇ ਵਿਆਪਕ ਸਰੂਪ ਦਾ ਪਤਾ ਚਲਦਾ ਹੈ।੧੭।

ਚਰਣਾਰਬਿੰਦ ਮਨ ਬਿਧ੍ਯੰ ॥ ਜਿਸ ਪੁਰਖ ਦਾ ਮਨ ਨਿਰੰਕਾਰ ਦੇ ਚਰਨਾਂ ਕਮਲਾਂ ਵਿਚ ਵਿੰਨ੍ਹਿਆ (ਪ੍ਰੋਇਆ; ਜੁੜਿਆ) ਹੋਇਆ ਹੈ।

ਸਿਧ੍ਯੰ ਸਰਬ ਕੁਸਲਣਹ ॥ ਉਸਨੂੰ ਸਾਰੇ ਸੁੱਖ ਅਨੰਦ ਪ੍ਰਾਪਤ ਹੋ ਜਾਂਦੇ ਹਨ।

ਗਾਥਾ ਗਾਵੰਤਿ ਨਾਨਕ, ਭਬ੍ਯੰ ਪਰਾ ਪੂਰਬਣਹ ॥੧੮॥ ਨਾਨਕ ਗੁਰੂ ਜੀ ਆਖਦੇ ਹਨ ਕਿ ਬਹੁਤ ਪਹਿਲਾਂ ਤੋਂ ਹੀ ਗਿਆਨਵਾਨ ਪੁਰਖ ਨਿਰੰਕਾਰ ਦਾ ਜਸ ਗਾਉਂਦੇ (ਆਏ) ਹਨ। ਦੂਜਾ ਅਰਥ = ਉਹ ਪੁਰਖ ਇਹ ਗਾਥਾ ਗਾਉਂਦੇ ਹਨ, ਜਿਨ੍ਹਾਂ ਦੇ ਬਹੁਤ ਪੂਰਬਲੇ ਭਾਗ (ਚੰਗੇ) ਹੋਣ (ਦਰਪਣ ਤੋਂ ਬਿਨਾ ਸਭ ਨੇ ਪਹਿਲੇ ਅਰਥ ਹੀ ਕੀਤੇ ਹਨ)।੧੮।

ਪਦਾਰਥ = ਚਰਣਾਰਬਿੰਦ-(ਪਵਿਤ੍ਰ) ਚਰਨ ਕਮਲ। ਬਿਧ੍ਯੰ-(ਬਿਧਿਅੰ ਬੋਲੋ) ਪ੍ਰੋਇਆ ਹੈ; ਜੁੜਿਆ ਹੈ। ਸਿਧ੍ਯੰ-(ਸਿਧਿਅੰ ਬੋਲੋ) ਮਿਲ ਗਏ; ਪ੍ਰਾਪਤ ਹੁੰਦੇ ਹਨ। ਸਰਬ-ਸਾਰੇ। ਕੁਸਲਣਹ-ਸੁੱਖ। ਗਾਥਾ-ਕਥਾ (ਜਸ)। ਭਬ੍ਯੰ-(ਭੱਬਿਅੰ ਬੋਲੋ) ਚਤਰ; ਗਿਆਨਵਾਨ; ਸਿਆਣੇ; (ਚੰਗੇ)

ਭਾਗ।ਪਰਾ ਪੂਰਬਣਹ–ਬਹੁਤ ਪੂਰਬ ਕਾਲ ਤੋਂ; ਆਦਿ ਕਾਲ ਤੋਂ; ਪੁਸ਼ਤ ਦਰ ਪੁਸ਼ਤ।੧੮।

ਸੁਭ ਬਚਨ ਰਮਣੰ, ਗਵਣੰ ਸਾਧ ਸੰਗੇਣ ਉਧਰਣਹ ॥ ਜੋ ਮਨੁੱਖ ਸਾਧ ਸੰਗਤ ਵਿਚ ਜਾ ਕੇ (ਗੁਰੂ ਦੇ) ਸ਼ੁੱਭ ਬਚਨਾਂ (ਗੁਰਬਾਣੀ) ਨੂੰ ਉਚਾਰਦਾ ਹੈ, ਉਹ ਤਰ ਜਾਂਦਾ ਹੈ {ਸੁਭ ਬਚਨ ਬੋਲਿ ਗੁਨ ਅਮੋਲ। (੧੨੨੯)

ਸੰਸਾਰ ਸਾਗਰੰ, ਨਾਨਕ ਪੁਨਰਪਿ ਜਨਮ ਨ ਲਭ੍ਯਤੇ ॥੧੯॥ਨਾਨਕ ਗੁਰੂ ਜੀ ਕਹਿੰਦੇ ਹਨ, ਉਸ ਪੁਰਖ ਨੂੰ ਸੰਸਾਰ ਸਾਗਰ ਵਿਚ ਮੁੜ ਜਨਮ ਨਹੀ ਲੈਣਾ ਪੈਂਦਾ (ਜਨਮ ਮਰਨ ਮਿਟ ਜਾਂਦਾ ਹੈ)।੧੯।

ਪਦਾਰਥ = ਸੁਭ ਬਚਨ–ਗੁਰੂ ਦੇ ਸ਼ੁੱਭ ਬਚਨ (ਗੁਰ ਸ਼ਬਦ)।ਰਮਣੰ–ਉਚਾਰਦਾ ਹੈ।ਗਵਣੰ–ਚਲ ਕੇ ਜਾਂਦਾ ਹੈ।ਪੁਨਰਪਿ–ਮੁੜ; ਦੁਬਾਰਾ ।ਨ ਲਭ੍ਯਤੇ–ਨਹੀ ਲੈਣਾ ਪੈਂਦਾ।੧੯।

ਬੇਦ ਪੁਰਾਣ ਸਾਸਤ੍ਰ ਬੀਚਾਰੰ ॥ਏਕੰਕਾਰ ਨਾਮ ਉਰ ਧਾਰੰ ॥ (ਜੋ ਮਨੁੱਖ) ਇਕ ਅਕਾਲ ਪੁਰਖ ਦਾ ਨਾਮ ਹਿਰਦੇ ਵਿਚ ਟਿਕਾ ਲੈਂਦਾ ਹੈ, (ਸਮਝੋ ਉਸ ਨੇ) ੪ ਬੇਦਾਂ, ੧੮ ਪੁਰਾਣਾਂ, ੬ ਸਾਸਤ੍ਰਾਂ (ਆਦਿ ਧਰਮ ਗ੍ਰੰਥਾਂ) ਨੂੰ ਬਿਚਾਰ (ਤੱਤ ਨਿਚੋੜ ਕੱਢ) ਲਿਆ ਹੈ; (ਜੋ ਮਨੁੱਖ) ਬੇਦਾਂ, ਪੁਰਾਣਾਂ ਤੇ ਸਾਸ਼ਤ੍ਰਾਂ (ਦੇ ਸਿਧਾਂਤ) ਨੂੰ ਵਿਚਾਰ ਕੇ ਇਕ ਨਿਰੰਕਾਰ ਦਾ ਨਾਮ ਹਿਰਦੇ ਵਿਚ ਟਿਕਾ ਲੈਂਦਾ ਹੈ।

ਕੁਲਹ ਸਮੂੰਹ ਸਗਲ ਉਧਾਰੰ ॥ ਬਡਭਾਗੀ ਨਾਨਕ ਕੋ ਤਾਰੰ ॥੨੦॥ ਉਹ (ਅਪਣੇ ਸਮੇਤ ਅਪਣੀਆਂ) ਸਾਰੀਆਂ ਕੁਲਾਂ ਦਾ ਉਧਾਰ ਕਰ ਲੈਂਦਾ ਹੈ, ਗੁਰੂ ਜੀ ਆਖਦੇ ਹਨ ਕਿ ਕੋਈ ਵੱਡੇ ਭਾਗਾਂ ਵਾਲਾ ਪੁਰਖ (ਹੀ ਨਾਮ ਜਪ ਕੇ ਹੋਰਨਾਂ ਨੂੰ) ਤਾਰਨ ਵਾਲਾ ਬਣਦਾ ਹੈ।੨੦।

ਪਦਾਰਥ = ੪ ਬੇਦ, ੧੮ ਪੁਰਾਣ ਤੇ ੬ ਸ਼ਾਸਤਰ ਹਿੰਦੂ ਧਰਮ ਦੇ ਗ੍ਰੰਥ ਹਨ।ਏਕੰਕਾਰ–ਇਕ ਪ੍ਰਮਾਤਮਾ।ਉਰ ਧਾਰੰ–ਦਿਲ ਵਿਚ ਧਾਰਦੇ ਹਨ।ਕੁਲਹ ਸਮੂੰਹ–ਸਾਰੇ ਖਾਨਦਾਨ ਦਾ।ਉਧਾਰੰ–ਉਧਾਰ ਕਰ ਲੈਂਦਾ ਹੈ।ਕੋ–ਕੋਈ।ਕੋ–ਕੋਈ।ਤਾਰੰ–ਤਾਰਨ ਵਾਲਾ।੨੦।

ਵਿਆਖਿਆ = ਬੇਦ ਆਦਿ ਧਰਮ ਗ੍ਰੰਥਾਂ ਨੂੰ ਪੜ੍ਹਨ ਵਿਚਾਰਨ ਦਾ ਲਾਭ ਤਦੇ ਹੀ ਹੈ, ਜੇ ਮਨੁੱਖ ਇਕ ਪ੍ਰਭੂ ਨਾਲ ਜੁੜੇ {ਬੇਦ ਪੁਰਾਨ ਪੜੇ ਕੋ ਇਹ ਗੁਨ, ਸਿਮਰੇ ਹਰਿ ਕੋ ਨਾਮਾ ੨੨੦}।ਜੇ ਧਰਮ ਗ੍ਰੰਥਾਂ ਨੂੰ ਕੇਵਲ ਸਭਾ ਜਿਤ ਵਿਦਵਾਨ ਕਹਾਉਣ ਲਈ ਹੀ ਬਿਚਾਰਦਾ, ਲੋਕਾਂ ਨੂੰ ਕਰਮ ਕਾਂਡ ਵਿਚ ਪਾਉਂਦਾ ਹੈ, ਤਾਂ ਕੋਈ ਲਾਭ ਨਹੀਂ।ਧਰਮ ਗ੍ਰੰਥਾਂ ਦੀ ਸਿਖਿਆ ਇਕ ਹਰੀ ਨਾਲ ਜੁੜਨ ਦੀ ਹੈ।ਹਰੀ ਨਾਲ ਜੁੜ ਕੇ ਬੰਦਾ ਆਪ ਵੀ ਮੁਕਤ ਹੁੰਦਾ ਹੈ ਅਤੇ ਹੋਰਾਂ ਦਾ ਵੀ ਉਧਾਰ ਕਰਦਾ ਹੈ।੨੦।{ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ। (੯੧੯)

ਸਿਮਰਣੰ ਗੋਬਿੰਦ ਨਾਮੰ, ਉਧਰਣੰ ਕੁਲ ਸਮੂਹਣਹ ॥ ਹੇ ਭਾਈ! ਹਰੀ ਦਾ ਨਾਮ ਜਪਣ ਨਾਲ ਸਾਰੀਆਂ ਕੁਲਾਂ ਦਾ ਉਧਾਰ ਹੋ ਜਾਂਦਾ ਹੈ।

ਲਬਧਿਅੰ ਸਾਧ ਸੰਗੇਣ ਨਾਨਕ, ਵਡਭਾਗੀ ਭੇਟੰਤਿ ਦਰਸਨਹ ॥੨੧॥ ਨਾਨਕ ਗੁਰੂ ਜੀ ਆਖਦੇ ਹਨ ਕਿ ਸੰਤਾਂ ਦੀ ਸੰਗਤ ਕਰਕੇ (ਨਾਮ) ਪ੍ਰਾਪਤ ਹੁੰਦਾ ਹੈ, (ਪਰ) ਵੱਡੇ ਭਾਗਾਂ ਵਾਲੇ ਸਾਧ ਸੰਗਤ ਦਾ ਦਰਸ਼ਨ ਕਰਦੇ ਹਨ; ਵੱਡੇ ਭਾਗਾਂ ਵਾਲੇ (ਸਾਧ ਸੰਗਤ ਰਾਹੀ) ਨਿਰੰਕਾਰ ਦਾ ਦਰਸ਼ਨ ਕਰਦੇ ਹਨ।੨੧।

ਪਦਾਰਥ = ਉਧਰਣੰ–ਉਧਾਰ ਹੋ ਜਾਂਦਾ ਹੈ।ਕੁਲ ਸਮੂਹਣਹ–ਸਾਰੀਆਂ ਕੁਲਾਂ ਦਾ।ਲਬਧਿਅੰ–ਲੱਭਦਾ (ਮਿਲਦਾ) ਹੈ।ਸਾਧ ਸੰਗੇਣ–ਸਾਧ ਸੰਗਤ ਰਾਹੀਂ।ਵਡਭਾਗੀ–ਵੱਡੇ ਭਾਗਾਂ ਵਾਲੇ।ਭੇਟੰਤਿ–ਕਰਦੇ ਹਨ; ਮਿਲਦਾ ਹੈ।੨੧।

ਸਰਬ ਦੋਖ ਪਰੰ ਤਿਆਗੀ, ਸਰਬ ਧਰਮ ਦ੍ਰਿੜੰਤਣਃ ॥ ਜਿਹੜਾ ਮਨੁੱਖ ਸਾਰੇ ਦੋਖਾਂ (ਵਿਕਾਰਾਂ) ਨੂੰ ਚੰਗੀ ਤਰ੍ਹਾਂ ਤਿਆਗਣ ਵਾਲਾ ਬਣ ਜਾਂਦਾ ਹੈ, (ਮਾਨੋ) ਉਸਨੇ ਸਾਰੇ ਧਰਮ ਦ੍ਰਿੜ੍ਹ ਕਰ ਲਏ ਹਨ (ਸਾਰੇ ਧਰਮਾਂ ਦਾ ਸਾਰ ਮਨ ਵਿਚ ਵਸਾ ਲਿਆ)।

ਲਬਧੇਣਿ ਸਾਧ ਸੰਗੇਣਿ, ਨਾਨਕ ਮਸਤਕਿ ਲਿਖ੍ਯਣਃ ॥੨੨॥ ਨਾਨਕ ਗੁਰੂ ਜੀ ਆਖਦੇ ਹਨ, (ਇਹ ਸਭ) ਸੰਤਾਂ ਦੀ ਸੰਗਤ ਵਿਚੋਂ ਮੱਥੇ ਦੇ ਲਿਖੇ (ਚੰਗੇ ਲੇਖ) ਅਨੁਸਾਰ ਲੱਭਦਾ ਹੈ।੨੨।

ਪਦਾਰਥ = (ਃ) ਇਹ ਦੋ ਬਿੰਦੀਆਂ ਹਾਹੇ ਦੀ ਆਵਾਜ ਦੇਂਦੀਆਂ ਹਨ।ਸਰਬ ਦੋਖ–ਸਾਰੇ ਵਿਕਾਰ; ਪਾਪ।ਪਰੰ ਤਿਆਗੀ–ਪਰਮ ਤਿਆਗੀ; ਚੰਗੀ ਤਰ੍ਹਾਂ ਤਿਆਗਣ ਵਾਲਾ।ਦ੍ਰਿੜੰਤਣਃ –(ਮਨ ਵਿਚ) ਪੱਕੀ ਤਰ੍ਹਾਂ ਵਸਾ ਲਏ ਹਨ।ਲਬਧੇਣਿ–ਲੱਭਦਾ (ਮਿਲਦਾ) ਹੈ। ਸਾਧ ਸੰਗੇਣ–ਸਾਧ ਸੰਗਤ ਵਿਚੋਂ।ਮਸਤਕਿ–ਮੱਥੇ ਦੇ।ਲਿਖ੍ਯਣਃ–(ਲਿਖਿਅਣਹ ਉਚਾਰੋ) ਲਿਖੇ ਹੋਏ ਲੇਖ।੨੨।

ਵਿਆਖਿਆ = ਦੁਨੀਆਂ ਦੇ ਸਾਰੇ ਧਰਮ ਵਿਕਾਰਾਂ ਨੂੰ ਤਿਆਗਣ ਦੀ ਸਿਖਿਆ ਦੇਂਦੇ ਹਨ, ਵਿਕਾਰ ਧਰਮੀ ਜੀਵਨ ਨਸ਼ਟ ਕਰ ਦੇਂਦੇ ਹਨ।ਇਸ ਕਰਕੇ ਜਿਸ ਮਨੁੱਖ ਨੇ ਵਿਕਾਰ ਛੱਡ ਦਿਤੇ, ਸਮਝੋ ਉਸ ਨੇ ਸਾਰੇ ਧਰਮ ਅਪਣੇ ਅੰਦਰ ਵਸਾ ਲਏ ਹਨ।ਵਿਕਾਰ ਦੂਰ ਕਰਨ ਤੇ ਸਾਰੇ ਧਰਮਾਂ ਦੀ ਸਿਖਿਆ ਮਿਲ ਜਾਂਦੀ ਹੈ।ਮੱਥੇ ਤੇ ਲਿਖੇ ਭਾਗਾਂ ਅਤੇ ਸਾਧ ਸੰਗਤ ਕਰਕੇ ਧਰਮ ਵਾਲਾ ਜੀਵਨ ਬਣਦਾ ਹੈ।੨੨।

ਹੋਯੋ ਹੈ ਹੋਵੰਤੋ,ਹਰਣ ਭਰਣ ਸੰਪੂਰਣਃ ॥ ਸਾਰੇ ਜੀਵਾਂ ਨੂੰ ਨਾਸ਼ ਕਰਨ ਵਾਲਾ ਅਤੇ ਪਾਲਣ ਵਾਲਾ ਅਕਾਲ ਪੁਰਖ ਪਿੱਛੇ ਭੂਤ ਕਾਲ ਵਿਚ ਸੀ, ਹੁਣ ਵੀ ਹੈ, ਅਤੇ ਅੱਗੇ ਨੂੰ ਵੀ ਹੋਵੇਗਾ (ਤਿੰਨਾਂ ਕਾਲਾਂ ਵਿਚ ਇਕ ਰਸ ਰਹਿਣ ਵਾਲਾ ਹੈ) {ਹਰਨ ਭਰਨ ਜਾਕਾ ਨੇਤ੍ਰ ਫੋਰੁ ੨੮੪}।ਸਾਧੂ ਸਤਮ ਜਾਣੋ, ਨਾਨਕ ਪ੍ਰੀਤਿ ਕਾਰਣੰ ॥੨੩॥ਨਾਨਕ ਗੁਰੂ ਜੀ ਆਖਦੇ ਹਨ, ਸੱਚ (ਨਿਸਚੇ) ਜਾਣੋ ਕਿ (ਵਾਹਿਗੁਰੂ ਦੀ) ਪ੍ਰੀਤ ਦਾ ਕਾਰਣ ਸਾਧੂ ਹੈ (ਇਹ ਗੱਲ ਸੱਚ ਸਮਝੋ ਕਿ ਗੁਰੂ ਸਾਧੂ ਨਾਲ ਪ੍ਰੇਮ ਕਰਨ ਕਰਕੇ ਹੀ ਨਿਰੰਕਾਰ ਦਾ ਪ੍ਰੇਮ ਮਿਲਦਾ ਹੈ)।੨੩।

ਪਦਾਰਥ = ਹੋਯੋ–(ਨਿਰੰਕਾਰ) ਪਿਛਲੇ ਸਮੇਂ ਵਿਚ ਮੌਜੂਦ ਸੀ।ਹੈ–ਜੋ ਹੁਣ ਵੀ ਹੈ।ਹੋਵੰਤੋ–ਜੋ ਭਵਿੱਖ ਵਿਚ ਵੀ ਰਹੇਗਾ।ਹਰਣ–ਖਾਲੀ

(ਨਾਸ਼) ਕਰਨਾ। ਭਰਣ-ਪਾਲਣ ਵਾਲਾ। ਸੰਪੂਰਣਃ-(ਸੰਪੂਰਣਹ ਬੋਲੋ) ਸਾਰਿਆਂ ਨੂੰ; (ਸਾਰੇ ਪੂਰਨ) ਵਿਆਪਕ ਹੈ। ਸਤਮ ਜਾਣੋ-(ਸੱਤਮ ਬੋਲੋ) ਸੱਚ ਜਾਣੋ; ਨਿਸਚੇ ਹੀ ਸਮਝੋ। ਪ੍ਰੀਤਿ ਕਾਰਣੰ-ਪ੍ਰੇਮ ਦਾ ਕਾਰਣ।੨੩।

ਸੁਖੇਣ ਬੈਣ ਰਤਨੰ, ਰਚਨੰ ਕਸੁੰਭ ਰੰਗਣਃ ॥ ਜੋ ਮਨੁੱਖ (ਇਸਤ੍ਰੀ ਪੁਤ੍ਰ ਆਦਿ) ਦੇ ਖੁਸ਼ ਕਰਨ ਵਾਲੇ ਸੁੱਖਦਾਈ (ਜਾਂ ਦੁਨਿਆਵੀ ਸੁਖ ਅਤੇ ਗੰਦੇ ਗੀਤਾਂ ਦੇ) ਬੋਲਾਂ ਅਤੇ ਕਸੁੰਭੇ ਦੇ ਰੰਗ ਵਾਂਗ (ਛਿਨ ਭੰਗਰ ਮਾਇਆ) ਵਿਚ ਰਚੇ ਰਹਿੰਦੇ ਹਨ {ਮੇਰੇ ਮੋਹਨ, ਸ੍ਰਵਨੀ ਇਹ ਨ ਸੁਨਾਏ। ਸਾਕਤ ਗੀਤ ਨਾਦ ਧੁਨਿ ਗਾਵਤ, ਬੋਲਤ ਬੋਲ ਅਜਾਏ ੮੨੦}।

ਰੋਗ ਸੋਗ ਬਿਓਗੰ, ਨਾਨਕ ਸੁਖ ਨ ਸੁਪਨਹ ॥੨੪॥ ਗੁਰੂ ਜੀ ਕਹਿੰਦੇ ਹਨ (ਹੇ ਪੰਡਤੋ ! ਐਸੇ ਪੁਰਖਾਂ ਨੂੰ ਰੱਬ ਤੋਂ) ਵਿਛੋੜਾ ਅਤੇ ਰੋਗ ਸੋਗ ਲੱਗੇ ਰਹਿੰਦੇ ਹਨ ਅਤੇ ਸੁਪਨੇ ਵਿਚ ਵੀ ਸੁੱਖ ਨਹੀ ਮਿਲਦਾ।੨੪।

ਦੂਜਾ ਅਰਥ = ਸੁਖ ਦੇਣ ਵਾਲੇ ਗੁਰਬਾਣੀ ਦੇ ਅਮੋਲਕ ਬਚਨਾਂ (ਦੇ ਹੁੰਦੇ ਹੋਏ ਜਿਹੜੇ ਪੁਰਖ) ਕੁਸੰਭੇ ਦੇ ਰੰਗ ਵਾਂਙ ਨਾਸ਼ਵੰਤ ਮਾਯਾ ਵਿਚ ਰਚੇ ਰਹਿੰਦੇ ਹਨ, ਗੁਰੂ ਜੀ ਕਹਿੰਦੇ ਹਨ ਕਿ ਉਨ੍ਹਾਂ ਨੂੰ ਰੋਗ ਸੋਗ ਦੁਖ ਚਿੰਬੜੇ ਰਹਿੰਦੇ ਹਨ ਤੇ ਸੁਪਨੇ ਵਿਚ ਵੀ ਸੁਖ ਨਹੀ ਮਿਲਦਾ।

ਪਦਾਰਥ = ਸੁਖੇਣ-ਸੁੱਖ ਦੇਣ ਵਾਲੇ। ਬੈਣ-ਬਚਨ; ਬੋਲ। ਰਤਨੰ-ਸੁੰਦਰ; ਖੁਸ਼ ਕਰਨ ਵਾਲੇ (ਗੰਦੇ ਗੀਤਾਂ ਨੂੰ ਕੀਮਤੀ ਜਾਣ ਕੇ)। ਰਚਨੰ-ਰਚਿਆ ਹੈ; ਖਚਿਤ। ਕਸੁੰਭ ਰੰਗਣਃ (ਰੰਗਣਹ ਉਚਾਰੋ)-ਕੁਸੰਭੇ ਦੇ ਭੜਕੀਲੇ ਨਾਸ਼ਵੰਤ ਰੰਗ ਭਾਵ ਮਾਯਾ ਵਿਚ। ਬਿਓਗੰ-ਵਿਛੋੜਾ; ਦੁੱਖ। ਸੁਪਨਹ-ਸੁਫਨੇ ਵਿਚ ਵੀ।੨੪।

॥॥॥॥॥॥॥॥॥॥॥॥॥॥॥॥॥॥॥॥

ਫੁਨਹੇ ਮਹਲਾ ੫ ੴ ਸਤਿਗੁਰ ਪ੍ਰਸਾਦਿ ॥

ਫੁਨਹਾ ਪਦ ਪੁਨਹ ਦਾ ਹੀ ਪ੍ਰਕ੍ਰਿਤ ਰੂਪ ਹੈ, ਇਹ ਇਕ ਛੰਦ ਦਾ ਨਾਮ ਹੈ ਜਿਸ ਵਿਚ ਸੰਬੋਧਕ ਪਦ ਮੁੜ ਮੁੜ ਆਵੇ। ਪਿੰਗਲ ਵਿਚ ਇਸ ਦਾ ਨਾਉਂ ਅੜਿਲ ਹੈ, ਅੰਤਲੀ ਤੁਕ ਦੇ ਸ਼ੁਰੂ ਵਿਚ ਕੋਈ ਵਾਧੂ ਪਦ ਜਿਹਾ ਕਿ ਹਰਿ ਹਾਂ,ਪਰ ਹਾਂ,ਹੋਹੋ ਜੀ,ਲਿਖ ਕੇ ਛੰਦ ਪੂਰਾ ਕੀਤਾ ਜਾਂਦਾ ਹੈ। ਇਸ ਛੰਦ ਵਿਚ ਇਸ ਵਾਧੂ ਪਦ ਨੂੰ ਵਾਰ ਵਾਰ ਦੁਹਰਾਇਆ ਜਾਂਦਾ ਹੈ, ਜਿਹਾ ਕਿ ਫੁਨਹੇ ਬਾਣੀ ਵਿਚ {ਹਰਿ ਹਾਂ} ਪਦ ਹੈ। (ਗੁ:ਪਾ:ਦ:) ਦਾ ਫੁੱਟ ਨੋਟਃ-ਹਰਿ ਹਾਂ ਸਖੀ ਦਾ ਨਾਮ ਹੈ, ਮਉ ਪਿੰਡ ਵਿਖੇ ਗੁਰੂ ਅਰਜਨ ਦੇਵ ਜੀ ਦੇ ਵਿਆਹ ਸਮੇਂ ਹਰਿ ਹਾਂ ਦੇ ਪ੍ਰਥਾਇ ਇਹ ਬਾਣੀ ਉਚਾਰੀ। ਹਰਿ ਹਾਂ ਇਕ ਜਗਿਆਸੂ ਹੈ, ਜਿਸ ਨੂੰ ਸੰਬੋਧਨ ਕਰਕੇ ਗੁਰੂ ਜੀ ਨੇ ਸਿਖਿਆ ਦਿਤੀ ਸੀ। ਸੰ. ਸ. ਨੇ ਹਰਿ ਹਾਂ ਗੁਰੂ ਜੀ ਦੀ ਸਾਲੀ ਲਿਖੀ ਹੈ। ਗੁਰੂ ਅਰਜਨ ਦੇਵ ਜੀ ਦੀ ਬਰਾਤ ਮਉ ਪਿੰਡ ਵਿਚ ਢੁਕਣ ਸਮੇਂ ਕੁੜੀਆਂ ਨੇ ਕੁਝ ਮਖੌਲ ਆਦਿ ਕੀਤਾ। ਅਤੇ ਪਿੰਡ ਵਾਲਿਆਂ ਨੇ ਅਪਣਾ ਇਕ ਰਿਵਾਜ ਦਸ ਕੇ ਗੁਰੂ ਜੀ ਨੂੰ ਇਕ ਕਿੱਲਾ ਪੁੱਟਣ ਨੂੰ ਕਿਹਾ (ਇਹ ਜੰਡ ਦਾ ਬਚਾ ਸੀ ਜੋ ਉਪਰੋਂ ਵੱਢਿਆ ਹੋਇਆ ਹੋਣ ਕਰਕੇ ਕਿੱਲੇ ਦੀ ਸ਼ਕਲ ਦਾ ਸੀ)। ਗੁਰੂ ਜੀ ਨੇ ਘੋੜੇ ਤੇ ਸਵਾਰ ਹੋ ਕੇ ਜੰਡ ਦੇ ਬਚੇ ਨੂੰ ਜੜ੍ਹੋਂ ਪੁੱਟ ਦਿਤਾ। ਲੋਕ ਡਰ ਗਏ ਕਿ ਗੁਰੂ ਜੀ ਕਿਤੇ ਸਰਾਪ ਨਾ ਦੇ ਦੇਣ। ਕਿਉਂਕਿ ਸਾਧੂ ਲੋਕ ਆਮ ਇਹੋ ਜਿਹੀਆਂ ਗੱਲਾਂ ਤੇ ਸਰਾਪ ਦੇ ਦਿਆ ਕਰਦੇ ਸਨ। ਪਰ ਗੁਰੂ ਸਾਹਿਬਾਨ ਨੇ ਕਦੇ ਕਿਸੇ ਨੂੰ ਸਰਾਪ ਨਹੀਂ ਦਿਤਾ। ਉਹ ਤਾਂ ਖੁਸ਼ੀਆਂ ਵੰਡਦੇ ਸਨ, ਸਰਾਪ ਦੇਣਾ ਸਹਿਣਸ਼ੀਲਤਾ ਤੋਂ ਹੀਣ ਅਤੇ ਹੋਛੇ ਸਾਧੂਆਂ ਦਾ ਕੰਮ ਹੈ। ਪਰ ਲੋਕ ਡਰੇ ਹੋਏ ਗੁਰੂ ਜੀ ਤੋਂ ਖਿਮਾ ਮੰਗਣ ਲੱਗੇ। ਮਾਤਾ ਗੰਗਾ ਜੀ ਨੇ ਕੁੜੀਆਂ ਵਿਚੋਂ ਕੋਈ ਮੁਖੀ ਕੁੜੀ (ਮਾਤਾ ਗੰਗਾ ਜੀ ਦੀ ਸਹੇਲੀ ਜਾਂ ਨੇੜੇ ਦੇ ਰਿਸ਼ਤੇ ਦੀ ਭੈਣ) ਹਰਿ ਹਾਂ ਜਾਂ ਹਰੋ ਨਾਮ ਦੀ ਮੁਖੀ ਲੜਕੀ ਨੂੰ ਗੁਰੂ ਜੀ ਤੋਂ ਮਾਫੀ ਮੰਗਣ ਲਈ ਭੇਜਿਆ। ਮੇਰਾ ਖਿਆਲ ਹੈ, ਉਸ ਵਕਤ (ਗੁਰੂ ਜੀ) ਨੇ ਜੋ ਉਪਦੇਸ਼ ਦਿਤਾ ਹੋਵੇਗਾ, ਉਹ ਬਾਅਦ ਵਿਚ ਸੰਗਤਾਂ ਦੀ ਕਲਿਆਣ ਲਈ ਫੁਨਹੇ ਛੰਦ ਦੇ ਸਿਰਲੇਖ ਹੇਠ ਉਚਾਰਿਆ ਹੋਵੇਗਾ। ਹਰਿ ਹਾਂ ਮਨੁੱਖੀ ਜਿੰਦ ਵੀ ਹੋ ਸਕਦੀ ਹੈ ਜਿਸ ਨੂੰ ਸੰਬੋਧਨ ਕਰਕੇ ਗੁਰੂ ਜੀ ਨੇ ਇਹ ਛੰਦ ਉਚਾਰੇ ਹੋਣ।

ਹਾਥਿ ਕਲੰਮ ਅਗੰਮ, ਮਸਤਕਿ ਲੇਖਾਵਤੀ ॥ ਹੇ ਅਪਹੁੰਚ ਹਰੀ ! ਤੇਰੇ ਹੱਥ ਵਿਚ ਹੁਕਮ ਰੂਪ ਕਲਮ ਹੈ; ਹੱਥ ਵਿਚ ਅਗੰਮੀ ਕਲਮ ਹੈ (ਜੋ ਸਭ ਜੀਵਾਂ ਦੇ) ਮੱਥੇ ਤੇ ਲੇਖ ਲਿਖਦੀ ਹੈ।

ਉਰਝਿ ਰਹਿਓ ਸਭ ਸੰਗਿ, ਅਨੂਪ ਰੂਪਾਵਤੀ ॥ ਹੇ ਅਨੂਪ ਰੂਪ ਵਾਲੇ (ਪ੍ਰਮਾਤਮਾ !) ਤੂੰ ਸਭ ਦੇ ਨਾਲ ਮਿਲ ਰਿਹਾ ਹੈਂ (ਸਭ ਦੇ ਅੰਦਰ ਵਸਦਾ ਹੈ)।

ਉਸਤਤਿ ਕਹਨੁ ਨ ਜਾਇ, ਮੁਖਹੁ ਤੁਹਾਰੀਆ ॥ (ਕਿਸੇ ਵੀ ਜੀਵ ਦੇ) ਮੂੰਹੋਂ ਤੇਰੀ (ਪੂਰੀ) ਉਸਤਤੀ ਨਹੀ ਬਿਆਨ ਕੀਤੀ ਜਾ ਸਕਦੀ।

ਮੋਹੀ ਦੇਖਿ ਦਰਸੁ ,ਨਾਨਕ ਬਲਿਹਾਰੀਆ ॥੧॥(ਹੇ ਪ੍ਰਭੂ !) ਤੇਰਾ ਦਰਸ਼ਨ ਦੇਖ ਕੇ ਮੇਰੀ ਜਿੰਦ ਮੋਹੀ ਗਈ ਹੈ, ਨਾਨਕ ਤੈਥੋਂ ਸਦਕੇ ਜਾਂਦਾ ਹੈ।੧।

ਪਦਾਰਥ = ਹਾਥਿ-ਹੱਥ ਵਿਚ। ਕਲੰਮ-ਹੁਕਮ ਰੂਪ ਕਲਮ। ਅਗੰਮ-ਹੇ ਅਪਹੁੰਚ ਪ੍ਰਭੂ !। ਮਸਤਕਿ-ਮੱਥੇ ਉਤੇ। ਲੇਖਾਵਤੀ-ਲਿਖਦੀ ਹੈ। ਉਰਝਿ ਰਹਿਓ-ਮਿਲ ਰਿਹਾ ਹੈ। ਅਨੂਪ ਰੂਪਾਵਤੀ-ਉਪਮਾ ਤੋਂ ਰਹਿਤ ਰੂਪ ਵਾਲਾ (ਬਹੁਤ ਸੁੰਦਰ)। ਮੁਖਹੁ-ਮੂੰਹੋਂ। ਤੁਹਾਰੀਆ-ਤੇਰੀ। ਮੋਹੀ-ਮੋਹੀ ਗਈ ਹਾਂ। ਬਲਿਹਾਰੀਆ-ਬਲਿਹਾਰ ਜਾਂਦਾ ਹੈ।੧।

ਵਿਆਖਿਆ = ਇਸ ਪਹਿਲੇ ਛੰਦ ਵਿਚ ਪ੍ਰਭੂ ਦਾ ਮੰਗਲ ਕੀਤਾ ਹੈ। ਅਕਾਲ ਪੁਰਖ ਦੈਵੀ ਕਲਮ ਰਾਹੀਂ ਸਾਰੇ ਜੀਵਾਂ ਦੇ ਮੱਥੇ ਤੇ ਲੇਖ ਲਿਖਦਾ ਹੈ। ਲਿਖਣ ਦੀ ਅਵਸਥਾ ਅਗੰਮ ਹੈ, ਕਿਸੇ ਦੀ ਉਥੇ ਪਹੁੰਚ ਨਹੀ। ਸੁੰਦਰ ਸਰੂਪ ਦਾ ਦਰਸ਼ਨ ਕਰਕੇ ਐਸੀ ਮੋਹੀ ਗਈ ਹਾਂ ਕਿ ਮਹਿਮਾਂ ਬਿਆਨ ਕਰਨੀ ਕਠਨ ਹੈ।੧।

ਸੰਤ ਸਭਾ ਮਹਿ ਬੈਸਿ, ਕਿ ਕੀਰਤਿ ਮੈ ਕਹਾਂ ॥ (ਮੇਰਾ ਦਿਲ ਕਰਦਾ ਹੈ ਕਿ) ਸੰਤਾਂ ਦੀ ਸਭਾ ਵਿਚ ਬੈਠ ਕੇ ਨਿਰੰਕਾਰ ਦੀ ਕੀਰਤੀ ਉਚਾਰਾਂ (ਗੁਣ ਗਾਵਾਂ ਭਾਵ ਕੀਰਤਨ ਕਰਾਂ)।

ਅਰਪੀ ਸਭੁ ਸੀਗਾਰੁ ,ਏਹੁ ਜੀਉ ਸਭੁ ਦਿਵਾ ॥ ਦੁਨੀਆਵੀ ਹਾਰ ਸ਼ਿੰਗਾਰ ਵਾਲੀ ਵਾਸ਼ਨਾ (ਪਿਆਰੇ ਹਰੀ ਅੱਗੇ) ਅਰਪਣ ਕਰ ਦਿਆਂ (ਹਾਰ ਸ਼ਿੰਗਾਰ ਲਈ ਜੋ ਸਮਾਂ ਬਰਬਾਦ ਹੁੰਦਾ ਹੈ, ਉਹ ਸਮਾਂ ਸੇਵਾ ਸਿਮਰਨ ਵਿਚ ਬਤੀਤ ਕਰਾਂ, ਲੋਕਾਂ ਵਿਚ ਅਪਣੇ ਆਪ ਨੂੰ ਸੋਹਣਾ ਦਿਸਣ ਲਈ ਜੋ ਹਾਰ ਸ਼ਿੰਗਾਰ ਕੀਤਾ ਜਾਂਦਾ ਹੈ, ਇਹ ਭਾਵਨਾ ਤਿਆਗ ਦੇਵਾਂ) ਨਾਲ ਹੀ ਜਿੰਦ ਵੀ ਦੇ ਦਿਆਂ (ਸੇਵਾ ਵਿਚ ਆਪਾ ਸਮਰਪਣ ਕਰ ਦਿਆਂ) {ਮੇਰਾ ਖਿਆਲ}।

ਆਸ ਪਿਆਸੀ ਸੇਜ, ਸੁ ਕੰਤਿ ਵਿਛਾਈਐ ॥ (ਫਿਰ ਉਸਦੇ ਮਿਲਾਪ ਦੀ) ਆਸ ਵਿਚ ਪਿਆਸੀ ਹੋ ਕੇ ਕੰਤ ਲਈ (ਹਿਰਦੇ ਵਿਚ ਸ਼ਰਧਾ ਰੂਪ) ਸੇਜ ਵਿਛਾਉਣੀ ਚਾਹੀਦੀ ਹੈ।

ਹਰਿ ਹਾਂ ਮਸਤਕਿ ਹੋਵੈ ਭਾਗੁ ,ਤ ਸਾਜਨੁ ਪਾਈਐ ॥੨॥ (ਪਰ) ਹੇ ਸਖੀ! ਜੇ ਮੱਥੇ ਤੇ ਮਿਲਾਪ ਦੇ ਚੰਗੇ ਭਾਗ ਹੋਣ ਤਾਂ ਹਰੀ ਸੱਜਣ ਪ੍ਰਾਪਤ ਹੁੰਦਾ ਹੈ।੨।

ਪਦਾਰਥ = ਬੈਸਿ ਕਿ–ਬੈਠ ਕੇ (ਸ਼ਬਦਾਰਥ); ਬੈਠ ਕੇ ਕਿਹੜਾ ਜਸ ਕਰਾਂ ਭਾਵ ਆਪ ਜੀ ਦੀ ਸੰਪੂਰਨ ਸਿਫਤ ਨਹੀ ਹੋ ਸਕਦੀ (ਸੰ.ਸ.);ਸੰਤ ਸਭਾ ਵਿਚ ਬੈਠ ਕੇ ਮੈਂ ਕੀ ਕਰਾਂ, (ਸਿਰਫ ਤੇਰੀ) ਕੀਰਤੀ ਉਚਾਰਾਂ (ਮੇਰਾ ਖਿਆਲ); ਕਿ–ਕਿਹੜਾ; ਕੀ। ਕਹਾਂ–ਉਚਾਰਾਂ (ਗਾਵਾਂ)। ਅਰਪੀ–ਭੇਟਾ ਕਰ ਦਿਆਂ। ਜੀਉ–ਜਿੰਦ। ਦਿਵਾ–ਦੇ ਦਿਆਂ। ਸੇਜ–ਹਿਰਦਾ ਰੂਪ ਸੇਜ। ਹਰਿ ਹਾਂ (ਛੰਦ ਦੀ ਟੇਕ ਹੈ, ਬਾਰ ਬਾਰ ਆਉਣ ਵਾਲੀ, ਅਰਥ ਹੈ = ਹੇ ਭਾਈ; ਹੇ ਪਿਆਰੇ; ਹੇ ਮਿਤ੍ਰ; ਹੇ ਸਖੀ ਆਦਿ)। ਮਸਤਕਿ–ਮੱਥੇ ਤੇ। ਤ–ਤਾਂ।੨।

ਵਿਆਖਿਆ = ਸੰਤਾਂ ਦੀ ਸਭਾ ਵਿਚ ਤ੍ਰਿਸ਼ਨਾਲੂ ਲੋਕ ਮਾਯਾ ਲਈ, ਕੋਈ ਸ਼ੋਹਰਤ ਲਈ, ਕੋਈ ਹੋਰ ਮਨੋ ਕਾਮਨਾ ਲਈ ਜਾਂਦੇ ਹਨ। ਕਈ ਭੇਖੀ ਕੇਵਲ ਦਿਖਾਵੇ ਲਈ ਹੀ ਜਸ ਕਰਦੇ ਹਨ। ਪਰ ਜਿਸ ਨੂੰ ਹਰੀ ਮਿਲਾਪ ਦੀ ਪਿਆਸ ਹੈ, ਉਹ ਮਨ ਕਰਕੇ ਹਰੀ ਜਸ ਕਰਦਾ ਹੈ। ਆਪਾ ਭੇਟ ਕਰਨ ਦੇ ਨਾਲ ਨਾਲ ਹਾਰ ਸ਼ਿੰਗਾਰ ਵੀ ਅਰਪਦਾ ਹੈ। ਮਿਲਾਪ ਲਈ ਹਿਰਦੇ ਵਿਚ ਸੇਜ ਵਿਛਾਉਂਦਾ ਹੈ ਭਾਵ ਮਨ ਨੂੰ ਨਿਰਮਲ ਕਰਦਾ ਹੈ। ਫਿਰ ਮੱਥੇ ਦੇ ਭਾਗ ਜਾਗ ਪੈਣ ਤਾਂ ਮੇਲ ਹੁੰਦਾ ਹੈ।੨।

ਸਖੀ ਕਾਜਲ ਹਾਰ ਤੰਬੋਲ, ਸਭੈ ਕਿਛੁ ਸਾਜਿਆ ॥ ਹੇ ਸਖੀ! (ਅੱਖਾਂ ਚ) ਕੱਜਲ, ਗਲ ਵਿਚ ਹਾਰ, ਮੂੰਹ ਵਿਚ ਪਾਨਾਂ ਦਾ ਬੀੜਾ ਆਦਿ ਸਾਰਾ (ਸ਼ਿੰਗਾਰ) ਬਣਾਇਆ ਹੈ।

ਸੋਲਹ ਕੀਏ ਸੀਗਾਰ, ਕਿ ਅੰਜਨੁ ਪਾਜਿਆ ॥ (ਸਰੀਰ ਉਤੇ) ਸੋਲ੍ਹਾਂ ਸ਼ਿੰਗਾਰ ਵੀ ਕੀਤੇ, (ਇਸ ਤੋਂ ਬਿਨਾ) ਕਿ ਅੱਖਾਂ ਵਿਚ ਸੁਰਮਾ ਵੀ ਪਾਇਆ ਹੈ।

ਜੇ ਘਰਿ ਆਵੈ ਕੰਤੁ ,ਤ ਸਭ ਕਿਛੁ ਪਾਈਐ ॥ ਜੇ ਘਰ ਵਿਚ ਪਤੀ ਆ ਜਾਵੇ ਤਾਂ ਸਮਝੋਸਭ ਕੁਛ ਪਾ ਲਿਆ (ਸਭ ਸਿੰਗਾਰ ਕੀਤਾ ਸਫਲ ਹੈ)।

ਹਰਿ ਹਾਂ ਕੰਤੈ ਬਾਝੁ ਸੀਗਾਰੁ ,ਸਭੁ ਬਿਰਥਾ ਜਾਈਐ ॥੩॥ (ਪਰ) ਹੇ ਸਖੀ! ਪਤੀ (ਮਿਲਾਪ) ਤੋਂ ਬਿਨਾ ਸਾਰਾ ਸਿੰਗਾਰ ਵਿਅਰਥ ਜਾਂਦਾ ਹੈ।੩। ਉਠੀ ਝਾਲੂ ਕੰਤੜੇ, ਹਉ ਪਸੀ ਤਉ ਦੀਦਾਰੁ। ਕਾਜਲੁ ਹਾਰ ਤਮੋਲ ਰਸੁ ,ਬਿਨੁ ਪਸੇ ਹਭਿ ਰਸ ਛਾਰੁ।(੧੦੯੪)

ਅੰਤਰੀਵ ਭਾਵ = ਕਾਜਲ–ਸਮਾਧੀ ਰੂਪ ਕੱਜਲ। ਹਾਰ–ਜੀਭ ਤੋਂ ਲੈ ਕੇ ਦਿਲ ਤਕ ਹਰੀ ਸਿਮਰਨ ਰੂਪ ਹਾਰ। ਤੰਬੋਲ–ਮਿੱਠੇ ਬਚਨ ਬੋਲਣੇ ਵ ਦੁਨੀਆਵੀ ਲੋਕਾਂ ਨਾਲ ਮਿੱਠਾ ਵਰਤਾਓ। ਸੋਲ੍ਹਾਂ ਸ਼ਿੰਗਾਰ–ਇਸਤ੍ਰੀਆਂ ਦੀ ਸੁੰਦ੍ਰਤਾ ਵਿਚ ਵਾਧਾ ਕਰਨ ਵਾਲਾ ਸ਼ਿੰਗਾਰ (੧੬ ਸ਼ਿੰਗਾਰਾਂ ਤੋਂ ਭਾਵ ਸਭ ਤਰ੍ਹਾਂ ਦਾ ਸ਼ਿੰਗਾਰ), ਮਨ ਦੇ ਸ਼ੁੱਭ ਗੁਣਾਂ ਦਾ ਸਿੰਗਾਰ, ਜਿਸ ਨਾਲ ਹਰੀ ਦੀ ਖੁਸ਼ੀ ਮਿਲਦੀ ਹੈ। ਅੰਜਨ–ਗਿਆਨ ਦਾ ਸੁਰਮਾ। ਘਰ–ਹਿਰਦੇ ਘਰ ਵਿਚ। ਕੰਤੁ–ਪਤੀ ਪ੍ਰਭੂ। ਸੀਗਾਰੁ–ਸਾਧਨਾ ਜਾਂ ਭੇਖ ਰੂਪ ਕੀਤਾ ਸ਼ਿੰਗਾਰ।

ਪਦਾਰਥ = ਸਖੀ–ਹੇ ਸਖੀ!। ਕਾਜਲ–ਮਿੱਟੀ ਦੇ ਦੀਵੇ ਦੀ ਲਾਟ ਉਤੇ ਕੱਚੀ ਮਿੱਟੀ ਦਾ ਚੱਪਣ ਰੱਖ ਕੇ, ਲਾਟ ਦੀ ਲੱਗੀ ਸ਼ਾਹੀ ਨੂੰ ਅੱਖਾਂ ਵਿਚ ਪਾਉਣ ਲਈ ਕੱਜਲ ਵਰਤਦੇ ਹਨ। ਤੰਬੋਲ–ਪਾਨ। ਸਾਜਿਆ–ਬਣਾਇਆ; ਤਿਆਰ ਕੀਤਾ। ਅੰਜਨ–ਸੁਰਮਾਂ। ਪਾਜਿਆ–ਪਾਇਆ। ਕੰਤੁ–ਪਤੀ। ਤ–ਤਾਂ; ਤਦ। ਬਾਝੁ–ਬਿਨਾ।੩।

ਸਾਰ = ਯੋਗ ਦੀ ਹਠ ਸਾਧਨਾ, ਬਰਤ, ਜੈਨ ਮਾਰਗ ਦੇ ਕਠਨ ਸੰਜਮ, ਹਵਨ, ਜੱਗ, ਆਰੇ ਨਾਲ ਚੀਰ ਲੈਣਾ, ਬਰਫਾਂ ਵਿਚ ਤਨ ਗਾਲਣਾ ਆਦਿ ਸਾਰੇ ਸਾਧਨ ਨਿਸਫਲ ਹਨ ਜੇ ਹਰੀ ਹਿਰਦੇ ਵਿਚ ਨਾ ਆਵੇ।੩।

ਅੰਗ ੧੩੬੨ = ਜਿਸੁ ਘਰਿ ਵਸਿਆ ਕੰਤੁ ,ਸਾ ਵਡਭਾਗਣੇ ॥ ਜਿਸ (ਜੀਵ ਇਸਤ੍ਰੀ) ਦੇ ਹਿਰਦੇ ਘਰ ਵਿਚ ਪਤੀ ਪ੍ਰਭੂ ਆ ਵਸਿਆ

ਹੈ, ਉਹ (ਜੀਵ ਇਸਤ੍ਰੀ) ਵੱਡੇ ਭਾਗਾਂ ਵਾਲੀ ਹੈ।
ਤਿਸੁ ਬਨਿਆ ਹਭੁ ਸੀਗਾਰੁ ,ਸਾਈ ਸੋਹਾਗਣੇ ॥ ਉਸ (ਇਸਤ੍ਰੀ) ਦਾ ਕੀਤਾ ਸਾਰਾ ਸ਼ਿੰਗਾਰ ਫਬਿਆ ਹੈ,ਉਹ ਹੀ(ਅਸਲ)ਸੁਹਾਗਣ ਹੈ। ਹਉ ਸੁਤੀ ਹੋਇ ਅਚਿੰਤ, ਮਨਿ ਆਸ ਪੁਰਾਈਆ ॥ (ਐਸੀ ਸੁਹਾਗਣਾਂ ਨੂੰ ਮਿਲ ਕੇ) ਮੇਰੇ ਮਨ ਦੀ (ਹਰੀ ਮਿਲਾਪ ਵਾਲੀ) ਆਸ ਪੂਰੀ ਹੋ ਗਈ ਹੈ, ਹੁਣ ਮੈਂ ਸੁੱਖ ਦੀ ਨੀਂਦ ਵਿਚ (ਬੇ ਫਿਕਰ ਹੋ ਕੇ) ਸੁੱਤੀ ਹਾਂ (ਚਿੰਤਾ ਵਿਚ ਨੀਂਦ ਨਹੀਂ ਆਇਆ ਕਰਦੀ, ਜਦੋਂ ਆਸ ਪੂਰੀ ਹੋ ਜਾਵੇ ਤਾਂ ਚਿੰਤਾ ਨਹੀ ਰਹਿੰਦੀ।
ਦੂਜਾ ਅਰਥ =(ਐਸੀ ਸੁਹਾਗ ਭਾਗ ਵਾਲੀ ਇਸਤ੍ਰੀ ਕਹਿੰਦੀ ਹੈ, ਹੁਣ) ਮੈਂ ਬੇ ਫਿਕਰ ਹੋ ਕੇ ਸੌਂਦੀ ਹਾਂ (ਆਤਮ ਅਨੰਦ ਵਿਚ ਲੀਨ ਹਾਂ, ਕਿਉਕਿ) ਹਰੀ ਮਿਲਾਪ ਦੀ ਮੇਰੀ ਆਸ ਪੂਰੀ ਹੋ ਗਈ ਹੈ।
ਹਰਿ ਹਾਂ ਜਾ ਘਰਿ ਆਇਆ ਕੰਤੁ ,ਤ ਸਭੁ ਕਿਛੁ ਪਾਈਆ ॥੪॥ ਹੇ ਸਖੀ! ਜਦ ਪਤੀ ਪ੍ਰਭੂ ਹਿਰਦੇ ਘਰ ਵਿਚ ਆ ਗਿਆ ਤਾਂ ਸਮਝੋ ਸਭ ਕੁਛ ਪਾ ਲਿਆ ਹੈ (ਹਰੀ ਕੰਤ ਦੇ ਬਰਾਬਰ ਦੁਨੀਆਂ ਦੀ ਕੋਈ ਚੀਜ ਨਹੀਂ)।੪।
ਪਦਾਰਥ = ਘਰਿ–ਹਿਰਦੇ ਰੂਪ ਘਰ ਵਿਚ।ਕੰਤੁ–ਪਤੀ।ਸਾ–ਉਹ।ਬਨਿਆ–ਸਜਿਆ; ਫਬਿਆ।ਹਭ–ਸਾਰਾ।ਸਾਈ–ਉਹ।ਹਉ–ਮੈਂ।ਅਚਿੰਤ–ਬੇਫਿਕਰ ਹੋ ਕੇ।ਮਨਿ ਆਸ–ਮਨ ਦੀ ਆਸ।ਪੁਰਾਈਆ–ਪੂਰੀ ਹੋ ਗਈ।ਜਾ–ਜਦੋਂ।੪।
ਸਾਰ = ਜਿਸ ਮਨੁੱਖ ਨੇ ਹਰੀ ਪਾ ਲਿਆ, ਉਸਦੇ ਸਾਰੇ ਸਾਧਨ ਸਫਲ ਹਨ। ਸਤੁ ਸੰਤੋਖੁ ਦਇਆ ਧਰਮੁ ਸੀਗਾਰ।ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ। (੮੧੨)
ਆਸਾ ਇਤੀ ਆਸ, ਕਿ ਆਸ ਪੁਰਾਈਐ ॥ ਹੇ ਹਰੀ! (ਆਪ ਜੀ ਨੂੰ ਮਿਲਣ ਦੀ) ਇਤਨੀ ਆਸ (ਲੱਗੀ ਹੋਈ) ਹੈ (ਮੈਂ ਬਿਆਨ ਨਹੀ ਕਰ ਸਕਦੀ, ਬੇਨਤੀ ਹੈ) ਕਿ ਮੇਰੇ ਮਨ ਦੀ ਆਸ ਪੂਰੀ ਕਰ ਦਿਓ ਜੀ (ਮਾਝੇ ਦੀ ਬੋਲੀ ਵਿਚ ਕਿ ਲਫਜ ਆਮ ਬੋਲੀਦਾ ਹੈ)।
ਸਤਿਗੁਰ ਭਏ ਦਇਆਲ, ਤ ਪੂਰਾ ਪਾਈਐ ॥ (ਪਰ ਜੇ) ਸੱਤਗੁਰੂ ਦਿਆਲ ਹੋ ਜਾਣ ਤਾਂ (ਗੁਰ ਦੀ ਮਦਦ ਨਾਲ ਗੁਣਾਂ ਕਰਕੇ) ਪੂਰਾ ਪ੍ਰਭੂ ਪਾਈਦਾ ਹੈ।
ਮੈ ਤਨਿ ਅਵਗਣ ਬਹੁਤੁ ,ਕਿ ਅਵਗਣ ਛਾਇਆ ॥ (ਮਿਲਾਪ ਨਾ ਹੋਣ ਦਾ ਕਾਰਣ) ਮੇਰੇ ਤਨ ਵਿਚ ਅਉਗੁਣ ਬਹੁਤ ਹਨ, ਅਉਗੁਣਾਂਮੇਰਾ ਸਰੀਰ ਢਕਿਆਪਿਆ ਹੈ; ਪਾਪਾਂ ਨਾਲ ਭਰਿਆ ਹੋਇਆ ਹੈ।
ਹਰਿ ਹਾਂ ਸਤਿਗੁਰ ਭਏ ਦਇਆਲ, ਤ ਮਨੁ ਠਹਰਾਇਆ ॥੫॥ (ਬੇਨਤੀਆਂ ਕਰਨ ਤੇ) ਜਦ ਸਤਗੁਰੂ ਜੀ ਦਿਆਲ ਹੋਏ ਤਾ (ਮਨ ਔਗਣਾਂ ਤੋਂ ਰਹਿਤ ਹੋ ਕੇ) ਟਿਕ (ਅਡੋਲ ਹੋ) ਗਿਆ।੫।
ਪਦਾਰਥ = ਇਤੀ–ਇਤਨੀ; ਬਹੁਤ।ਪੁਰਾਈਐ–ਪੂਰੀ ਕਰੋ।ਭਏ–ਹੋਏ।ਮੈ ਤਨਿ–ਮੇਰੇ ਤਨ ਵਿਚ।ਛਾਇਆ–ਢਕਿਆ ਹੋਇਆ; ਮਲੀਨ ;ਭਰਿਆ ਪਿਆ।ਠਹਰਾਇਆ–ਟਿਕ (ਅਡੋਲ ਹੋ) ਗਿਆ।੫।
ਵਿਆਖਿਆ = ਮਨ ਵਿਚ ਹਰੀ ਨੂੰ ਮਿਲਣ ਦੀ ਆਸ ਬਹੁਤ ਹੈ, ਪਰ ਮਨ ਤਾਂ ਦੋਸ਼ਾਂ ਨਾਲ ਭਰਿਆ ਪਿਆ ਹੈ।ਹਰੀ ਕਿਵੇਂ ਮਿਲੇ?ਜੇ ਮਨੁੱਖ ਗੁਰੂ ਜੀ ਦੀ ਸ਼ਰਣ ਵਿਚ ਜਾਵੇ, ਨਾਮ ਬਾਣੀ ਦੀ ਸਿਖਿਆ ਲੈ ਕੇ ਅਭਿਆਸ ਕਰੇ ਤਾਂ ਗੁਰੂ ਜੀ ਦਇਆ ਕਰਦੇ ਹਨ ਅਤੇ ਹਰੀ ਦੀ ਪ੍ਰਾਪਤੀ ਕਰਾ ਦੇਂਦੇ ਹਨ।੫।
ਕਹੁ ਨਾਨਕ ਬੇਅੰਤੁ ,ਬੇਅੰਤੁ ਧਿਆਇਆ ॥ ਨਾਨਕ ਗੁਰੂ ਜੀ ਆਖਦੇ ਹਨ, ਜਿਸ ਮਨੁੱਖ ਨੇ ਬਿਅੰਤ ਹਰੀ ਨੂੰ ਬਿਅੰਤ ਵਾਰ ਧਿਆਇਆ ਹੈ।ਹਰੀ ਨੂੰ ਬਿਅੰਤ ਬਿਅੰਤ ਕਹਿ ਕੇ ਧਿਆਇਆ।
ਦੁਤਰੁ ਇਹੁ ਸੰਸਾਰੁ ,ਸਤਿਗੁਰੂ ਤਰਾਇਆ ॥ ਉਸ ਨੂੰ ਕਠਨ ਤਰੇ ਜਾਣ ਵਾਲੇ ਸੰਸਾਰ ਸਾਗਰ ਤੋਂ ਸਤਗੁਰੂ ਨੇ ਤਰਾਦਿਤਾ ਹੈ।
ਮਿਟਿਆ ਆਵਾਗਉਣੁ ,ਜਾਂ ਪੂਰਾ ਪਾਇਆ ॥ (ਗੁਰੂ ਰਾਹੀਂ) ਜਦ ਪੂਰਨ ਹਰੀ ਪ੍ਰਾਪਤ ਹੋਇਆ ਤਾਂ ਉਸਦਾ ਆਵਾਗੌਂਣ ਦਾ ਗੇੜ ਮਿਟ ਗਿਆ।
ਹਰਿ ਹਾਂ ਅੰਮ੍ਰਿਤੁ ਹਰਿ ਕਾ ਨਾਮੁ ,ਸਤਿਗੁਰ ਤੇ ਪਾਇਆ ॥੬॥ ਹੇ ਸਖੀ! ਉਸ ਨੇ ਹਰੀ ਦਾ ਅੰਮ੍ਰਿਤ ਨਾਮ ਸੱਤਗੁਰੂ ਤੋਂ ਪ੍ਰਾਪਤ ਕੀਤਾ ਹੈ (ਜਿਸ ਕਰਕੇ ਆਵਾਗੌਂਣ ਮਿਟਿਆ ਹੈ)।੬।
ਪਦਾਰਥ = ਦੁਤਰ–ਔਖਾ ਤਰਿਆ ਜਾਣ ਵਾਲਾ (ਸਮੁੰਦਰ)।ਆਵਾਗਉਣੁ–ਜੰਮਣ ਮਰਨ ਦਾ ਗੇੜ।ਆਵਾਗਉਣੁ–ਜਨਮ ਮਮਰਨ ਦਾ ਗੇੜ।ਪੂਰਾ–ਪੂਰਨ ਪ੍ਰਭੂ।ਜਾਂ–ਜਦੋਂ।ਤੇ–ਤੋਂ।੬।
ਮੇਰੈ ਹਾਥਿ ਪਦਮੁ ,ਆਗਨਿ ਸੁਖ ਬਾਸਨਾ ॥ (ਜਿਵੇਂ ਪੈਰ ਵਿਚ ਪਦਮ ਦਾ ਚਿੰਨ੍ਹ ਸ਼ੁੱਭ ਮੰਨੀਦਾ ਹੈ, ਇਸੇ ਤਰ੍ਹਾਂ ਦਾ) ਪਦਮ ਦਾ ਚਿੰਨ੍ਹ ਮੇਰੇ ਹੱਥ ਵਿਚ ਹੈ, ਜਿਸ ਕਰਕੇ ਮੇਰੇ ਹਿਰਦੇ ਰੂਪ ਵੇਹੜੇ ਵਿਚ ਸੁੱਖਾਂ ਦਾ ਵਾਸਾ ਹੈ (ਸ਼ਬਦਾਰਥ; ਭਾ:ਵੀਰ ਸਿੰਘ)।
ਦੂਜਾ ਅਰਥ = ਮੇਰੇ ਮਨ ਰੂਪ ਹੱਥ ਵਿਚ ਪ੍ਰੇਮ ਰੂਪ ਕੰਵਲ ਹੈ, ਜਿਸ ਕਰਕੇ ਹਿਰਦੇ ਰੂਪ ਵੇਹੜੇ ਵਿਚ ਸੁੱਖਾਂ ਦੀ ਮਹਿਕ ਖਿਲਰੀ ਰਹਿੰਦੀ ਹੈ (ਸੰ.ਸ.; ਫ.ਸ. ਨੇ ਇਸੇ ਤਰ੍ਹਾਂ ਦੇ ਅਰਥ ਕੀਤੇ ਹਨ)।ਬਾਰਿਜੁ ਕਰਿ ਦਾਹਿਣੈ, ਸਿਧਿ ਸਨਮੁਖ ਮੁਖੁ ਜੋਵੈ ॥ (੧੩੯੪)

ਤੀਜਾ ਅਰਥ = ਮੇਰੇ ਹੱਥ ਵਿਚ ਨਿਰੰਕਾਰ ਰੂਪ ਪਦਮ ਆ (ਪ੍ਰਾਪਤ ਹੋ) ਗਿਆ ਹੈ (ਹੱਥਾਂ ਵਿਚ ਬਰਕਤ ਆ ਗਈ ਹੈ, ਵਾਹਿਗੁਰੂ ਦੇ ਨਾਮ ਸਿਮਰਨ ਦੇ ਕਾਰਣ), ਹੁਣ ਮੇਰੇ ਹਿਰਦੇ ਰੂਪ ਵੇਹੜੇ ਵਿਚ ਸੁਖਾਂ ਦਾ ਵਾਸਾ ਹੋ ਗਿਆ ਹੈ (ਮੇਰਾ ਖਿਆਲ)।

ਸਖੀ ਮੋਰੈ ਕੰਠਿ ਰਤੰਨੁ ,ਪੇਖਿ ਦੁਖੁ ਨਾਸਨਾ ॥ ਹੇ ਸਖੀ! ਮੇਰੇ ਗਲ ਵਿਚ ਨਾਮ ਰਤਨ (ਜਿਵੇਂ ਤਵੀਤ ਹੁੰਦਾ) ਹੈ, ਜਿਸ ਨੂੰ ਦੇਖ ਕੇ ਦੁੱਖ ਨੱਠ (ਨਾਸ਼ ਹੋ) ਜਾਂਦਾ ਹੈ।

ਬਾਸਉ ਸੰਗਿ ਗੁਪਾਲ, ਸਗਲ ਸੁਖ ਰਾਸਿ ਹਰਿ ॥ ਹੁਣ ਤਾਂ (ਮੈਂ) ਹਰੀ ਗੁਪਾਲ ਦੇ ਨਾਲ ਹੀ ਵਸਦਾ ਹਾਂ, ਜੋ ਸਾਰੇ ਸੁਖਾਂ ਦੀ ਖਾਣ ਹੈ।

ਹਰਿ ਹਾਂ ਰਿਧਿ ਸਿਧਿ ਨਵ ਨਿਧਿ, ਬਸਹਿ ਜਿਸ ਸਦਾ ਕਰਿ ॥੭॥ ਹੇ ਸਖੀ! ਜਿਸ ਹਰੀ ਦੇ ਹੱਥ ਵਿਚ ਰਿਧੀਆਂ ਸਿਧੀਆਂ ਤੇ ਨੌਂ ਨਿਧੀਆਂ ਸਦਾ ਬਸਦੀਆਂ ਹਨ (ਹਰੀ ਇਹ ਸ਼ਕਤੀਆਂ ਭਗਤਾਂ ਨੂੰ ਦੇਂਦਾ ਹੈ)।੭।

ਪਦਾਰਥ = ਹਾਥਿ-ਹੱਥ ਵਿਚ। ਪਦਮ-ਕਮਲ ਫੁੱਲ; ਹੱਥ ਜਾਂ ਪੈਰ ਵਿਚ ਪਦਮ ਰੇਖਾ, ਤੇਜਸਵੀ, ਪ੍ਰਤਾਪੀ ਬਹੁਤ ਭਾਗਾਂ ਵਾਲਾ ਹੋਣ ਦਾ ਚਿੰਨ੍ਹ ਹੈ, ਜਿਸ ਨਾਲ ਲੋਕਾਂ ਨੂੰ ਲਾਭ ਪੁਜਦਾ ਹੈ (ਪਰਉਪਕਾਰੀ ਸ਼ਕਤੀ)। ਆਗਨਿ-(ਆਂਗਨਿ ਬੋਲੋ) ਵੇਹੜਾ। ਸੁਖ ਬਾਸਨਾ-ਸੁਖਾਂ ਦਾ ਵਾਸਾ; ਆਤਮ ਅਨੰਦ ਦੀ ਸੁਗੰਧੀ। ਕੰਠਿ-ਗਲ ਵਿਚ। ਰਤੰਨ-ਅਮੋਲਕ ਨਾਮ। ਪੇਖਿ-ਦੇਖ ਕੇ। ਨਾਸਨਾ-ਨੱਠ ਜਾਂਦਾ ਹੈ। ਬਾਸਉ-ਵਸਦਾ ਹਾਂ। ਸੰਗਿ-ਨਾਲ। ਰਿਧਿ ਸਿਧਿ ਨਿਧਿ-ਗੈਬੀ ਸ਼ਕਤੀਆਂ। ਰਾਸਿ-ਖਾਣ; ਸੋਮਾ; ਰਾਸ਼ੀ। ਕਰਿ-ਹੱਥ ਵਿਚ।੭।

ਵਿਆਖਿਆ = ਇਕ ਜਗਿਆਸੂ ਸਿੱਧ ਅਵਸਥਾ ਨੂੰ ਪਾ ਕੇ ਉਸ ਪਰਮ ਅਨੰਦ ਵਾਲੀ ਦਸ਼ਾ ਦਾ ਵਰਨਣ ਕਰਦਾ ਹੈ। ਜਦ ਗੈਬੀ ਸ਼ਕਤੀਆਂ ਦੇ ਮਾਲਕ ਹਰੀ ਨੂੰ ਸੰਗ ਵਸਦਾ ਜਾਣਿਆ ਤਾਂ ਸਮਝੋ ਹੱਥ ਵਿਚ ਪਦਮ ਆ ਗਿਆ ਭਾਵ ਭਾਗ ਜਾਗ ਪਏ। ਸੁਖਾਂ ਦੀ ਮਹਿਕ ਸਾਰੇ ਪਾਸੇ ਖਿਲਰ ਗਈ। ਪਰ ਉਪਕਾਰੀ ਤੇਜੱਸਵੀ ਸਰੂਪ ਪ੍ਰਗਟ ਹੋ ਗਿਆ। ਗਲ ਵਿਚ ਪਾਉਣ ਲਈ ਐਸਾ ਨਾਮ ਰਤਨ ਮਿਲ ਗਿਆ, ਜਿਸ ਨਾਲ ਦੁੱਖ ਨੱਸ ਜਾਂਦੇ ਹਨ।੭।

ਪਰ ਤ੍ਰਿਅ ਰਾਵਣਿ ਜਾਹਿ, ਸੇਈ ਤਾ ਲਾਜੀਅਹਿ ॥ ਜੋ ਮਨੁੱਖ ਪਰਾਈ ਇਸਤ੍ਰੀ ਨੂੰ ਭੋਗਣ ਜਾਂਦੇ ਹਨ, ਉਹ ਤਾਂ (ਲੋਕ ਪ੍ਰਲੋਕ ਵਿਚ) ਸ਼ਰਮਿੰਦੇ ਹੁੰਦੇ ਹਨ। ਮਹਾਤਮਾ ਰਜਬ ਦੁਪਹਿਰ ਦਾ ਭੋਜਨ ਮੰਗ ਖਾ ਕੇ ਅਰਾਈਆਂ ਦੇ ਖੂਹ ਤੇ ਆਰਾਮ ਕਰਨ ਲਈ ਜਾ ਬਿਰਾਜੇ। ਅਰਾਈਆਂ ਨੇ ਮਹਾਤਮਾ ਨੂੰ ਲੰਮੇ ਪਏ ਦੇਖ ਕੇ ਮੰਜੇ ਤੇ ਬਿਰਾਜਣ ਦੀ ਬੇਨਤੀ ਕੀਤੀ। ਪਰ ਰਜਬ ਨੇ ਕਿਹਾ ਮਹਾਤਮਾ ਨੂੰ ਭੁੰਞੇ ਸੌਣਾ ਹੀ ਸੋਭਦਾ ਹੈ। ਦਿਨੇ ਆਰਾਮ ਕਰਕੇ ਰਾਤ ਨੂੰ ਇਥੇ ਬੈਠ ਕੇ ਭਜਨ ਕਰਾਂਗਾ। ਰਾਤ ਨੂੰ ਜਦ ਸਮਾਧੀ ਵਿਚ ਜੁੜ ਬੈਠੇ, ਤਾਂ ਦਿਨੇ ਗਜ਼ਾ ਮੰਗਣ ਵੇਲੇ ਦੇਖੀਆਂ ਔਰਤਾਂ ਨੇ ਖਿਆਲਾਂ ਵਿਚ ਆਉਣਾ ਸ਼ੁਰੂ ਕਰ ਦਿਤਾ। ਜਦ ਬਚਣ ਲਈ ਉਠ ਕੇ ਹੋਰ ਜਗ੍ਹਾ ਜਾਣ ਲੱਗੇ ਤਾਂ ਖੂਹ ਵਿਚ ਡਿਗ ਪਏ। ਅਰਾਈਆਂ ਨੇ ਖੜਾਕ ਸੁਣਕੇ ਆ ਰਜਬ ਨੂੰ ਖੂਹ ਚੋਂ ਕੱਢਿਆ। ਗਿੱਲੇ ਕਪੜੇ ਲਾਹ ਕੇ ਕੰਬਲ ਦੀ ਬੁੱਕਲ ਮਾਰ ਕੇ ਮੁੜ ਭਜਨ ਵਿਚ ਜੁੜ ਗਏ। ਤਾਂ ਮਨ ਦੀਆਂ ਗਹਿਰਾਈਆਂ ਵਿਚੋਂ ਸਲੋਕ ਉਚਰਿਆ =

ਸੁਪਨੇ ਮਝਾਰ ਮਿਲੀ ਕਾਮਣੀ, ਗਈ ਕੂਪ ਮਹਿ ਡਾਰ। ਰਜਬ ਜਿਨ ਕੋ ਪ੍ਰਤੱਖ ਹੈ, ਤਿਨਕੋ ਕੌਨ ਹਵਾਲ।

ਪਰਨਾਰੀ ਮੀਠੀ ਛੁਰੀ, ਮਤ ਕੋ ਲਾਵੈ ਅੰਗ। ਸੀਸ ਦੀਏ ਦਸ ਲੰਕ ਪਤਿ, ਪਰ ਨਾਰੀ ਕੇ ਸੰਗ (ਸੰ.ਸ. ਵਿਚੋਂ)।

ਨਿਤ ਪ੍ਰਤਿ ਹਿਰਹਿ ਪਰ ਦਰਬੁ, ਛਿਦ੍ਰ ਕਤ ਢਾਕੀਅਹਿ ॥ (ਅਤੇ) ਜੋ ਹਰ ਰੋਜ ਪਰਾਇਆ ਧਨ ਚਰਾਉਂਦੇ ਹਨ, ਉਨ੍ਹਾਂ ਦੇ ਦੋਸ਼ ਕਿਸ ਤਰ੍ਹਾਂ ਢਕੇ ਜਾ ਸਕਦੇ ਹਨ? (ਦੋਸ਼ ਲੁਕਾਏ ਨਹੀ ਜਾ ਸਕਦੇ, ਅੰਤ ਨੂੰ ਜਾਹਰ ਹੋ ਜਾਂਦੇ ਹਨ) {ਚੋਰ ਕੀ ਹਾਮਾ ਭਰੇ ਨ ਕੋਇ ੬੬੨; ਚੋਰ ਜਾਰ ਜੂਆਰ ਪੀੜੇ ਘਾਣੀਐ ੧੨੮੮}।

ਹਰਿ ਗੁਣ ਰਮਤ ਪਵਿਤ੍ਰ ,ਸਗਲ ਕੁਲ ਤਾਰਈ ॥ ਹਰੀ ਦੇ ਗੁਣ ਉਚਾਰਦਿਆਂ ਮਨੁੱਖ ਪਵਿਤ੍ਰ ਹੋ ਜਾਂਦਾ ਹੈ, ਅਤੇ ਅਪਣੀਆਂ ਸਾਰੀਆਂ ਕੁਲਾਂ (ਸੰਸਾਰ ਸਮੁੰਦਰ ਤੋਂ) ਤਾਰ ਲੈਂਦਾ ਹੈ।

ਹਰਿ ਹਾਂ ਸੁਨਤੇ ਭਏ ਪੁਨੀਤ, ਪਾਰਬ੍ਰਹਮੁ ਬੀਚਾਰਈ ॥੮॥ ਹੇ ਭਾਈ! ਜੋ ਮਨੁੱਖ ਹਰੀ ਦੇ ਗੁਣਾਂ ਨੂੰ ਸੁਣਦੇ ਹਨ ਅਤੇ ਬਿਚਾਰਦੇ ਹਨ, ਉਹ ਪਵਿਤ੍ਰ ਹੋ ਜਾਂਦੇ ਹਨ।੮।

ਪਦਾਰਥ = ਪਰ ਤ੍ਰਿਅ-ਪਰਾਈ ਇਸਤ੍ਰੀ; ਪਰਾਈ ਮਾਇਆ। ਰਾਵਣਿ-ਭੋਗਣ (ਵਿਭਚਾਰ ਕਰਨ) ਜਾਂਦੇ ਹਨ। ਸੇਈ ਤਾ-ਉਹ ਤਾਂ। ਲਾਜੀਅਹਿ-ਸ਼ਰਮਿੰਦਾ ਹੁੰਦੇ ਹਨ (ਸਭ ਨੇ {ਤਾ ਲਾਜੀਅਹਿ} ਸਹੀ ਪਾਠ ਮੰਨਿਆ ਹੈ); ਤਾਲਾਜੀਅਹਿ-ਨਰਕ ਰੂਪ ਕੜਾਹੇ ਦੇ ਤੱਤੇ ਤੇਲ ਚ ਤਲ਼ੇ ਜਾਂਦੇ ਹਨ (ਗੁ.ਪਾ.ਦ.; ਸੰ.ਸ.; ਫ.ਸ. ਨੇ ਦੋਵੇਂ ਅਰਥ ਕੀਤੇ ਹਨ); ਨਰਕਾਂ ਦੀ ਸਜਾ ਮਿਲਦੀ ਹੈ। ਨਿਤ ਪ੍ਰਤਿ-ਨਿਤਾ ਪ੍ਰਤੀ (ਹਰ ਰੋਜ)। ਹਿਰਹਿ-ਚੁਰਾਉਂਦੇ ਹਨ। ਪਰ ਦਰਬ-ਪਰਾਇਆ ਧਨ। ਛਿਦ੍ਰ-ਦੋਸ਼; ਪਾਪ। ਕਤ-ਕਿਵੇਂ;ਕਿਸ ਤਰ੍ਹਾਂ। ਢਾਕੀਅਹਿ- ਢਕੇ ਜਾ ਸਕਦੇ ਹਨ। ਰਮਤ-ਜਪਣ ਕਰਕੇ। ਭਏ ਪੁਨੀਤ-ਪਵਿਤ੍ਰ ਹੋ ਜਾਂਦੇ ਹਨ। ਬੀਚਾਰਈ-ਵਿਚਾਰਦੇ ਹਨ।੮।

ਵਿਆਖਿਆ = ਇਸ ਵਿਚ ਖੋਟੇ ਤੇ ਚੰਗੇ ਪੁਰਸ਼ਾਂ ਦਾ ਵਰਨਣ ਹੈ, ਉਨ੍ਹਾਂ ਦੇ ਕੀਤੇ ਕਰਮਾਂ ਦੇ ਸਿੱਟਿਆ ਦਾ ਮੁਕਾਬਲਾ ਹੈ। ਪਹਿਲਾਂ ਪਰਾਈ ਇਸਤ੍ਰੀ ਨੂੰ ਭੋਗਣ ਦਾ ਜੋ ਨੀਚ ਕੰਮ ਕਰਦੇ ਹਨ, ਉਹ ਸੰਸਾਰ ਵਿਚ ਅਪਣੀ ਪੱਤ ਗੁਆ ਲੈਂਦੇ ਹਨ, ਪ੍ਰਲੋਕ ਵਿਚ ਵੀ ਹਰੀ ਦੀ ਹਜੂਰੀ ਵਿਚ ਲੇਖਾ ਦੇਣ ਸਮੇਂ ਉਨ੍ਹਾਂ ਨੂੰ ਸ਼ਰਮਸਾਰ ਹੋਣਾ ਪੈਂਦਾ ਹੈ। ਇਹੋ ਜਿਹੇ ਵਿਸ਼ਈ ਪੁਰਸ਼ ਚੋਰੀ ਵੀ ਕਰਦੇ ਹਨ, ਉਨ੍ਹਾਂ ਦੇ ਇਹ ਐਬ ਲੁਕ ਨਹੀ ਸਕਦੇ, ਕੀਤੇ ਪਾਪਾਂ ਦਾ ਫਲ ਭੋਗਣਾ ਪਵੇਗਾ। ਇਸ ਦੇ ਉਲਟ ਨਾਮ ਬਾਣੀ ਦਾ ਅਭਿਆਸ ਕਰਨ ਵਾਲੇ ਖੁਦ ਵੀ ਪਵਿਤ੍ਰ ਜੀਵਨ ਵਾਲੇ

ਬਣ ਜਾਦੇ ਹਨ, ਸੰਗੀਆਂ ਅਤੇ ਅਪਣੀ ਕੁਲਾਂ ਨੂੰ ਵੀ ਤਾਰ ਲੈਂਦੇ ਹਨ। ਪਰ ਇਸਤ੍ਰੀ ਰਵਣ ਅਤੇ ਚੋਰੀ ਦਾ ਫਲ ਸ਼ਰਮਿੰਦਗੀ, ਰਾਜ ਦੰਡ ਅਤੇ ਜਮ ਦੰਡ ਦੇ ਰੂਪ ਵਿਚ ਮਿਲਦਾ ਹੈ। ਦੂਜੇ ਦਾ ਫਲ ਪਵਿਤ੍ਰਤਾ, ਸੰਸਾਰ ਸਾਗਰ ਤੋਂ ਤਰ ਕੇ ਪ੍ਰਭੂ ਪ੍ਰਾਪਤੀ ਦੇ ਰੂਪ ਵਿਚ ਮਿਲਦਾ ਹੈ। ਸੰ.ਸ. ਨੇ ਇਕ ਹੋਰ ਵੀ ਅਰਥ ਕੀਤਾ ਹੈः– ਪਰਾਈ ਇਸਤ੍ਰੀ ਮਾਇਆ (ਕਿਉਂਕਿ ਇਹ ਪ੍ਰਭੂ ਦੀ ਹੈ ਮਨੁੱਖ ਦੀ ਅਪਣੀ ਨਹੀਂ, ਬਦੋ ਬਦੀ ਅਪਣੀ ਮੰਨੀ ਬੈਠਾ ਹੈ) ਨੂੰ ਜੋ ਪੁਰਖ ਭੋਗਣ ਜਾਂਦੇ ਹਨ ਭਾਵ ਪਰਾਈ ਮਾਯਾ ਦਾ ਸੁੱਖ ਮਾਣਦੇ ਹਨ, ਉਹ ਤਲੇ (ਹੇਠਾਂ) ਭਾਵ ਨਰਕਾਂ ਵਿਚ (ਜਾਂ ਨਰਕਾਂ ਰੂਪ ਕੜਾਹੇ ਵਿਚ ਤਲੇ) ਜਾਂਦੇ ਹਨ।੮।

ਊਪਰਿ ਬਨੈ ਅਕਾਸੁ ,ਤਲੈ ਧਰ ਸੋਹਤੀ ॥ (ਹੇ ਸਖੀ!) ਉਪਰ ਅਕਾਸ਼ (ਤਾਰਿਆਂ ਅਤੇ ਕਿਤੇ ਕਿਤੇ ਬਦਲਾਂ ਨਾਲ) ਫਬ ਰਿਹਾ ਹੈ, ਤੇ ਹੇਠਾਂ ਧਰਤੀ (ਕੁਦਰਤੀ ਨਜਾਰਿਆਂ ਨਾਲ) ਸੋਭ ਰਹੀ ਹੈ।

ਦਹ ਦਿਸ ਚਮਕੈ ਬੀਜੁਲਿ, ਮੁਖ ਕਉ ਜੋਹਤੀ ॥ ਦਸਾਂ ਦਿਸ਼ਾਵਾਂ ਵਿਚ ਬਿਜਲੀ ਚਮਕਦੀ ਹੋਈ ਮਾਨੋ (ਸਭ ਦੇ) ਚਿਹਰਿਆਂ ਨੂੰ ਦੇਖ ਰਹੀ ਹੈ (ਭਾ:ਵੀਰ ਸਿੰਘ)। ਦੂਜਾ ਅਰਥ= ਸਾਰੇ ਪਾਸੇ ਬਿਜਲੀ ਚਮਕਦੀ ਹੈ (ਜਿਸਦੀ ਰੋਸ਼ਨੀ ਦੇ ਸਹਾਰੇ) ਮੈਂ ਪਿਆਰੇ ਦੇ ਮੂੰਹ ਨੂੰ ਦੇਖਦੀ ਹਾਂ (ਪਰ ਦਿਸਦਾ ਨਹੀ)। ਤੀਜਾ ਅਰਥ = ਬੱਦਲ ਹੋਣ ਕਰਕੇ ਬਹੁਤ ਡਰਾਉਣਾ ਹਨ੍ਹੇਰਾ ਹੈ, ਸਾਰੇ ਪਾਸੇ ਬਿਜਲੀ ਚਮਕ ਰਹੀ ਹੈ, (ਬਿਜਲੀ ਦੀ ਚਮਕ ਕਰਕੇ ਸਭ ਦੇ ਮੂੰਹ ਦਿਸਦੇ ਹਨ, ਇਨ੍ਹਾਂ ਵਿਚ) ਮੈਂ ਅਪਣੇ ਪਿਆਰੇ ਦਾ ਮੂੰਹ ਦੇਖਦੀ ਹਾਂ, ਪਰ ਦਿਸ ਨਹੀ ਰਿਹਾ (ਮੇਰਾ ਖਿਆਲ)।{ਨਿਸਿ ਦਾਮਨਿ ਜਿਉ ਚਮਕਿ ਚੰਦਾਇਣੁ ਦੇਖੈ ੧੦੪੧}।

ਖੋਜਤ ਫਿਰਉ ਬਿਦੇਸਿ, ਪੀਉ ਕਤ ਪਾਈਐ ॥ (ਬਿਜਲੀ ਦੀ ਰੋਸ਼ਨੀ ਵਿਚ ਤਾਂ ਦਿਸਿਆ ਨਹੀ) ਮੈਂ ਪਤੀ ਪ੍ਰਭੂ ਨੂੰ ਪ੍ਰਦੇਸਾਂ ਵਿਚ ਖੋਜਦੀ ਫਿਰਦੀ ਹਾਂ (ਪ੍ਰਦੇਸਾਂ ਵਿਚੋਂ ਵੀ ਨਹੀ ਮਿਲਿਆ, ਇਸ ਲਈ ਹੇ ਸਖੀਓ! ਤੁਸੀ ਮੈਨੂੰ ਦੱਸੋ) ਪਤੀ ਨੂੰ ਕਿਥੋਂ ਪਾਈਦਾ ਹੈ।

ਹਰਿ ਹਾਂ ਜੇ ਮਸਤਕਿ ਹੋਵੈ ਭਾਗੁ ,ਤ ਦਰਸਿ ਸਮਾਈਐ ॥੯॥ (ਉਤਰ) ਹੇ ਸਖੀ! ਜੇ ਮੱਥੇ ਦੇ ਚੰਗੇ ਭਾਗ ਹੋਣ ਤਾਂ ਪਤੀ ਦੇ ਦਰਸ਼ਨ ਕਰ ਕੇ (ਉਸੇ ਵਿਚ) ਸਮਾ ਜਾਈਦਾ ਹੈ।੯।

ਅੰਤ੍ਰੀਵ ਭਾਵ =ਸੰਸਾਰ ਪ੍ਰਦੇਸ ਹੈ, ਖੋਜਣ ਵਾਲਾ ਵੈਰਾਗ ਅਤੇ ਪ੍ਰੇਮ ਭਰਿਆ ਜੀਵਾਤਮਾ ਹੈ। ਧਰਤੀ ਸਰੀਰ, ਅਕਾਸ਼ ਮਨ, ਬਿਜਲੀ ਬੁਧੀ, ਖੋਜਣਾ ਪ੍ਰਾਪਤੀ ਦੇ ਸਾਧਨ ਹਨ। ਜੇ ਹਰੀ ਨਾਲ ਹੈ ਤਾਂ ਇਹ ਸਮਾਂ ਅਨੰਦ ਦਾਇਕ, ਜੇ ਹਰੀ ਨਾਲ ਨਹੀ ਤਾਂ ਇਹ ਸਮਾਂ ਡਰਾਉਣਾ ਅਤੇ ਦੁੱਖਦਾਈ ਲਗਦਾ ਹੈ।

ਪਦਾਰਥ = ਬਨੈ–ਸ਼ੋਭਨੀਕ; ਫਬਦਾ। ਤਲੈ–ਹੇਠਾਂ। ਧਰ–ਧਰਤੀ। ਸੋਹਤੀ–ਸੋਭਦੀ ਹੈ। ਦਹ ਦਿਸ–ਦਸੀਂ ਪਾਸੀਂ; ਚਾਰ ਚੁਫੇਰੇ। ਬੀਜੁਲਿ–ਬਿਜਲੀ। ਕਉ–ਨੂੰ। ਜੋਹਤੀ–ਦੇਖਦੀ ਹੈ। ਖੋਜਤ ਫਿਰਉ–ਖੋਜਦੀ ਫਿਰਦੀ ਹਾਂ। ਬਿਦੇਸਿ–ਪ੍ਰਦੇਸਾਂ ਵਿਚ (ਹਿਰਦੇ ਨੂੰ ਛਡ ਕੇ ਬਾਹਰ)। ਪੀਉ–ਪਿਆਰਾ ਪ੍ਰਭੂ। ਕਤ–ਕਿਥੋਂ। ਮਸਤਕਿ–ਮੱਥੇ ਉਤੇ। ਦਰਸਿ ਸਮਾਈਐ–ਦਰਸ਼ਨ ਕਰਕੇ (ਪ੍ਰਭੂ ਵਿਚ) ਸਮਾ ਜਾਈਦਾ ਹੈ।੯।

ਵਿਆਖਿਆ = ਇਸ ਛੰਦ ਵਿਚ ਵਰਖਾ ਦੀ ਸੁਹਾਵਣੀ ਰੁੱਤ ਦਾ ਵਰਨਣ ਹੈ। ਅਕਾਸ਼ ਤੇ ਬੱਦਲ, ਹੇਠਾਂ ਧਰਤੀ ਦੀ ਹਰਿਆਵਲ ਅਤੇ ਸੁੰਦਰ ਨਜਾਰੇ ਹਨ। ਹਨ੍ਹੇਰੀ ਰਾਤ ਵਿਚ ਬਿਜਲੀ ਦੀ ਚਮਕ ਵਾਤਾਵਰਣ ਨੂੰ ਹੋਰ ਸੁਹਾਵਣਾ ਬਣਾ ਰਹੀ ਹੈ। ਪਰ ਹਰੀ ਤੋਂ ਵਿਛੜੀ ਹੋਈਆਂ ਇਸਤ੍ਰੀਆਂ ਲਈ ਐਸਾ ਸਮਾਂ ਡਰਾਉਣਾ ਅਤੇ ਦੁਖਦਾਈ ਪ੍ਰਤੀਤ ਹੋ ਰਿਹਾ ਹੈ। ਬਿਜਲੀ ਦੀ ਚਮਕ ਵਿਚ ਪਿਆਰੇ ਦਾ ਮੂੰਹ ਦੇਖਣ ਦਾ ਯਤਨ ਕਰਦੀ ਹੈ। ਐਸੀ ਹਾਲਤ ਵਿਚ ਪਿਆਰੇ ਦਾ ਮੇਲ ਤਦ ਹੀ ਹੁੰਦਾ ਹੈ ਜੇ ਮੱਥੇ ਦੇ ਭਾਗ ਜਾਗ ਪੈਣ।੯।

ਡਿਠੇ ਸਭੇ ਥਾਵ, ਨਹੀ ਤੁਧ ਜੇਹਿਆ ॥ (ਗੁਰੂ ਅਰਜਨ ਦੇਵ ਜੀ ਆਖਦੇ ਹਨ) ਮੈਂ ਸਾਰੇ ਧਰਮ ਸਥਾਨ ਦੇਖੇ ਹਨ, (ਪਰ ਹੇ ਗੁਰੂ ਰਾਮਦਾਸ ਜੀ ਦੇ ਵਸਾਏ ਨਗਰ!) ਤੇਰੇ ਵਰਗਾ (ਸੁੰਦਰ ਦੁਨੀਆਂ ਵਿਚ) ਹੋਰ ਕੋਈ ਥਾਂ ਨਹੀ ਹੈ।

ਬਧੋਹੁ ਪੁਰਖਿ ਬਿਧਾਤੈ, ਤਾਂ ਤੂ ਸੋਹਿਆ ॥ ਤੈਨੂੰ ਬਿਧਾਤਾ ਪੁਰਖ (ਕਰਤਾਰ) ਨੇ ਰਚਿਆ ਹੈ, (ਇਸੇ ਕਰਕੇ ਤੂੰ ਸਭ ਤੋਂ ਵੱਧ) ਸੋਭਾ ਵਾਲਾ ਹੋ ਰਿਹਾ ਹੈਂ।

ਵਸਦੀ ਸਘਨ ਅਪਾਰ, ਅਨੂਪ ਰਾਮਦਾਸ ਪੁਰ ॥ ਗੁਰੂ ਰਾਮਦਾਸ ਜੀ ਦਾ ਵਸਾਇਆ ਨਗਰ ਬਹੁਤ ਸੰਘਣਾ ਵਸਦਾ ਜਾ ਰਿਹਾ ਹੈ, ਅਤੇ ਉਪਮਾ ਤੋਂ ਰਹਿਤ (ਸੁੰਦਰ) ਹੈ।

ਹਰਿ ਹਾਂ ਨਾਨਕ ਕਸਮਲ ਜਾਹਿ, ਨਾਇਐ ਰਾਮਦਾਸ ਸਰ ॥੧੦॥ ਨਾਨਕ ਗੁਰੂ ਜੀ ਆਖਦੇ ਹਨ, ਹੇ ਭਾਈ! ਗੁਰੂ ਰਾਮਦਾਸ ਜੀ ਦੇ ਰਚੇ ਸਰੋਵਰ ਵਿਚ ਸ਼ਨਾਨ ਕਰਨ ਨਾਲ ਸਾਰੇ ਪਾਪ ਦੂਰ ਹੋ ਜਾਂਦੇ ਹਨ।੧੦। ਸੰਤਹੁ ਰਾਮਦਾਸ ਸਰੋਵਰੁ ਨੀਕਾ। ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ।(੬੨੩)। ਰਾਮਦਾਸ ਸਰੋਵਰਿ ਨਾਤੇ। ਸਭਿ ਉਤਰੇ ਪਾਪ ਕਮਾਤੇ।(੬੨੫)।

ਅੰਤ੍ਰੀਵ ਭਾਵ = ਸਾਰੇ ਸਥਾਨ ਘੁੰਮ ਕੇ ਦੇਖੇ ਹਨ, ਪਰ ਸੱਤ ਸੰਗ ਵਰਗਾ ਕੋਈ ਥਾਂ ਨਹੀ ਹੈ (ਕਿਉਂਕਿ ਏਥੇ ਸ਼ਾਂਤੀ ਮਿਲਦੀ ਹੈ)। ਇਹ ਸੱਤ ਸੰਗ ਦਾ ਸਥਾਨ ਕਰਤਾਰ ਨੇ ਆਪ ਬੰਨ੍ਹਿਆ ਹੈ, ਇਸੇ ਕਾਰਣ ਹੇ ਸੱਤਸੰਗ! ਤੂੰ ਸੋਭ ਰਿਹਾ ਹੈਂ।(ਇਹ ਸੱਤ ਸੰਗ ਅੰਮ੍ਰਿਤ ਸਰੋਵਰ ਵਾਂਗ) ਰਾਮ ਦੇ ਸੇਵਕਾਂ ਦੀ ਸੁੰਦਰ ਪੁਰੀ ਹੈ, ਜੋ ਸੰਘਣੀ ਵਸਦੀ ਜਾ ਰਹੀ ਹੈ (ਬਹੁਤ ਸ਼ਰਧਾਲੂ ਆ ਕੇ ਕਥਾ ਕੀਰਤਨ ਦਾ ਲਾਭ ਲੈਂਦੇ ਹਨ)। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ, ਹੇ ਭਾਈ! ਰਾਮ ਦੇ ਸੇਵਕਾਂ ਦੇ ਸੱਤਸੰਗ ਪੁਰੀ ਵਿਚ ਨਾਮ ਦੇ ਸਰੋਵਰ ਵਿਚ ਸ਼ਨਾਨ ਕਰਨ ਕਰਕੇ

ਸਾਰੇ ਪਾਪ ਚਲੇ ਜਾਂਦੇ ਹਨ।

ਪਦਾਰਥ = ਡਿਠੇ-ਦੇਖੇ ਹਨ।ਤੁਧੁ ਜੇਹਿਆ-ਤੇਰੇ ਵਰਗਾ।ਬਧੋਹੁ-ਬੱਧਾ (ਬੰਨ੍ਹਿਆ); ਬਣਾਇਆ।ਪੁਰਖ ਬਿਧਾਤੈ-ਸਿਰਜਨਹਾਰ ਨਿਰੰਕਾਰ ਨੇ।ਸੋਹਿਆ-ਸੋਹਣਾ ਦਿਸਦਾ ਹੈਂ।ਵਸਦੀ-ਵਸਦਾ ਹੈ।ਸਘਨ-ਸੰਘਣੀ।ਅਪਾਰ-ਬਹੁਤ।ਅਨੂਪ-ਉਪਮਾ ਰਹਿਤ; ਅਤੀ ਸੁੰਦਰ।ਰਾਮਦਾਸ ਪੁਰ-ਗੁਰੂ ਰਾਮਦਾਸ ਜੀ ਦਾ ਵਸਾਇਆ ਨਗਰ।ਕਸਮਲ-ਪਾਪ।ਕਸਮਲ-ਪਾਪ।ਜਾਹਿ-ਦੂਰ ਹੋ ਜਾਂਦੇ ਹਨ।ਨਾਇਐ-ਨ੍ਹਾਤਿਆਂ।ਰਾਮਦਾਸ ਸਰ-ਗੁਰੂ ਰਾਮਦਾਸ ਜੀ ਦੇ ਰਚੇ ਸਰੋਵਰ ਵਿਚ।

ਵਿਆਖਿਆ = ਮਉ ਵਾਸੀਆਂ ਨੇ ਪੁੱਛਿਆ ਕਿ ਜਿਥੇ ਆਪ ਰਹਿੰਦੇ ਹੋ, ਉਹ ਸਥਾਨ ਕੈਸਾ ਹੈ।ਉਤਰ ਵਿਚ ਗੁਰੂ ਜੀ ਅੰਮ੍ਰਿਤਸਰ ਦੀ ਮਹਿਮਾਂ ਦਸਦੇ ਹਨ।ਜਿਥੇ ਸਦਾ ਗੁਰਬਾਣੀ ਦਾ ਪਾਠ, ਕੀਰਤਨ ਤੇ ਸੱਤਸੰਗ ਹੁੰਦਾ ਹੈ, ਦੁਨੀਆਂ ਦੇ ਕਿਸੇ ਮੱਤ ਦੇ ਮੰਦਰ ਵਿਚ ਐਸਾ ਨਹੀ ਹੁੰਦਾ।ਇਸ ਕਰਕੇ ਇਹ ਅੰਮ੍ਰਿਤਸਰ ਸਭ ਤੋਂ ਉਤਮ ਹੈ।ਹਰੀ ਦੇ ਹੁਕਮ ਵਿਚ ਗੁਰੂ ਜੀ ਨੇ ਰਚਿਆ ਹੋਣ ਕਰਕੇ ਹਰੀ ਵਲੋਂ ਬੱਧਾ ਦਸਿਆ ਹੈ, ਇਸੇ ਕਰਕੇ ਸੋਭਾ ਹੈ।ਗੁਰੂ ਦੀ ਬਖਸ਼ਿਸ ਕਰਕੇ ਸੰਘਣਾ ਵਸਦਾ ਜਾਂਦਾ ਹੈ।ਸਾਰੇ ਪਾਪ ਇਥੇ ਨਾਸ਼ ਹੁੰਦੇ ਹਨ।੧੦।

ਚਾਤ੍ਰਿਕ ਚਿਤ ਸੁਚਿਤ, ਸੁ ਸਾਜਨੁ ਚਾਹੀਐ ॥ ਜਿਸ ਤਰ੍ਹਾਂ ਪਪੀਹਾ ਅਪਣੇ ਚਿਤ ਵਿਚ ਚਿਤਵਦਾ ਹੋਇਆ (ਸ੍ਵਾਂਤੀ ਬੂੰਦ ਦੇਣ ਵਾਲੇ) ਸ੍ਰੇਸਟ ਸੱਜਣ (ਬੱਦਲ) ਨੂੰ ਚਾਹੁੰਦਾ ਹੈ (ਕਿਉਂਕਿ ਸੱਜਨ ਤੋਂ ਹੀ ਆਸ ਪੂਰੀ ਹੋਣੀ ਹੈ)।।

ਜਿਸੁ ਸੰਗਿ ਲਾਗੇ ਪ੍ਰਾਣ, ਤਿਸੈ ਕਉ ਆਹੀਐ ॥ (ਪਪੀਹੇ ਦੇ) ਜਿਸ ਸਵਾਂਤੀ ਬੂੰਦ ਨਾਲ ਪ੍ਰਾਣ ਲੱਗੇ ਹੋਏ ਹਨ (ਜਿਸ ਬੂੰਦ ਨਾਲ ਪ੍ਰਾਣ ਬਚਦੇ ਹਨ) ਉਸੇ ਨੂੰ ਚਾਹੁੰਦਾ ਹੈ।

ਬਨੁ ਬਨੁ ਫਿਰਤ ਉਦਾਸ, ਬੂੰਦ ਜਲ ਕਾਰਣੇ ॥ ਮੇਘ ਹੀ ਮੇਘ (ਬਰਸ ਰਿਹਾ ਹੈ, ਪਰ ਪਪੀਹਾ ਫਿਰ ਵੀ) ਉਦਾਸ ਫਿਰਦਾ ਹੈ ਜਾਂ ਇਕ ਸਵਾਂਤੀ ਬੂੰਦ ਕਾਰਨ (ਵਾਸਤੇ ਪਪੀਹਾ) ਜੰਗਲ ਜੰਗਲ ਉਦਾਸ ਹੋਇਆ ਫਿਰਦਾ ਹੈ।

ਹਰਿ ਹਾਂ ਤਿਉ ਹਰਿ ਜਨੁ ਮਾਂਗੈ ਨਾਮੁ, ਨਾਨਕ ਬਲਿਹਾਰਣੇ ॥੧੧॥ ਹੇ ਭਾਈ! ਤਿਵੇਂ ਹੀ ਹਰੀ ਦੇ ਸੇਵਕ (ਪਪੀਹੇ ਵਾਂਗ) ਹਰੀ ਤੋਂ ਨਾਮ ਰੂਪ ਸਵਾਂਤੀ ਬੂੰਦ ਮੰਗਦੇ ਹਨ, ਨਾਨਕ (ਗੁਰੂ ਜੀ ਐਸੇ ਸੰਤਾਂ ਤੋਂ) ਸਦਕੇ ਜਾਂਦੇ ਹਨ।੧੧।

ਅੰਤ੍ਰੀਵ ਭਾਵ = ਜਿਵੇਂ ਚਾਤ੍ਰਿਕ ਭਲੇ ਦਿਲ ਨਾਲ (ਸ੍ਵਾਂਤੀ ਬੂੰਦ ਨੂੰ) ਯਾਦ ਕਰਦਾ ਹੈ, ਤਿਵੇਂ ਮਨੁੱਖ ਨੂੰ ਚਾਹੀਏ ਕਿ ਵਾਹਿਗੁਰੂ ਸੱਜਣ ਨੂੰ ਯਾਦ ਕਰਦਾ ਰਹੇ (ਮੇਰਾ ਖਿਆਲ); ਜਗਿਆਸੂ ਪਪੀਹੇ ਨੂੰ ਸ੍ਰੇਸਟ ਚਿਤ ਨਾਲ ਸ੍ਰੇਸਟ ਸਜਣ ਵਾਹਿਗੁਰੂ ਨੂੰ ਚਿਤਵਣਾ ਚਾਹੀਦਾ ਹੈ।ਜਿਸ ਵਾਹਿਗੁਰੂ ਨਾਲ ਪ੍ਰਾਣ ਲੱਗੇ ਹੋਏ ਹਨ (ਜੋ ਜੀਵਨ ਦਾ ਆਸਰਾ ਹੈ) ਉਸੇ ਨੂੰ (ਮਿਲਣ ਦੀ ਇੱਛਾ ਕਰਨੀ) ਚਾਹੀਦੀ ਹੈ।ਜਿਵੇਂ ਪਪੀਹਾ ਸੁਆਂਤੀ ਬੂੰਦ ਵਾਸਤੇ ਜੰਗਲ ਜੰਗਲ (ਜਾਂ ਬਰਸਦੇ ਪਾਣੀ ਤੇ) ਉਦਾਸ ਹੋਇਆ ਫਿਰਦਾ ਹੈ।ਤਿਵੇਂ ਵਾਹਿਗੁਰੂ ਦੇ ਜਨ ਵਾਹਿਗੁਰੂ ਤੋਂ ਨਾਮ ਜਲ ਰੂਪ ਸਵਾਂਤੀ ਬੂੰਦ ਮੰਗਦੇ ਹਨ, ਗੁਰੂ ਜੀ ਕਹਿੰਦੇ ਹਨ ਅਸੀਂ ਐਸੇ ਸੰਤਾਂ ਤੋਂ ਸਦਕੇ ਜਾਂਦੇ ਹਾਂ।

ਪਦਾਰਥ = ਚਾਤ੍ਰਿਕ-ਪਪੀਹਾ (ਜਗਿਆਸੂ)।ਚਿਤ ਸੁਚਿਤ-ਸੁਚੇਤ ਚਿਤ ਹੋ ਕੇ; ਸੁਅਸਤ ਚਿਤ;ਸ੍ਵੈ (ਅਪਣੇ) ਚਿਤ ਵਿਚ ਚਿਤਵਦਾ ਹੋਇਆ।ਤਿਸੈ ਕਉ-ਉਸੇ ਨੂੰ।ਆਹੀਐ-ਚਾਹੁੰਦਾ ਹੈ।ਬਨੁ ਬਨੁ-ਜੰਗਲ ਜੰਗਲ; ਤੀਰਥ ਤੀਰਥ ਤੇ; ਮੇਘ (ਬੱਦਲ) ਮ.ਕੋ.।ਕਾਰਣੇ-ਵਾਸਤੇ।ਹਰਿ ਜਨ-ਹਰੀ ਦੇ ਸੇਵਕ।ਬਲਿਹਾਰਣੇ-ਸਦਕੇ ਜਾਂਦਾ ਹੈ।੧੧।

ਮਿਤ ਕਾ ਚਿਤੁ ਅਨੂਪੁ, ਮਰੰਮੁ ਨ ਜਾਨੀਐ ॥ ਹੇ ਭਾਈ! ਵਾਹਿਗੁਰੂ ਮਿਤ੍ਰ ਦਾ ਚਿਤ ਉਪਮਾ ਤੋਂ ਪਰੇ (ਅਤੀ ਸੁੰਦਰ) ਹੈ, ਜਿਸ ਦਾ ਭੇਤ (ਕਿਸੇ ਤੋਂ ਵੀ) ਨਹੀ ਜਾਣਿਆ ਜਾਂਦਾ। ਹਰਿ ਕੀ ਗਤਿ ਨਹਿ ਕੋਊ ਜਾਨੈ। (੫੩੭)

।ਗਾਹਕ ਗੁਨੀ ਅਪਾਰ, ਸੁ ਤਤੁ ਪਛਾਨੀਐ ॥ ਬੇਅੰਤ ਪ੍ਰਭੂ ਦੇ ਗੁਣਾਂ ਦੇ ਗਾਹਕ ਸੰਤ ਹਨ,ਉਨ੍ਹਾਂ ਰਾਹੀਂ ਉਸ ਤੱਤ ਸਰੂਪ ਪ੍ਰਭੂ ਨੂੰ ਜਾਣੀਦਾ ਹੈ।ਦੂਜਾ ਅਰਥ = ਗੁਣਾਂ ਦੇ ਗਾਹਕ ਸੰਤ ਜਨ ਹੀ ਬੇਅੰਤ ਪ੍ਰਭੂ (ਤੱਤ) ਨੂੰ ਪਛਾਣਦੇ ਹਨ।

ਚਿਤਹਿ ਚਿਤੁ ਸਮਾਇ, ਤ ਹੋਵੈ ਰੰਗੁ ਘਨਾ ॥ ਜੇ ਵਾਹਿਗੁਰੂ ਦੇ ਚਿਤ ਵਿਚ ਮਨੁੱਖ ਦਾ ਚਿਤ ਲੀਨ ਹੋ ਜਾਵੇ, ਤਾਂ ਬਹੁਤ ਅਨੰਦ ਪ੍ਰਾਪਤ ਹੁੰਦਾ ਹੈ।

ਹਰਿ ਹਾਂ ਚੰਚਲ ਚੋਰਹਿ ਮਾਰਿ, ਤ ਪਾਵਹਿ ਸਚੁ ਧਨਾ ॥੧੨॥ ਹੇ ਭਾਈ! ਜੇ ਚੰਚਲ (ਚਲਾਇਮਾਨ ਜਾਂ ਚਿਤ ਨੂੰ ਚੰਚਲ ਕਰਨ ਵਾਲੇ ਕਾਮ ਆਦਿਕ) ਚੋਰਾਂ ਨੂੰ ਤੂੰ ਮਾਰ ਲਵੇਂ ਤਾਂ ਸੱਚਾ ਨਾਮ ਧਨ ਪ੍ਰਾਪਤ ਕਰ ਲਵੇਂਗਾ।੧੨।

ਪਦਾਰਥ = ਮਿਤ-ਮਿਤ੍ਰ (ਵਾਹਿਗੁਰੂ)।ਅਨੂਪ-ਉਪਮਾ ਤੋਂ ਰਹਿਤ; ਸੁੰਦਰ।ਮਰੰਮੁ-ਭੇਤ।ਗਾਹਕ-ਲੋੜਵੰਦ (ਜਗਿਆਸੂ); ਸੌਦਾ ਖ੍ਰੀਦਣ ਵਾਲਾ।ਗੁਨੀ-ਗੁਣਾਂ ਦੇ।ਅਪਾਰ-ਬੇਅੰਤ (ਹਰੀ)।ਤਤੁ-ਤੱਤ ਸਰੂਪ ਵਾਹਿਗੁਰੂ।ਚਿਤਹਿ ਚਿਤੁ-ਅਪਣੇ ਚਿਤ ਨੂੰ ਹਰੀ ਦੇ ਚਿਤ ਵਿਚ।ਸਮਾਇ-ਲੀਨ ਕਰ ਦੇਵੇ।ਰੰਗੁ-ਸੁੱਖ; ਅਨੰਦ।ਘਨਾ-ਬਹੁਤ।ਚੰਚਲ ਚੋਰਹਿ-ਚੰਚਲ ਚੋਰਾਂ ਨੂੰ।ਸਚੁ ਧਨਾ-ਸੱਚਾ ਨਾਮ ਧਨ।੧੨।

ਵਿਆਖਿਆ = ਹਰੀ ਅਤੇ ਮਨੁੱਖ ਦੇ ਮਿਲਣ ਦਾ ਤਰੀਕਾ ਦਸਦੇ ਹਨ, ਦੇਹ ਕਰਕੇ ਮਿਲਾਪ ਨਹੀਂ ਹੋਣਾ ਕਿਉਂਕਿ ਹਰੀ ਦੇਹ ਰਹਿਤ ਹੈ। ਹਰੀ ਦਾ ਉਪਮਾ ਰਹਿਤ ਚਿਤ ਜਿਸਦਾ ਮਰਮ ਨਹੀ ਜਾਣਿਆ ਜਾ ਸਕਦਾ, ਐਸੇ ਦੁਰਲੱਭ ਚਿਤ ਨੂੰ ਗੁਣਾਂ ਦਾ ਗਾਹਕ ਹੀ ਪਾ ਸਕਦਾ ਹੈ। ਬਿਰਤੀ ਨੂੰ ਖਿੰਡਾਉਣ ਵਾਲੇ ਵਿਸ਼ਿਆਂ ਨੂੰ ਛੱਡ ਕੇ ਗੁਣਵਾਨ ਬਣ ਕੇ ਗੁਰੂ ਦੀ ਮੱਦਦ ਨਾਲ ਨਾਮ ਧਨ ਪਾਉਂਦਾ ਹੈ।ਫਿਰ ਨਾਮ ਸਿਮਰ ਕੇ ਅਪਣੇ ਦਿਲ ਨੂੰ ਹਰੀ ਦੇ ਦਿਲ ਨਾਲ ਮਿਲਾਵੇ ਤਾਂ ਅਲਪੱਗ ਮਨੁੱਖ ਨੂੰ ਸਰਬੱਗ ਦੀ ਸਮਝ ਆਉਂਦੀ ਹੈ।੧੨।

ਸੁਪਨੈ ਊਭੀ ਭਈ, ਗਹਿਓ ਕੀ ਨ ਅੰਚਲਾ ॥ (ਇਕ ਸਖੀ ਦੂਜੀ ਨੂੰ ਦਸਦੀ ਹੈ) ਹੇ ਸਖੀ! ਮੈਂ ਸੁਪਨੇ ਵਿਚ (ਸੁੱਤੀ ਹੋਈ ਪਿਆਰੇ ਨੂੰ ਦੇਖ ਕੇ) ਉਠ ਖੜੀ, (ਦੂਜੀ ਪੁਛਦੀ ਹੈ, ਤੂੰ ਉਸਦਾ) ਪੱਲਾ ਕਿਉਂ ਨਹੀਂ ਫੜਿਆ?।
ਸੁੰਦਰ ਪੁਰਖ ਬਿਰਾਜਿਤ, ਪੇਖਿ ਮਨੁ ਬੰਚਲਾ ॥ (ਪਹਿਲੀ ਉਤਰ ਦਿੰਦੀ ਹੈ) ਸੁੰਦਰ ਪੁਰਖ ਬਿਰਾਜ ਰਿਹਾ (ਤੇਜ ਪ੍ਰਕਾਸ਼) ਦੇਖ ਕੇ ਮੇਰਾ ਮਨ ਠੱਗਿਆ ਗਿਆ (ਪੱਲਾ ਫੜਨ ਦੀ ਸੋਝੀ ਹੀ ਨਾ ਰਹੀ) {ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ, ਬੁਧਿ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ (ਭਾ:ਗੁ:ਕਬਿਤ ੧)}।
ਖੋਜਉ ਤਾ ਕੇ ਚਰਣ, ਕਹਹੁ ਕਤ ਪਾਈਐ ॥ (ਹੇ ਸਖੀ!) ਹੁਣ ਮੈਂ ਉਸਦੇ ਚਰਣਾਂ (ਪੈੜਾਂ) ਨੂੰ ਖੋਜਦੀ ਹਾਂ, (ਤੁਸੀਂ) ਦੱਸੋ, ਉਸਨੂੰ ਕਿਵੇਂ ਪ੍ਰਾਪਤ ਕਰਾਂ?
ਹਰਿ ਹਾਂ ਸੋਈ ਜਤੰਨੁ ਬਤਾਇ, ਸਖੀ ਪ੍ਰਿਉ ਪਾਈਐ ॥੧੩॥ ਹੇ ਸਖੀ! ਮੈਨੂੰ ਉਹ ਜਤਨ (ਸਾਧਨ) ਦੱਸੋ, ਜਿਸ ਨਾਲ ਪਿਆਰਾ (ਪ੍ਰਭੂ) ਪਾਈਦਾ ਹੈ।੧੩।
ਪਦਾਰਥ = ਸੁਪਨੈ–ਸੁਫਨੇ (ਧਿਆਨ) ਵਿਚ।ਊਭੀ–(ਮੈਂ ਉਠ) ਖਲੋਤੀ।ਗਹਿਓ–ਫੜਿਆ।ਕੀ ਨ–ਕਿਉਂ ਨਹੀਂ।ਅੰਚਲਾ–ਪੱਲਾ।ਪੇਖਿ–ਦੇਖ ਕੇ।ਬਿਰਾਜਿਤ–ਬਿਰਾਜ ਰਿਹਾ; ਸੋਭਾ; ਤੇਜ ਪ੍ਰਤਾਪ।ਬੰਚਲਾ–ਠੱਗਿਆ (ਮੋਹਿਆ) ਗਿਆ।ਖੋਜਉ–ਮੈਂ ਖੋਜਦੀ ਹਾਂ।ਤਾ ਕੇ–ਉਸ (ਪਤੀ) ਦੇ।ਕਹਹੁ–ਦੱਸੋ।ਕਤ–ਕਿਵੇਂ।ਸੋਈ–ਉਹ।ਬਤਾਇ–ਦੱਸ।ਪ੍ਰਿਉ–ਪਿਆਰਾ ਪ੍ਰਭੂ।੧੩।
ਵਿਆਖਿਆ = ਇਕ ਸਖੀ ਸੁਪਨੇ ਵਿਚ ਪਿਆਰੇ ਦੇ ਹੋਏ ਦਰਸ਼ਨਾਂ ਦਾ ਹਾਲ ਦੂਜੀ ਸਖੀ ਨੂੰ ਦਸਦੀ ਹੈ।ਚਰਨ ਰੂਪ ਪੱਲਾ ਫੜਨ ਦੀ ਹੋਸ਼ ਹੀ ਨਾ ਰਹੀ, ਜੇ ਪੱਲਾ ਫੜ ਲੈਂਦੀ ਤਾਂ ਵਿਛੋੜ ਨਾ ਹੁੰਦਾ।ਹੁਣ ਮਿਲਣ ਦਾ ਪਤਾ ਪੁਛਦੀ ਹੈ, ਕਿਵੇਂ ਪ੍ਰਤੱਖ ਦਰਸ਼ਨ ਹੋਣ।ਹਰੀ ਦਾ ਧਿਆਨ ਕਰਨ ਤੇ ਕਦੇ ਕਦੇ ਮਨੁੱਖ ਦੀ ਸੁਰਤ ਕੁਝ ਪਲ ਮਾਇਆ ਦੀ ਮੈਲ ਤੋਂ ਮੁਕਤ ਹੋ ਜਾਂਦੀ ਹੈ।ਤਾਂ ਮਨ ਵਿਚ ਕੁਛ ਕੁ ਆਤਮ ਪ੍ਰਕਾਸ਼ ਦਾ ਝਲਕਾਰਾ ਪੈਂਦਾ ਹੈ।ਉਸ ਅਨੰਦ ਮਈ ਅਵਸਥਾ ਦਾ ਵਰਨਣ ਮਨੁੱਖ ਜਦ ਦੂਜੇ ਨੂੰ ਦਸਦਾ ਹੈ ਤਾਂ ਸੁਣਨ ਵਾਲਾ ਕਹਿੰਦਾ ਹੈ ਕਿ ਐਸੀ ਅਵਸਥਾ ਆਤਮ ਝਲਕਾਰੇ ਨੂੰ ਜਾਣ ਕਿਉਂ ਦਿਤਾ? ਮਨੁੱਖ ਉਤਰ ਦਿੰਦਾ ਹੈ, ਸਾਂਭਦਾ ਕੌਣ, ਐਸਾ ਅਨੰਦ ਤਾਂ ਮਨ ਦੀ ਪਕੜ ਤੋਂ ਪਰੇ ਹੈ।ਹੁਣ ਕੋਈ ਤਰੀਕਾ ਦੱਸੇ ਤਾਂ ਕਿ ਇਸ ਅਵਸਥਾ ਨੂੰ ਪ੍ਰਤੱਖ ਮਾਣਿਆ ਜਾ ਸਕੇ।੧੩।
ਨੈਣ ਨ ਦੇਖਹਿ ਸਾਧ, ਸਿ ਨੈਣ ਬਿਹਾਲਿਆ ॥ ਜਿਹੜੀਆਂ ਅੱਖਾਂ ਸਾਧੂਆਂ ਦੇ ਦਰਸ਼ਨ ਨਹੀ ਕਰਦੀਆ, ਉਹ (ਅੱਖਾਂ) ਬੁਰੇ ਹਾਲ ਵਾਲੀਆਂ (ਦੁਖੀ ਹੁੰਦੀਆਂ) ਹਨ।
ਕਰਨ ਨ ਸੁਨਹੀ ਨਾਦੁ ,ਕਰਨ ਮੁੰਦਿ ਘਾਲਿਆ ॥ ਜਿਹੜੇ ਕੰਨ (ਗੁਰੂ ਦਾ) ਉਪਦੇਸ਼ ਨਹੀ ਸੁਣਦੇ ਉਹ ਕੰਨ (ਮਾਨੋ) ਬੰਦ ਕਰ ਦੇਣ ਦੇ ਯੋਗ ਹਨ; ਕੰਨ (ਸ਼ਬਦ ਸੁਣਨ ਤੋਂ ਮਾਨੋ) ਬੰਦ ਕੀਤੇ ਪਏ ਹਨ (ਨਿਰਣੈ; ਦਰਪਣ)।
ਅੰਗ ੧੩੬੩ = ਰਸਨਾ ਜਪੈ ਨ ਨਾਮੁ ,ਤਿਲੁ ਤਿਲੁ ਕਰਿ ਕਟੀਐ ॥ ਜਿਹੜੀ ਜੀਭ ਵਾਹਿਗੁਰੂ ਦਾ ਨਾਮ ਨਹੀ ਜਪਦੀ, (ਉਹ ਜੀਭ) ਰੱਤੀ ਰੱਤੀ ਕਰ ਕੇ ਕੱਟ ਦੇਣੀ ਚਾਹੀਦੀ ਹੈ {ਰੇ ਜਿਹਬਾ ਕਰਉ ਸਤ ਖੰਡ।ਜਾਮਿ ਨ ਉਚਰਸਿ ਸ੍ਰੀ ਗੋਬਿੰਦ ੧੧੬੩}।
ਹਰਿ ਹਾਂ ਜਬ ਬਿਸਰੈ ਗੋਬਿੰਦ ਰਾਇ, ਦਿਨੋ ਦਿਨੁ ਘਟੀਐ ॥੧੪॥ ਹੇ ਸਖੀ! ਜਦ ਮਨੁੱਖ ਨੂੰ ਹਰੀ ਭੁੱਲ ਜਾਵੇ, ਤਾਂ ਦਿਨੋ ਦਿਨ ਘਟੀਦਾ (ਆਤਮ ਜੀਵਨ ਕਮਜੋਰ ਹੁੰਦਾ) ਹੈ।੧੪।
ਪਦਾਰਥ = ਨੈਣ–ਅੱਖਾਂ।ਸਿ–ਉਹ।ਬਿਹਾਲਿਆ–ਬੁਰੇ ਹਾਲ ਵਾਲੇ; ਦੁਖੀ।ਕਰਨ–ਕੰਨ।ਨ ਸੁਨਹੀ–ਨਹੀਂ ਸੁਣਦੇ।ਨਾਦੁ–ਗੁਰ ਉਪਦੇਸ਼; ਕੀਰਤਨ।ਮੁੰਦਿ ਘਾਲਿਆ–ਬੰਦ ਕਰਨੇ ਯੋਗ ਹਨ।ਰਸਨਾ–ਜੀਭ।ਤਿਲੁ ਤਿਲੁ ਕਰਿ–ਤਿਲ ਦੇ ਬੀਜ ਦੇ ਅਕਾਰ ਜਿੰਨੀ ਕਰਕੇ।ਜਬ–ਜਦ।ਬਿਸਰੈ–ਭੁੱਲ ਜਾਂਦਾ ਹੈ।ਘਟੀਐ–ਘਟੀਦਾ (ਕਮਜੋਰ ਹੋਈਦਾ) ਹੈ।੧੪।
ਵਿਆਖਿਆ = ਗੁਰੂ ਦੇ ਦਰਸ਼ਨ ਤੋਂ ਬਿਨਾ ਅੱਖਾਂ ਰੰਗ ਤਮਾਸ਼ੇ ਆਦਿ ਦੇਖਦੀਆਂ ਹਨ, (ਇਹੋ ਜਿਹੀਆਂ ਅੱਖਾਂ ਵਾਲੇ ਦਾ ਅਖੀਰ ਵਿਚ) ਬੁਰਾ ਹਾਲ ਹੁੰਦਾ ਹੈ {ਜਿਨ੍ ਲੋਇਣ ਜਗੁ ਮੋਹਿਆ, ਸੇ ਲੋਇਣ ਮੈ ਡਿਠੁ।ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ੧੩੭੮}।ਐਸੇ ਨੈਣ ਚੰਗੀਆਂ ਚੀਜਾਂ ਦੇਖਣ ਤੋਂ ਬਾਂਝੇ ਰਹਿੰਦੇ ਹਨ, ਜਿਵੇਂ ਉਲੂ ਚਮਗਿਦੜਾਂ ਅੱਖਾਂ ਨਾਲ ਚਾਨਣ ਨਹੀਂ ਦੇਖ ਸਕਦੇ, ਹਨ੍ਹੇਰੇ ਵਿਚ ਹੀ ਖੁਲ੍ਹਦੀਆਂ ਹਨ, ਚਾਨਣ ਵਿਚ ਨਹੀ।ਕੰਨ ਵੀ ਗੰਦੇ ਗੀਤ ਸੁਣਦੇ ਹੋਏ ਹਰੀ ਜਸ ਸੁਣਨ ਵਲੋਂ ਬੰਦ ਹੀ ਰਹਿੰਦੇ ਹਨ।ਇਹ ਸਾਰੇ ਇੰਦ੍ਰੇ ਆਨ ਰਸਾਂ ਵਿਚ ਲੱਗੇ ਹੋਣ ਕਰਕੇ ਹਰੀ ਰਸ ਵਲੋਂ ਬੰਦ ਹਨ।ਇਨ੍ਹਾਂ ਦਾ ਮੂਲ ਸ੍ਰੋਤ ਬੰਦ ਹੈ, ਬਾਹਰੀ ਸ੍ਰੋਤ ਹੀ ਸਿਰਫ ਕੰਮ ਕਰਦਾ ਹੈ।ਜਿਸ ਕਰਕੇ ਦਿਨੋ ਦਿਨ ਇਨ੍ਹਾਂ ਇੰਦ੍ਰਿਆਂ ਦੀ ਤਾਕਤ ਘਟਦੀ ਹੈ।੧੪।
ਪੰਕਜ ਫਾਥੇ ਪੰਕ, ਮਹਾ ਮਦ ਗੁੰਫਿਆ ॥ ਕਮਲ ਫੁੱਲ ਚਿੱਕੜ ਵਿਚ ਫਸਿਆ ਹੋਇਆ (ਅਪਣੀ ਸੁੰਦਰਤਾ ਤੇ ਮਹਿਕ ਦੇ) ਹੰਕਾਰ ਵਿਚ ਬਹੁਤ (ਗੁੰਦਿਆ) ਰਚਿਆ ਹੋਇਆ ਹੈ (ਬੇਸ਼ੱਕ ਕਮਲ ਵਿਚ ਸੁਗੰਧੀ ਹੈ ਪਰ ਜੜ ਤਾਂ ਚਿੱਕੜ ਵਿਚ ਹੈ ਭਾਵ ਮਨੁੱਖ ਦੇਖਣ ਨੂੰ ਕਮਲ ਵਾਂਗ ਸੁੰਦਰ ਲਗਦਾ ਹੈ ਪਰ ਮੋਹ ਦੇ ਚਿੱਕੜ ਵਿਚ ਫਸਿਆ ਹੈ)।
ਅੰਗ ਸੰਗ ਉਰਝਾਇ, ਬਿਸਰਤੇ ਸੁੰਫਿਆ ॥ (ਕਮਲ ਫੁੱਲ ਦੇ) ਅੰਗ ਭਾਵ ਪੱਤੇ ਚਿੱਕੜ ਨਾਲ ਉਲਝੇ ਪਏ ਹਨ ਅਤੇ ਅਪਣੀ ਸਫਾਈ ਭੁੱਲ

ਗਈ (ਮੈਲੇ ਹੋ ਰਹੇ ਹਨ) ਜਾਂ ਖਿੜਨਾ ਭੁੱਲ ਗਿਆ ਭਾਵ ਚਿੱਕੜ ਵਿਚ ਲਿਬੜਿਆ ਹੋਣ ਕਰਕੇ ਖਿੜ ਨਹੀਂ ਸਕਿਆ।
ਹੈ ਕੋਉ ਐਸਾ ਮੀਤੁ ,ਜਿ ਤੋਰੈ ਬਿਖਮ ਗਾਂਠਿ ॥ (ਹੇ ਭਾਈ!) ਕਮਲ ਦਾ ਕੋਈ ਮਿਤ੍ਰ ਹੈ? ਜੋ ਕਮਲ ਦੀ ਚਿੱਕੜ ਨਾਲ ਪਈ ਕਠਨ ਗੰਢ ਨੂੰ ਤੋੜ ਦੇਵੇ।
ਨਾਨਕ ਇਕੁ ਸ੍ਰੀਧਰ ਨਾਥੁ, ਜਿ ਟੂਟੇ ਲੇਇ ਸਾਂਠਿ ॥੧੫॥ ਨਾਨਕ ਗੁਰੂ ਜੀ ਆਖਦੇ ਹਨ, ਇਕ ਹਰੀ ਮਿਤ੍ਰ ਹੈ ਜੋ ਟੁੱਟਿਆਂ (ਕਮਲ ਦੇ ਪੱਤਿਆਂ) ਨੂੰ ਮੁੜ ਜੋੜ (ਗੰਢ) ਲੈਂਦਾ ਹੈ ਭਾਵ ਹਰੀ ਦੀ ਸਹਾਇਤਾ ਨਾਲ ਕਮਲ ਮੁੜ ਖਿੜ ਸਕਦਾ ਹੈ।
ਦੂਜਾ ਅਰਥ = ਕਮਲ ਫੁੱਲ ਵਿਚ ਭੌਰਾ ਫਸਿਆ ਹੋਇਆ ਹੈ, ਉਸਦੀ ਸੁਗੰਧੀ ਕਰਕੇ (ਆਪਾ ਭੁਲਾ ਕੇ) ਕਮਲ ਵਿਚ ਗੁੰਦਿਆ ਗਿਆ (ਮਸਤ ਹੋ ਕੇ ਫਸ ਗਿਆ)। ਭੌਰੇ ਦੇ ਅੰਗ (ਕਮਲ) ਨਾਲ ਉਲਝ ਗਏ ਭਾਵ ਸੂਰਜ ਛਿਪਣ ਤੇ ਕਮਲ ਵਿਚ ਬੰਦ ਹੋ ਗਿਆ (ਕਿਉਂਕਿ ਬੰਦ ਹੋਣ ਤੋਂ ਪਹਿਲਾਂ ਐਸਾ ਮਗਨ ਹੋਇਆ) ਉਡਣਾ ਭੁੱਲ ਗਿਆ। ਕੋਈ ਭੌਰੇ ਦਾ ਮਿਤ੍ਰ ਹੈ? ਜੋ ਭੌਰੇ ਦੀ ਕਮਲ ਵਿਚ ਉਲਝੇ ਦੀ ਗੰਢ ਤੋੜ ਦੇਵੇ। ਗੁਰੂ ਜੀ ਆਖਦੇ ਹਨ, ਇਕ ਹਰੀ ਹੈ ਜੋ ਟੁੱਟੇ ਹੋਏ ਭੌਰੇ ਦੇ ਅੰਗਾਂ ਨੂੰ (ਸਾਂਠਿ) ਸੁਆਰ ਸਕਦਾ ਹੈ (ਸੂਰਜ ਚੜ੍ਹਨ ਤੇ ਕਮਲ ਖਿੜ ਜਾਵੇ ਤੇ ਭੌਰਾ ਉਡ ਜਾਵੇ)। ਇਸ ਵਿਚ ਜੀਵ ਭੌਰਾ ਹੈ, ਸੰਸਾਰ ਕਮਲ ਹੈ, ਸੰਸਾਰ ਦੇ ਪਦਾਰਥਾਂ ਦੀ ਮਹਿਕ ਵਿਚ ਐਸਾ ਮਸਤ ਹੈ, ਕਮਲ ਦੀਆਂ ਪ੍ਰਵਾਰ ਰੂਪ ਪੰਖੜੀਆਂ ਵਿਚ ਬੰਦ ਹੋਇਆ ਹੈ। ਇਸ ਵਿਚੋਂ ਨਿਕਲ ਕੇ ਹਰੀ ਵੱਲ ਨਹੀ ਉਡ ਸਕਦਾ।੧੫।
ਭਾਵ ਅਰਥ = ਜੀਵ ਰੂਪ ਕਮਲ ਜੋ ਹੰਕਾਰ ਰੂਪ ਸੁਗੰਧੀ ਵਿਚ ਗੁੰਦਿਆ, ਮੋਹ ਦੇ ਚਿੱਕੜ ਵਿਚ ਫਸਿਆ ਹੋਇਆ ਹੈ, ਦਿਲ ਪ੍ਰਵਾਰ ਵਿਚ ਉਲਝ ਰਿਹਾ ਹੈ। ਤਾਂ ਤੇ ਹਰੀ ਦੇ ਪਾਸੇ ਦੀ ਸਫਾਈ ਭੁੱਲ ਗਈ ਹੈ (ਹਰੀ ਵੱਲ ਉਡਣਾ ਭੁੱਲ ਗਿਆ ਹੈ)। ਐਸਾ ਕੋਈ ਜੀਵ ਦਾ ਮਿਤ੍ਰ ਹੈ? ਜੋ ਮੋਹ ਦੀ ਬਿਖਮ ਗੰਢ ਨੂੰ ਤੋੜ ਦੇਵੇ। ਸਤਗੁਰੂ ਮਿਤ੍ਰ ਹੈ ਜੋ ਨਾਮ ਬਾਣੀ ਦੀ ਬਰਖਾ ਕਰਕੇ ਜੀਵ ਦਾ ਹਰੀ ਨਾਲੋਂ ਟੁੱਟਾ ਮਨ ਜੋੜ ਸਕਦਾ ਹੈ (ਫ.ਸ. ਵਿਚੋਂ)।
ਪਦਾਰਥ = ਪੰਕਜ–ਕਮਲ। ਫਾਥੇ–ਫਸਿਆ। ਪੰਕ–ਚਿੱਕੜ; ਭੌਰੇ ਦੇ ਖੰਭ। ਮਹਾ ਮਦ–(ਸੁੰਦਰਤਾ ਦੀ ਵੱਡੀ ਮਸਤੀ) ਬਹੁਤ ਮਹਿਕ; ਹੰਕਾਰ। ਗੁੰਫਿਆ–ਗੁੰਦਿਆ; ਪ੍ਰੋਇਆ; ਰਚਿਆ। ਅੰਗ ਸੰਗ–ਕਮਲ ਦੇ ਅੰਗਾਂ (ਪੰਖੜੀਆਂ; ਪੱਤਿਆਂ) ਨਾਲ। ਉਰਝਾਇ–ਉਲਝੇ ਪਏ ਹਨ। ਸੁੰਫਿਆ–ਖੁਸ਼ੀ; ਸੁੰਦਰਤਾ; ਸਫਾਈ; ਉਡਣਾ; ਖਿੜਨਾ। ਕੋਉ ਮੀਤੁ–ਕੋਈ ਮਿਤ੍ਰ। ਜਿ–ਜਿਹੜਾ। ਤੋਰੈ–ਤੋੜ ਦੇਵੇ। ਬਿਖਮ–ਔਖੀ। ਗਾਂਠਿ–ਗੰਢ। ਸਾਂਠਿ–ਸੱਠ; ਗੰਢ; ਜੋੜ। ਸ੍ਰੀ ਧਰ–ਕਰਤਾਰ। ਨਾਥ–ਜਗਤ ਦਾ ਮਾਲਕ।੧੫।
ਧਾਵਉ ਦਸਾ ਅਨੇਕ, ਪ੍ਰੇਮ ਪ੍ਰਭ ਕਾਰਣੇ ॥ ਹੇ ਸਖੀ! ਪ੍ਰਭੂ ਦੇ ਪ੍ਰੇਮ ਦੀ ਪ੍ਰਾਪਤੀ ਵਾਸਤੇ ਕਈ ਪਾਸੇ ਦੌੜਦੀ ਹਾਂ।
ਪੰਚ ਸਤਾਵਹਿ ਦੂਤ, ਕਵਨ ਬਿਧਿ ਮਾਰਣੇ ॥ ਪੰਜ ਕਾਮਾਦਿਕ ਦੂਤ ਮੈਨੂੰ ਦੁੱਖੀ ਕਰਦੇ ਹਨ, ਦਸੋ! ਇਨ੍ਹਾਂ ਨੂੰ ਕਿਸ ਵਿਧੀ ਨਾਲ ਮਾਰਿਆ ਜਾਏ?
ਤੀਖਣ ਬਾਣ ਚਲਾਇ, ਨਾਮੁ ਪ੍ਰਭ ਧ੍ਯਾਈਐ ॥ (ਉਤਰ) ਪ੍ਰਭੂ ਦਾ ਨਾਮ ਧਿਆਉਣਾ ਚਾਹੀਦਾ ਹੈ (ਇਹ ਸਿਮਰਨ ਰੂਪ) ਤਿੱਖੇ ਤੀਰ ਚਲਾ ਕੇ (ਦੂਤ ਮਾਰੀਦੇ ਹਨ)।
ਹਰਿ ਹਾਂ ਮਹਾ ਬਿਖਾਦੀ ਘਾਤ, ਪੂਰਨ ਗੁਰੁ ਪਾਈਐ ॥੧੬॥ ਹੇ ਸਖੀ! ਜਦ ਪੂਰਾ ਗੁਰੂ ਪਾਈਦਾ ਹੈ ਤਾਂ ਵਡੇ ਦੁੱਖ ਦਾਈ (ਕਾਮਾਦਿਕ) ਦੂਤਾਂ ਦਾ ਨਾਸ਼ ਹੋ ਜਾਂਦਾ ਹੈ; ਜੇ ਪੂਰਾ ਗੁਰੂ ਮਿਲ ਪਵੇ ਤਾਂ ਮਹਾਂ ਦੁਖਦਾਈਆਂ ਦਾ ਮਾਰਨਾ ਆ ਜਾਂਦਾ ਹੈ (ਸ਼ਬਦਾਰਥ)।੧੬।
ਪਦਾਰਥ = ਧਾਵਉ–ਦੌੜਦੀ ਹਾਂ। ਦਸਾ–ਦਿਸ਼ਾ; ਤਰਫ। ਕਾਰਣੇ–ਵਾਸਤੇ। ਪੰਚ–ਪੰਜ ਕਾਮਾਦਿਕ। ਸਤਾਵਹਿ–ਦੁਖੀ ਕਰਦੇ ਹਨ। ਕਵਨ ਬਿਧਿ–ਕਿਸ ਤਰੀਕੇ ਨਾਲ। ਤੀਖਣ–ਤਿੱਖੇ। ਬਾਣ–ਤੀਰ। ਮਹਾ ਬਿਖਾਦੀ–ਅਤੀ ਦੁੱਖਦਾਈ। ਘਾਤ–ਮਾਰਨਾ। ਧ੍ਯਾਈਐ ਨੂੰ ਧਿਆਈਐ ਪੜ੍ਹੋ।੧੬।
ਸਾਰੰਸ਼ = ਪ੍ਰੇਮੀ, ਹਰੀ ਦੀ ਢੂੰਢ ਵਿਚ ਚਾਰ ਚੁਫੇਰੇ ਭਟਕਦਾ ਫਿਰਦਾ ਹੈ। ਕਾਮਾਦਿਕ ਬੈਰੀ ਦੁਖੀ ਕਰਦੇ ਹਨ। ਨਾਮ ਬਾਣੀ ਦੇ ਤੀਰਾਂ ਨਾਲ ਇਨ੍ਹਾਂ ਬੈਰੀਆਂ ਨੂੰ ਮਾਰ ਕੇ ਬਚਿਆ ਜਾ ਸਕਦਾ ਹੈ। ਇਨ੍ਹਾਂ ਬੈਰੀਆਂ ਨੂੰ ਮਾਰਨ ਦੀ ਸਿਖਿਆ ਪੂਰੇ ਗੁਰੂ ਤੋਂ ਮਿਲਦੀ ਹੈ।੧੬।
ਸਤਿਗੁਰ ਕੀਨੀ ਦਾਤਿ, ਮੂਲਿ ਨ ਨਿਖੁਟਈ ॥ ਸੱਤਗੁਰੂ ਦੀ ਬਖਸ਼ਿਸ ਕੀਤੀ ਹੋਈ (ਨਾਮ ਦੀ) ਦਾਤ ਬਿਲਕੁਲ ਨਹੀ ਮੁਕਦੀ।
ਖਾਵਹੁ ਭੁਚਹੁ ਸਭਿ, ਗੁਰਮੁਖਿ ਛੁਟਈ ॥ (ਨਾਮ ਦੀ ਦਾਤ ਨੂੰ ਰੱਜ ਕੇ) ਖਾਵੋ ਅਤੇ ਅਨੰਦ ਮਾਣੋ ਭਾਵ ਨਾਮ ਜਪੋ ਅਤੇ ਹਿਰਦੇ ਵਿਚ ਧਾਰਣ ਕਰੋ (ਇਉਂ) ਗੁਰਮੁਖ ਬਣ ਕੇ (ਸੰਸਾਰ ਤੋਂ) ਮੁਕਤ ਹੋ ਜਾਈਦਾ ਹੈ।
ਅੰਮ੍ਰਿਤੁ ਨਾਮੁ ਨਿਧਾਨੁ, ਦਿਤਾ ਤੁਸਿ ਹਰਿ ॥ ਹਰੀ ਨੇ ਪ੍ਰਸੰਨ ਹੋ ਕੇ (ਸਾਨੂੰ ਸੁੱਖਾਂ ਦਾ) ਖਜਾਨਾ ਅੰਮ੍ਰਿਤ ਮਈ ਨਾਮ ਦਿਤਾ ਹੈ।
ਨਾਨਕ ਸਦਾ ਅਰਾਧਿ, ਕਦੇ ਨ ਜਾਂਹਿ ਮਰਿ ॥੧੭॥ਨਾਨਕ ਗੁਰੂ ਜੀ ਆਖਦੇ ਹਨ, ਹੇ ਭਾਈ! ਇਸ ਨਾਮ ਨੂੰ ਸਦਾ ਜਪ, ਫਿਰ ਤੂੰ ਕਦੇ ਮਰ ਨਹੀਂ ਜਾਵੇਂਗਾ (ਅਮਰ ਹੋ ਜਾਵੇਂਗਾ)।੧੭।
ਪਦਾਰਥ = ਕੀਨੀ–ਕੀਤੀ। ਮੂਲਿ–ਬਿਲਕੁਲ; ਉਕਾ ਹੀ। ਨ ਨਿਖੁਟਈ–ਮੁੱਕਦੀ ਨਹੀ। ਖਾਵਹੁ–ਖਾਓ (ਨਾਮ ਜਪੋ) ਭੁੰਚਹੁ–ਅਨੰਦ ਮਾਣੋ; (ਹਿਰਦੇ ਵਿਚ) ਧਾਰਣ ਕਰੋ। ਛੁਟਈ–ਮੁਕਤ ਹੋਈਦਾ ਹੈ। ਨਿਧਾਨੁ–ਖਜਾਨਾ। ਤੁਸਿ–ਖੁਸ਼ ਹੋ ਕੇ।੧੭।
ਵਿਆਖਿਆ ॥ ਨਾਮ ਦੀ ਦਾਤ ਅਮੁੱਕ ਹੈ, ਨਾ ਹੀ ਲੁਕਾ ਕੇ ਰੱਖਣ ਵਾਲੀ ਹੈ। ਰਲ ਮਿਲ ਕੇ ਆਪ ਖਾਓਤੇ ਹੋਰਨਾਂ ਨੂੰ ਵੀ ਖੁਆਓ। ਇਹ

ਸੂਮ ਦਾ ਧਨ ਨਹੀ, ਵਪਾਰੀ ਦੀ ਰਾਸ ਨਹੀ, ਲੁੱਟ ਨਹੀ, ਹਰੀ ਆਪ ਖੁਸ਼ ਹੋ ਕੇ ਦਿੰਦਾ ਹੈ।ਮਰੇ ਨੂੰ ਜਿਉਂਦਾ ਅਤੇ ਅਮਰ ਕਰਨ ਵਾਲਾ ਹੈ।੧੭।

ਜਿਥੈ ਜਾਇ ਭਗਤੁ, ਸੁ ਥਾਨੁ ਸੁਹਾਵਣਾ ॥ ਜਿਥੇ ਭਗਤ ਜਾ ਕੇ (ਬੈਠਦਾ ਹੈ) ਉਹ ਥਾਂ ਸੁੰਦਰ ਹੋ ਜਾਂਦਾ ਹੈ।{ਜਿਥੈ ਬੈਸਨਿ ਸਾਧ ਜਨ, ਸੋ ਥਾਨੁ ਸੁਹੰਦਾ ੩੧੯}।

ਸਗਲੇ ਹੋਏ ਸੁਖ, ਹਰਿ ਨਾਮੁ ਧਿਆਵਣਾ ॥ (ਉਸ ਥਾਂ ਤੇ) ਹਰੀ ਦਾ ਨਾਮ ਧਿਆਉਣ ਕਰਕੇ ਸਾਰੇ ਸੁੱਖ (ਪ੍ਰਾਪਤ)ਹੁੰਦੇ ਹਨ।

ਜੀਅ ਕਰਨਿ ਜੈਕਾਰੁ, ਨਿੰਦਕ ਮੁਏ ਪਚਿ ॥ (ਸ਼ਰਧਾਲੂ) ਜੀਵ ਭਗਤਾਂ ਦੀ ਵਡਿਆਈ ਕਰਦੇ ਹਨ ਤੇ (ਭਗਤਾਂ) ਦੇ ਨਿੰਦਕ (ਵਡਿਆਈ ਨਾ ਸਹਿੰਦੇ ਹੋਏ ਈਰਖਾ ਦੀ ਅੱਗ ਵਿਚ) ਸੜ ਮਰਦੇ (ਦੁਖੀ ਹੁੰਦੇ) ਹਨ।

ਸਾਜਨ ਮਨਿ ਆਨੰਦੁ, ਨਾਨਕ ਨਾਮੁ ਜਪਿ ॥੧੮॥ ਨਾਨਕ ਗੁਰੂ ਜੀ ਆਖਦੇ ਹਨ, ਨਾਮ ਜਪ ਕੇ ਸੱਜਨ ਪੁਰਖਾਂ ਦੇ ਮਨ ਵਿਚ ਅਨੰਦ (ਪ੍ਰਾਪਤ) ਹੁੰਦਾ ਹੈ।੧੮।

ਪਦਾਰਥ = ਸੁ-ਉਹ।ਸੁਹਾਵਣਾ-ਸੋਹਣਾ; ਸੁਖਦਾਈ।ਸਗਲੇ-ਸਾਰੇ।ਜੀਅ-ਜੀਵ।ਜੈਕਾਰ-ਵਡਿਆਈ; ਨਮਸ਼ਕਾਰ।ਮੁਏ ਪਚਿ-ਸੜ (ਦੁਖੀ ਹੋ) ਕੇ ਮਰਦੇ ਹਨ।ਸਾਜਨ-ਸੱਜਨ ਪੁਰਖਾਂ ਦੇ।ਮਨਿ-ਮਨ ਵਿਚ।੧੮।

ਵਿਆਖਿਆ = ਜਿਥੇ ਹਰੀ ਦੇ ਭਗਤ ਬੈਠ ਕੇ ਨਾਮ ਜਪਦੇ, ਦੀਵਾਨ ਲਗਾ ਕੇ ਜੁੜੀ ਸੰਗਤ ਨੂੰ ਕੀਰਤਨ ਸੁਣਾਉਂਦੇ ਹਨ, ਉਹ ਥਾਂ ਦੈਵੀ ਪ੍ਰਭਾਵ ਕਰਕੇ ਪਿਆਰਾ ਤੇ ਸੋਹਣਾ ਲੱਗਣ ਲਗਦਾ ਹੈ।ਉਥੋਂ ਸੁਖ ਮਿਲਦਾ ਹੈ, ਦੁੱਖ ਨਸ ਜਾਂਦਾ ਹੈ।ਸੱਜਨਾਂ ਨੂੰ ਅਨੰਦ ਮਿਲਦਾ ਹੈ ਅਤੇ ਨਿੰਦਕ ਸੜਦੇ ਹਨ।੧੮।

ਪਾਵਨ ਪਤਿਤ ਪੁਨੀਤ, ਕਤਹ ਨਹੀ ਸੇਵੀਐ ॥ ਪਾਪੀਆਂ ਨੂੰ ਪਵਿਤ੍ਰ ਕਰਨ ਵਾਲੇ ਪਵਿਤ੍ਰ ਹਰੀ ਨੂੰ (ਜੋ ਮਨੁੱਖ) ਕਦੇ ਨਹੀ ਸਿਮਰਦੇ। ਝੂਠੈ ਰੰਗਿ ਖੁਆਰੁ ,ਕਹਾਂ ਲਗੁ ਖੇਵੀਐ ॥ (ਉਹ) ਝੂਠੇ (ਨਾਸ਼ਵੰਤ) ਪਦਾਰਥਾਂ ਦੇ ਅਨੰਦ ਵਿਚ (ਲੱਗ ਕੇ) ਖੁਆਰ ਹੁੰਦੇ ਹਨ (ਇਹ ਅਨੰਦ) ਕਦੋਂ ਤਕ ਰਹਿਣਗੇ (ਚਲਣਗੇ)। ਦੂਜਾ ਅਰਥ = ਮਾਇਆ ਦੇ ਝੂਠੇ ਸੁਖ ਖੁਆਰ (ਕਰਨ ਵਾਲੇ) ਹਨ, ਇਨ੍ਹਾਂ ਸੁਖਾਂ ਨਾਲ ਕਦ ਤਕ ਗੁਜਾਰਾ ਹੋਵੇਗਾ? (ਸਦਾ ਸਾਥ ਨਿਭਣ ਵਾਲੇ ਨਹੀ)।

ਹਰਿ ਚੰਦਉਰੀ ਪੇਖਿ, ਕਾਹੇ ਸੁਖੁ ਮਾਨਿਆ ॥ (ਹੇ ਭਾਈ!) ਹਵਾਈ ਨਗਰ ਵਾਂਗ ਝੂਠੇ ਪਦਾਰਥਾਂ ਨੂੰ ਦੇਖ ਕੇ ਤੂੰ ਕਿਉਂ ਸੁੱਖ ਮੰਨ ਲਿਆ ਹੈ।

ਹਰਿ ਹਾਂ ਹਉ ਬਲਿਹਾਰੀ ਤਿੰਨ, ਜਿ ਦਰਗਹਿ ਜਾਨਿਆ ॥੧੯॥ ਹੇ ਸਖੀ! ਅਸੀਂ ਉਨ੍ਹਾਂ ਗੁਰਮੁਖਾਂ ਤੋਂ ਬਲਹਾਰ ਜਾਂਦੇ ਹਾਂ, ਜੋ ਹਰੀ ਦੀ ਹਜੂਰੀ ਵਿਚ ਜਾਣੇ (ਸਤਕਾਰੇ ; ਸ੍ਰੇਸਟ ਮੰਨੇ) ਜਾਂਦੇ ਹਨ।੧੯॥

ਪਦਾਰਥ = ਪਾਵਨ-ਪਵਿਤ੍ਰ (ਵਾਹਿਗੁਰੁ)।ਪਤਿਤ-ਪਾਪੀ; ਅਧਰਮੀ (ਜੋ ਧਰਮ ਤੋਂ ਗਿਰੇ ਹਨ)।ਪੁਨੀਤ-ਪਵਿਤ੍ਰ ਕਰਨ ਵਾਲਾ।ਕਤਹ-ਕਦੇ ਵੀ।ਰੰਗਿ-ਅਨੰਦ; ਸੁੱਖ।ਕਹਾ ਲਗੁ-ਕਿਥੋਂ ਤਕ; ਕਦ ਤਕ।ਖੇਵੀਐ-ਗੁਜਾਰਾ ਕਰਨਾ; (ਬੇੜੀ) ਚੱਲਾਉਣੀ; ਸਹਿਣ ਕਰਨਾ।ਹਰਿ ਚੰਦਉਰੀ-ਅਕਾਸ਼ ਵਿਚ ਭਰਮ ਕਰਕੇ (ਧੁੰਧ ਸਮੇਂ ਰੇਤਲੇ ਇਲਾਕੇ ਵਿਚ) ਸ਼ਹਿਰ ਪ੍ਰਤੀਤ ਹੁੰਦਾ ਹੈ, ਇਸਨੂੰ ਹਰੀ ਚੰਦ ਦੀ ਨਗਰੀ ਆਖਦੇ ਹਨ।ਪੇਖਿ-ਦੇਖ ਕੇ।ਕਾਹੇ-ਕਿਉਂ।ਹਉ-ਮੈਂ।ਤਿੰਨ-ਉਨ੍ਹਾਂ ਤੋਂ।ਜਿ-ਜਿਹੜ੍ਹ।ਜਾਨਿਆ-ਜਾਣੇ ਜਾਂਦੇ (ਸਤਿਕਾਰੇ) ਹਨ।੧੯।

ਕੀਨੇ ਕਰਮ ਅਨੇਕ, ਗਵਾਰ ਬਿਕਾਰ ਘਨ ॥ ਇਸ ਮੂਰਖ ਮਨੁੱਖ ਨੇ (ਜਿਹੜੇ ਵੀ) ਅਨੇਕਾਂ ਕਰਮ ਕੀਤੇ ਹਨ, ਉਹ ਬਹੁਤ ਬਿਕਾਰਾਂ ਵਾਲੇ ਹੀ ਕੀਤੇ ਹਨ।

ਮਹਾ ਦੁਰਗੰਧਤ ਵਾਸੁ, ਸਠ ਕਾ ਛਾਰੁ ਤਨ ॥ ਬਹੁਤ ਜਿਆਦਾ (ਵਿਸ਼ੇ ਵਿਕਾਰਾਂ ਰੂਪ) ਦੁਰਗੰਧੀ ਵਿਚ ਮੂਰਖ ਮਨੁੱਖ ਦੇ ਸਰੀਰ ਦਾ (ਘਰ) ਵਾਸਾ ਹੈ, (ਜਿਸ ਕਰਕੇ ਅੰਤ ਨੂੰ ਮੂਰਖ ਮਨੁੱਖ ਦਾ ਸਰੀਰ) ਛਾਰ ਹੋ (ਮਿੱਟੀ ਵਿਚ ਮਿਲ) ਜਾਣ ਵਾਲਾ ਹੈ।

ਫਿਰਤਉ ਗਰਬ ਗੁਬਾਰਿ, ਮਰਣੁ ਨਹ ਜਾਨਈ ॥ ਇਹ ਹੰਕਾਰੀ ਪੁਰਸ਼ ਹੰਕਾਰ ਦੇ ਘੁੱਪ ਹਨ੍ਹੇਰੇ ਵਿਚ ਤੁਰਿਆ ਫਿਰਦਾ ਹੈ, ਮੌਤ ਨੂੰ ਜਾਣਦਾ ਹੀ ਨਹੀ (ਕਿ ਇਕ ਦਿਨ ਆਉਣੀ ਹੈ ਭਾਵ ਮੌਤ ਨੂੰ ਭੁੱਲੀ ਫਿਰਦਾ ਹੈ) {ਖਾਣਾ ਪੀਣਾ ਹਸਣਾ ਸਉਣਾ, ਵਿਸਰਿ ਗਇਆ ਹੈ ਮਰਣਾ ੧੨੫੪}।

ਹਰਿ ਹਾਂ ਹਰਿ ਚੰਦਉਰੀ ਪੇਖਿ, ਕਾਹੇ ਸਚੁ ਮਾਨਈ ॥੨੦॥ ਹੇ ਭਾਈ! ਹਰਿ ਚੰਦੌਰੀ ਵਾਂਗ ਝੂਠੇ ਸੰਸਾਰ ਨੂੰ ਦੇਖ ਕੇ ਕਿਉਂ ਸਦਾ ਰਹਿਣ ਵਾਲਾ ਮੰਨੀ ਬੈਠਾ ਹੈਂ ?।੨੦।

ਪਦਾਰਥ = ਗਵਾਰ-ਮੂਰਖ।ਗਵਾਰ-ਮੂਰਖ।ਘਨ-ਘਣੇ (ਬਹੁਤ)।ਮਹਾ ਦੁਰਗੰਧਤ-ਵਿਕਾਰਾਂ ਦੀ ਬਹੁਤ ਬਦ ਬੋ।ਵਾਸੁ-ਘਰ; ਨਿਵਾਸ।ਸਠ ਕਾ-ਮੂਰਖ ਦਾ।ਛਾਰੁ-ਸੁਆਹ; ਮਿੱਟੀ; ਨਿਸਫਲ।ਤਨ-ਸਰੀਰ।ਫਿਰਤਉ-ਫਿਰਦਾ ਹੈ।ਗਰਬ ਗੁਬਾਰਿ-ਹੰਕਾਰ ਦੇ ਘੁੱਪ ਹਨ੍ਹੇਰੇ ਵਿਚ।ਮਰਣੁ-ਮੌਤ।ਹਰਿ ਚੰਦਉਰੀ-ਭੁਲੇਖੇ ਵਿਚ ਕਿਸੇ ਝੂਠੀ ਚੀਜ ਦਾ ਸੱਚ ਪ੍ਰਤੀਤ ਹੋਣਾ।ਕਾਹੇ-ਕਿਉਂ।੨੦।

ਵਿਆਖਿਆ = ਵਿਸ਼ੇ ਲੰਪਟ ਪੁਰਸ਼ ਬਹੁਤ ਦੁਰਗੰਧੀ ਵਿਚ ਵਸਦੇ ਹਨ।ਪਰਮਾਰਥ ਵਿਚ ਬਦਬੋ ਨਾਮ ਰਸ ਦੇ ਉਲਟ ਖੋਟੇ ਪ੍ਰਭਾਵ ਦਾ ਨਾਮ ਹੈ।ਮਨ ਵਿਚ ਉਦਾਸੀ, ਹੋਛਾਪਣ, ਖਿੰਡਾਓ ਹੋਣਾ, ਆਲਸ ਆਦਿ ਤੋਂ ਕਦੇ ਕਦੇ ਅਪਣੇ ਆਪ ਨੂੰ ਗਿਲਾਨੀ ਆਉਣ ਲਗ ਪੈਂਦੀ ਹੈ।ਸਰੀਰ

ਹੌਲਾ, ਖੁਸ਼ ਤੇ ਚੌਕਸ ਰਹਿਣਾ, ਘਬਰਾਹਟ ਤੇ ਦਬਾਓ ਨਾ ਹੋਣਾ ਪ੍ਰਮਾਰਥਕ ਮਹਿਕ ਦੀ ਨਿਸ਼ਾਨੀ ਹੈ। ਇਸ ਤਰ੍ਹਾਂ ਦੀ ਸੁਗੰਧੀ ਕਦੇ ਕਦੇ ਆਤਮ ਦਸ਼ਾ ਵਿਚ ਨਿਰਮਲ ਹਿਰਦੇ ਵਾਲੇ ਮਨੁੱਖਾਂ ਨੂੰ ਮਹਿਸੂਸ ਵੀ ਹੁੰਦੀ ਹੈ। ਲਾਲਚੀ, ਹੰਕਾਰੀ, ਵਿਸ਼ਈ ਦੁਖੀ ਪੁਰਖ ਇਸ ਮਹਿਕ ਦਾ ਅਨੰਦ ਨਹੀ ਮਾਣ ਸਕਦੇ। ਮਨੁਖ ਨਾਸ਼ਵੰਤ ਪਦਾਰਥਾਂ ਦੇ ਸੁਖ ਨੂੰ ਅਸਲੀ ਮੰਨੀ ਬੈਠਾ ਹੈ, ਇਹੀ ਇਸ ਦੀ ਭੁੱਲ ਹੈ (ਭਾ:ਵੀਰ ਸਿੰਘ ਦੀ ਲਿਖਤ ਵਿਚੋਂ)।੨੦।

ਜਿਸਕੀ ਪੂਜੈ ਅਉਧ, ਤਿਸੈ ਕਉਣੁ ਰਾਖਈ ॥ ਜਿਸ ਮਨੁੱਖ ਦੀ ਉਮਰ ਪੂਰੀ ਹੋ ਜਾਂਦੀ ਹੈ, ਉਸਨੂੰ ਕੌਣ ਰਖ (ਬਚਾ) ਸਕਦਾ ਹੈ (ਕੋਈ ਨਹੀ ਬਚਾ ਸਕਦਾ)।

ਬੈਦਕ ਅਨਿਕ ਉਪਾਵ, ਕਹਾਂ ਲਉ ਭਾਖਈ ॥ ਹਕੀਮੀ ਇਲਾਜ ਕਰਨ ਵਾਲਾ (ਬਚਣ ਦੇ) ਅਨੇਕਾਂ ਜਤਨ ਕਿਥੋਂ ਤਕ ਦਸ ਸਕਦਾ ਹੈ? (ਉਮਰ ਪੂਰੀ ਹੋਣ ਤੇ ਮਰਨਾ ਹੀ ਹੈ) ਭਾਵ ਜਦ ਉਮਰ ਪੂਰੀ ਹੋ ਜਾਵੇ ਤਾਂ ਵੈਦਾਂ ਦੇ ਇਲਾਜ ਵੀ ਕੰਮ ਨਹੀ ਕਰਦੇ।

ਏਕੋ ਚੇਤਿ ਗਵਾਰ, ਕਾਜਿ ਤੇਰੈ ਆਵਈ ॥ ਹੇ ਮੂਰਖ ਮਨੁੱਖ! ਇਕ ਹਰੀ ਨੂੰ ਸਿਮਰ, ਜੋ ਤੇਰੇ (ਅੰਤ ਸਮੇਂ) ਕੰਮ ਆਵੇਗਾ।

ਹਰਿ ਹਾਂ ਬਿਨੁ ਨਾਵੈ ਤਨੁ ਛਾਰੁ, ਬ੍ਰਿਥਾ ਸਭੁ ਜਾਵਈ ॥੨੧॥ ਹੇ ਭਾਈ! ਹਰੀ ਦੇ ਨਾਮ ਤੋਂ ਬਿਨਾ ਸਰੀਰ ਸੁਆਹ (ਨਿਕੰਮਾ) ਹੈ, ਐਵੇਂ ਬਿਅਰਥ ਚਲਾ ਜਾਂਦਾ ਹੈ।੨੧।

ਪਦਾਰਥ = ਪੂਜੈ–ਪੂਰੀ ਹੋ ਜਾਵੇ। ਅਉਧ–ਉਮਰ। ਤਿਸੈ–ਉਸ (ਮਨੁੱਖ) ਨੂੰ। ਰਾਖਈ–ਰੱਖ (ਬਚਾ) ਸਕਦਾ ਹੈ। ਬੈਦਕ–ਵੈਦਾਂ ਦਾ ਇਲਾਜ ;ਹਿਕਮਤ। ਕਹਾਂ ਲਉ–ਕਿਥੋਂ ਤਕ। ਭਾਖਈ–ਦਸ ਸਕਦਾ ਹੈ। ਏਕੋ–ਇਕ ਹਰੀ ਨੂੰ। ਚੇਤਿ–ਸਿਮਰ। ਗਵਾਰ–ਹੇ ਮੂਰਖ। ਕਾਜਿ–ਕੰਮ। ਤਨੁ–ਸਰੀਰ। ਛਾਰੁ–ਸੁਆਹ (ਨਿਕੰਮਾ)। ਜਾਵਈ–ਚਲਾ ਜਾਂਦਾ ਹੈ।੨੧।

ਵਿਆਖਿਆ = ਜਦ ਉਮਰ ਪੂਰੀ ਹੋ ਜਾਵੇ ਤਾਂ ਡਾਕਟਰ ਵੀ ਬੰਦੇ ਨੂੰ ਬਚਾ ਨਹੀ ਸਕਦੇ। ਧਨੰਤਰ ਬੈਦ ਵਰਗੇ ਲੋਕਾਂ ਦਾ ਇਲਾਜ ਕਰਦੇ ਸੰਸਾਰ ਤੋਂ ਕੂਚ ਕਰ ਗਏ। ਹਰੀ ਜਨਮ ਮਰਨ ਮੇਟਣ ਦੇ ਸਮਰੱਥ ਹੈ।੨੧।

ਅਉਖਧੁ ਨਾਮੁ ਅਪਾਰੁ ,ਅਮੋਲਕੁ ਪੀਜਈ ॥ ਨਾਮ ਬਹੁਤ ਕੀਮਤੀ ਦਵਾਈ ਹੈ; ਬੇਅੰਤ ਪ੍ਰਭੂ ਦਾ ਨਾਮ ਅਮੋਲਕ ਦਵਾਈ ਹੈ, ਇਸ ਨੂੰ ਪੀਣਾ ਚਾਹੀਦਾ ਹੈ (ਜੋ ਅਨੇਕਾਂ ਮਾਨਸਕ ਤੇ ਸਰੀਰਕ ਰੋਗਾਂ ਦਾ ਇਲਾਜ ਹੈ)।

ਮਿਲਿ ਮਿਲਿ ਖਾਵਹਿ ਸੰਤ, ਸਗਲ ਕਉ ਦੀਜਈ ॥ ਸੰਤ ਜਨ ਇਸ ਦਵਾਈ ਨੂੰ ਆਪਸ ਵਿਚ ਮਿਲ ਮਿਲ ਕੇ ਖਾਂਦੇ ਹਨ, ਹੋਰ ਸਾਰਿਆਂ (ਚਾਹਵਾਨ ਪੁਰਖਾਂ) ਨੂੰ ਵੀ ਦਿੰਦੇ ਹਨ (ਆਪ ਵੀ ਸੱਤ ਸੰਗਤ ਵਿਚ ਮਿਲ ਕੇ ਨਾਮ ਜਪਦੇ ਹਨ ਅਤੇ ਸੰਗਤ ਵਿਚ ਪੁੱਜੇ ਪ੍ਰੇਮੀਆਂ ਨੂੰ ਵੀ ਨਾਮ ਦੀ ਦਾਤ ਦੇਂਦੇ ਹਨ)।

ਜਿਸੈ ਪਰਾਪਤਿ ਹੋਇ, ਤਿਸੈ ਹੀ ਪਾਵਣੇ ॥ ਜਿਸ ਨੂੰ (ਇਹੋ ਜਿਹੇ ਸੰਤਾਂ ਦੀ ਸੰਗਤ) ਪ੍ਰਾਪਤ ਹੁੰਦੀ ਹੈ, ਉਸਨੇ ਹੀ ਨਾਮ ਨੂੰ ਪਾਇਆ ਹੈ (ਸੰ. ਸ.;ਫ.ਸ.)। ਦੂਜਾ ਅਰਥ = ਜਿਸਦੇ (ਭਾਗਾਂ ਵਿਚ ਨਾਮ) ਪ੍ਰਾਪਤ ਕਰਨਾ (ਲਿਖਿਆ) ਹੁੰਦਾ ਹੈ, ਉਸੇ ਨੂੰ ਹੀ ਮਿਲਦਾ ਹੈ।

ਹਰਿ ਹਾਂ ਹਉ ਬਲਿਹਾਰੀ ਤਿਨ੍ ,ਜਿ ਹਰਿ ਰੰਗੁ ਰਾਵਣੇ ॥੨੨॥ ਹੇ ਸਖੀ! ਮੈਂ ਉਨ੍ਹਾਂ ਗੁਰਮੁਖਾਂ ਤੋਂ ਬਲਹਾਰ ਜਾਂਦਾ ਹਾਂ, ਜਿਹੜੇ ਹਰੀ ਦੇ ਨਾਮ ਦਾ ਅਨੰਦ ਮਾਣਦੇ ਹਨ ਜਾਂ ਪ੍ਰੇਮ ਨਾਲ ਨਾਮ ਜਪਦੇ ਹਨ।੨੨। ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ।(੮੧)

ਪਦਾਰਥ = ਅਉਖਧੁ–ਦਵਾਈ। ਅਪਾਰੁ–ਬਹੁਤ; ਬੇਅੰਤ। ਸਗਲ ਕਉ–ਸਾਰਿਆਂ ਨੂੰ। ਦੀਜਈ–ਦੇਂਦੇ ਹਨ। ਹਉ–ਮੈਂ। ਬਲਿਹਾਰੀ–ਕੁਰਬਾਨ ਜਾਂਦਾ ਹਾਂ। ਤਿਨ੍–ਉਨ੍ਹਾਂ ਤੋਂ। ਜਿ–ਜਿਹੜੇ। ਰੰਗੁ ਰਾਵਣੇ–ਅਨੰਦ ਮਾਣਦੇ; ਪ੍ਰੇਮ ਨਾਲ ਸਿਮਰਦੇ ਹਨ।੨੨।

ਵੈਦਾ ਸੰਦਾ ਸੰਗੁ, ਇਕਠਾ ਹੋਇਆ ॥ ਜਦ ਵੈਦਾਂ ਦਾ (ਰੋਗਾਂ ਦਾ ਇਲਾਜ ਕਰਨ ਵਾਲੇ ਸੰਤਾਂ ਦਾ) ਸੰਗ ਇਕੱਠਾ ਹੋਇਆ।

ਅਉਖਦ ਆਏ ਰਾਸਿ, ਵਿਚਿ ਆਪਿ ਖਲੋਇਆ ॥ (ਰੋਗੀ ਦੇ ਇਲਾਜ ਲਈ ਵੈਦਾਂ ਦੀ) ਦਵਾਈ ਠੀਕ (ਤਦ ਹੀ ਅਸਰ ਦਾਇਕ) ਸਾਬਤ ਹੁੰਦੀ ਹੈ, (ਜਦ ਸਹਾਇਤਾ ਕਰਨ ਲਈ ਹਰੀ) ਆਪ ਵਿਚ ਆ ਖੜਾ (ਹਾਜਰ) ਹੁੰਦਾ ਹੈ।

ਜੋ ਜੋ ਓਨਾ ਕਰਮ, ਸੁਕਰਮ ਹੋਇ ਪਸਰਿਆ ॥ ਜੋ ਜੋ ਉਨ੍ਹਾਂ ਦਾ (ਸੰਤਾਂ ਦਾ ਸਧਾਰਨ) ਕਰਮ ਸੀ, ਉਹ ਸ਼ੁੱਭ ਕਰਮ ਹੋ ਕੇ ਫੈਲ ਗਿਆ।

ਹਰਿ ਹਾਂ ਦੂਖ ਰੋਗ ਸਭਿ ਪਾਪ, ਤਨ ਤੇ ਖਿਸਰਿਆ ॥੨੩॥ ਹੇ ਭਾਈ! (ਸੱਤ ਸੰਗ ਵਿਚ ਆਏ ਪ੍ਰੇਮੀਆਂ ਦੇ) ਸਾਰੇ ਦੁੱਖ (ਜਨਮ ਮਰਨ ਦੇ, ਹੰਕਾਰ ਦਾ) ਰੋਗ ਤੇ ਪਾਪ (ਮੰਦ ਕਰਮਾਂ ਦੇ) ਸਰੀਰ ਤੋਂ ਦੂਰ ਹੋ ਗਏ ਹਨ।੨੩।

ਪਦਾਰਥ = ਵੈਦਾ ਸੰਦਾ–ਵੈਦਾਂ ਦਾ। ਸੰਗੁ–ਸੰਗਤ; ਟੋਲਾ (ਵੈਦਾ ਸੰਦਾ ਸੰਗੁ–ਸੰਤਾਂ ਦੀ ਸੰਗਤ)। ਅਉਖਦ–ਦਵਾਈ। ਰਾਸਿ–ਠੀਕ ਅਸਰ ਕਰਨ ਵਾਲੀ; ਮੁਆਫਕ। ਸੁਕਰਮ–ਸ੍ਰੇਸਟ ਕਰਮ। ਪਸਰਿਆ–ਫੈਲਿਆ (ਲੋਕਾਂ ਦੇ ਸਾਹਮਣੇ ਆਇਆ)। ਤਨ ਤੇ–ਸਰੀਰ ਤੋਂ। ਖਿਸਰਿਆ–ਲੱਥ (ਦੂਰ ਹੋ) ਗਏ।੨੩।

ਵਿਆਖਿਆ = ਦਾਰੂ ਨਾਮ ਹੈ, ਸੱਤ ਸੰਗ ਵਿਚ ਦਾਰੂ ਰਾਸ ਆ ਜਾਂਦਾ ਹੈ ਕਿਉਂਕਿ ਉਥੇ ਹਰੀ ਦਾ ਵਾਸਾ ਹੁੰਦਾ ਹੈ। ਪੁੱਜੇ ਹੋਏ ਸੰਤਾਂ ਦੇ ਸਧਾਰਨ ਕਰਮ ਵੀ ਪ੍ਰੇਮੀਆਂ ਲਈ ਸੁਕਰਮ ਹੋ ਕੇ ਪਸਰਦੇ ਹਨ। ਸੰਤਾਂ ਦਾ ਆਚਰਣ ਨਾਮ ਜਪਣ ਲਈ ਪ੍ਰਹੇਜ ਦਾ ਕੰਮ ਕਰਦਾ ਹੈ ਭਾਵ ਸੰਤਾਂ ਦੀ ਰਹਿਣੀ ਬਹਿਣੀ ਦੇਖ ਕੇ ਨਾਮ ਜਪਣ ਦਾ ਚਾਉ ਪੈਦਾ ਹੁੰਦਾ ਹੈ। ਇਹ ਕਰਮ ਲੋਕਾਂ ਲਈ ਪੁੰਨ ਕਰਮ ਬਣ ਜਾਂਦੇ ਹਨ, ਜਿਸ ਕਰਕੇ ਦੁਖ

ਰੋਗ ਪਾਪ ਸਭ ਮਿਟ ਜਾਂਦੇ ਹਨ।੨੩।

॥ ਫੁਨਹੇ ਸਮਾਪਤ ॥

ਚਉਬੋਲੇ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥

ਉਥਾਨਕਾ = ਸੰਮਨ ਤੇ ਮੂਸਨ (ਪਿਓ ਪੁੱਤ) ਸ਼ਾਹਬਾਜ ਪੁਰ ਦੇ ਵਸਨੀਕ, ਚੋਟੀ ਦੇ ਕਾਰੀਗਰ, ਨਾਮ ਬਾਣੀ ਦੇ ਰਸੀਏ,ਲਹੌਰ ਵਿਚ ਕੰਮ ਕਰਦੇ ਸਨ। ਗੁਰੂ ਦਾ ਭਾਣਾ ਮੰਨਣਾ ਮੁਖ ਕਰਮ ਸੀ। ਗੁਰੂ ਅਰਜਨ ਦੇਵ ਜੀ ਲਹੌਰ ਆਏ, ਇਹ ਦੋਵੇਂ ਪਿਓ ਪੁੱਤ ਦੀਵਾਨ ਵਿਚ ਕੀਰਤਨ ਕਥਾ ਦਾ ਅਨੰਦ ਮਾਣਦੇ ਅਤੇ ਸੰਗਤਾਂ ਦੀ ਸ਼ਰਧਾ ਨਾਲ ਸੇਵਾ ਕਰਦੇ। ਇਕ ਦਿਨ ਇਨ੍ਹਾਂ ਨੇ ਅਪਣੇ ਘਰ ਵਿਚ ਗੁਰੂ ਜੀ ਦੇ ਚਰਨ ਪਵਾਏ ਅਤੇ ਗੁਰੂ ਜੀ ਸਮੇਤ ਸੰਗਤਾਂ ਨੂੰ ਬੜੇ ਪ੍ਰੇਮ ਨਾਲ ਲੰਗਰ ਛਕਾਇਆ। ਇਨ੍ਹਾ ਦੇ ਪ੍ਰੇਮ ਨੂੰ ਦੇਖ ਕੇ ਗੁਰੂ ਜੀ ਨੇ ਅਪਣੇ ਮੁਖਾਰ ਬਿੰਦ ਤੋਂ ਇਸ ਪਵਿਤ੍ਰ ਬਾਣੀ ਦਾ ਉਚਾਰਣ ਕੀਤਾ ੴ-

ਸੰਮਨ ਜਉ ਇਸ ਪ੍ਰੇਮ ਕੀ, ਦਮ ਕ੍ਹਿਹੁ ਹੋਤੀ ਸਾਟ ॥ ਹੇ ਸੰਮਨ! ਜੇ ਇਸ ਪ੍ਰੇਮ ਦਾ ਵੱਟਾ ਸੱਟਾ ਧਨ ਨਾਲ ਹੋ ਸਕਦਾ ਹੁੰਦਾ।

ਰਾਵਨ ਹੁਤੇ ਸੁ ਰੰਕ ਨਹਿ, ਜਿਨਿ ਸਿਰ ਦੀਨੇ ਕਾਟਿ ॥੧॥ ਤਾਂ (ਬਿਚਾਰ ਕੇ ਦੇਖ) ਰਾਵਣ ਵਰਗੇ ਕੋਈ ਕੰਗਾਲ ਨਹੀ ਸਨ, ਜਿਸਨੇ (ਪ੍ਰੇਮ ਵਿਚ ਸ਼ਿਵ ਜੀ ਦੀ ਖੁਸ਼ੀ ਲਈ) ਅਪਣੇ ਸਿਰ ਕੱਟ ਕੇ (ਭੇਟਾ ਕਰ) ਦਿਤੇ (ਹਰੀ ਪ੍ਰੇਮ ਨਾਲ ਮਿਲਦਾ ਹੈ, ਧਨ ਨਾਲ ਨਹੀ)।੧।

ਪਦਾਰਥ = ਚਉਬੋਲੇ-ਇਕ ਛੰਦ ਜਿਸ ਵਿਚ ਚਾਰ ਪ੍ਰੇਮੀਆਂ (ਮੂਸਨ, ਸੰਮਨ, ਪਤੰਗ ਤੇ ਜਮਾਲ) ਪ੍ਰਥਾਏ ਉਚਾਰੇ ਹੋਏ ਬੋਲ (ਬਚਨ); ਚਉ+ ਬੋਲੇ-ਉਚਾਰਣ ਕੀਤੇ ਬੋਲ (ਗੁਰੂ ਜੀ ਦਾ ਉਚਾਰਣ ਕੀਤਾ ਉਪਦੇਸ਼); ਉਹ ਕਵਿਤਾ ਜਿਸ ਵਿਚ ੪ ਬੋਲੀਆਂ ਦੇ ਸ਼ਬਦ ਰਲੇ ਹੋਣ; ਚਾਰ ਕਵੀਆਂ ਦੀ ਕਵਿਤਾ। ਸੰਮਨ-ਹੇ ਸੰਮਨ!। ਜਉ-ਜੇ। ਦਮ ਕਿਹੁ-ਧਨ ਨਾਲ (ਤੋਂ)। ਸਾਟ-ਵਟਾਂਦਰਾ (ਵੱਟਾ ਸੱਟਾ)। ਹੁਤੇ ਸੁ-ਵਰਗੇ। ਰੰਕ-ਕੰਗਾਲ। ਜਿਨਿ-ਜਿਸ ਨੇ।੧।

ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ, ਬੀਚੁ ਨ ਰਾਈ ਹੋਤ ॥ ਜਿਨ੍ਹਾਂ ਦਾ ਤਨ ਮਨ ਪਿਆਰੇ ਦੇ ਪ੍ਰੇਮ ਵਿਚ ਮਗਨ ਹੋ ਰਿਹਾ ਹੈ, (ਉਨ੍ਹਾਂ ਦੇ ਅੰਦਰ ਗੁਰੂ ਨਾਲੋਂ) ਰਾਈ ਦੇ ਦਾਣੇ ਜਿੰਨੀ ਵੀ ਵਿੱਥ ਨਹੀ ਹੁੰਦੀ ਭਾਵ ਮੁਕੰਮਲ ਪ੍ਰੇਮ ਹੁੰਦਾ ਹੈ {ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ (ਪਾ.੧੦)}।

ਅੰਗ ੧੩੬੪ = ਚਰਨ ਕਮਲ ਮਨ ਬੇਧਿਓ, ਬੂਝਨੁ ਸੁਰਤਿ ਸੰਜੋਗ ॥੨॥ (ਕਿਉਂਕਿ) ਉਨ੍ਹਾ ਦਾ ਮਨ (ਸਤਿਗੁਰੂ ਦੇ) ਚਰਨਾਂ ਕਮਲਾਂ ਨਾਲ ਪ੍ਰੋਇਆ (ਜੁੜਿਆ) ਹੋਇਆ ਹੈ, (ਪਰ ਇਸ ਬਾਤ ਦੀ ਉਨ੍ਹਾਂ ਨੂੰ) ਸਮਝ ਹੁੰਦੀ ਹੈ, ਜਿਨ੍ਹਾਂ ਦੀ ਸੁਰਤੀ (ਸਤਿਗੁਰੂ ਦੇ ਪ੍ਰੇਮ ਵਿਚ) ਜੁੜੀ ਹੁੰਦੀ ਹੈ।੨।

ਪਦਾਰਥ = ਖਚਿ-ਮਗਨ; ਖਚਿਤ। ਬੀਚੁ-ਵਿੱਥ। ਰਾਈ-ਰਾਈ ਦਾ ਦਾਣਾ। ਨ ਹੋਤ-ਨਹੀਂ ਹੁੰਦੀ। ਬੇਧਿਓ-ਪ੍ਰੋਇਆ (ਜੁੜਿਆ) ਹੋਇਆ। ਬੂਝਨ-ਸਮਝ; ਗਿਆਨ। ਸੁਰਤਿ ਸੰਜੋਗ-ਸਤਿਗੁਰੂ ਦੇ ਪ੍ਰੇਮ ਵਿਚ ਜੁੜਿਆ ਧਿਆਨ।੨।

ਸਾਗਰ ਮੇਰ ਉਦਿਆਨ ਬਨ, ਨਵ ਖੰਡ ਬਸੁਧਾ ਭਰਮ ॥ (ਪ੍ਰਭੂ ਦੀ ਪ੍ਰਾਪਤ ਵਾਸਤੇ) ਸਮੁੰਦਰ, ਪਹਾੜ, ਉਜਾੜ, ਬਣ, ਨੌਂ ਖੰਡਾਂ ਵਾਲੀ ਸਾਰੀ ਧਰਤੀ ਤੇ ਜੋ ਘੁੰਮਣਾ ਫਿਰਨਾ ਹੈ।

ਮੂਸਨ ਪ੍ਰੇਮ ਪਿਰੰਮ ਕੈ, ਗਨਉ ਏਕ ਕਰਿ ਕਰਮ ॥੩॥ ਹੇ ਮੂਸਨ! (ਇੰਨਾ ਲੰਬਾ ਤੇ ਔਖਾ ਰਸਤਾ) ਪਿਆਰੇ ਦੇ ਪ੍ਰੇਮ ਵਿਚ ਮੈਂ ਇਕ ਕਦਮ ਮਾਤ੍ਰ ਹੀ ਗਿਣਦਾ ਹਾਂ (ਪ੍ਰੇਮ ਵਿਚ ਔਖੇ ਰਸਤੇ ਨੂੰ ਵੀ ਪ੍ਰੇਮੀ ਤੁੱਛ ਜਾਣਦਾ ਹੈ)।

ਦੂਜਾ ਅਰਥ = ਹੇ ਮੂਸਨ! ਇਤਨੇ ਔਖੇ ਰਸਤਿਆਂ ਦੇ ਸਫਰ ਹਰੀ ਦੇ ਪ੍ਰੇਮ ਅੱਗੇ ਤੁੱਛ ਹਨ।੩।

ਪਦਾਰਥ = ਮੇਰ-ਪਹਾੜ। ਉਦਿਆਨ-ਬੀਆਬਾਨ; ਉਜਾੜ। ਬਨ-ਜੰਗਲ। ਨਵ ਖੰਡ ਬਸੁਧਾ-ਨੌਂ ਖੰਡਾਂ ਵਾਲੀ (ਸਾਰੀ) ਧਰਤੀ। ਭਰਮ-ਘੁੰਮ ਆਵਾਂ। ਮੂਸਨ-ਸੰਮਨ ਦਾ ਪੁਤ੍ਰ। ਪਿਰੰਮ ਕੈ-ਪਿਆਰੇ ਦੇ। ਗਨਉ-ਗਿਣਦਾ (ਸਮਝਦਾ) ਹਾਂ। ਏਕ ਕਰਿ ਕਰਮ-ਇਕ ਕਦਮ ਕਰ ਕੇ (ਬਹੁਤ ਤੁੱਛ)।੩।

ਮੂਸਨ ਮਸਕਰ ਪ੍ਰੇਮ ਕੀ, ਰਹੀ ਜੁ ਅੰਬਰੁ ਛਾਇ ॥ ਹੇ ਮੂਸਨ! ਹਿਰਦੇ ਰੂਪ ਆਕਾਸ਼ ਵਿਚ ਜੋ ਪ੍ਰੇਮ ਰੂਪ ਚਾਂਦਨੀ ਛਾਈ ਹੋਈ (ਪਸਰੀ) ਹੈ (ਭਾ:ਵੀਰ ਸਿੰਘ; ਸ਼ਬਦਾਰਥ; ਸੰ.ਸ.)।

ਦੂਜਾ ਅਰਥ = ਅਕਾਸ਼ ਰੂਪ ਹਿਰਦੇ ਵਿਚ ਅਵਿਦਿਆ ਦੀ ਜੋ ਮੈਲ ਪਸਰੀ ਹੋਈ ਹੈ, ਉਹ ਪ੍ਰੇਮ ਦੀ ਕੂਚੀ ਨਾਲ ਦੂਰ ਕਰ (ਗੁ.ਪਾ.ਦ.; ਫ.ਸ.; ਸੰ.ਸ.)।

ਬੀਧੇ ਬਾਂਧੇ ਕਮਲ ਮਹਿ, ਭਵਰ ਰਹੇ ਲਪਟਾਇ ॥੪॥ ਜਿਵੇਂ ਭੌਰੇ ਪ੍ਰੇਮ ਕਰਕੇ ਕਮਲ ਵਿਚ ਬੰਨ੍ਹੇ ਜਾਂਦੇ ਹਨ ਅਤੇ ਕਮਲ ਦੇ ਕੰਡਿਆਂ ਨਾਲ ਵੀ ਵਿੰਨ੍ਹੇ ਜਾਂਦੇ ਹਨ ਜਾਂ ਭੌਰੇ ਮਹਿਕ ਵਿਚ ਮਗਨ ਹੋਏ ਕਮਲ ਵਿਚ ਬੰਨ੍ਹੇ ਜਾਂਦੇ ਹਨ, ਫਿਰ ਵੀ (ਭੋਰੇ ਕਮਲ ਨਾਲ) ਚਿੰਬੜੇ ਰਹਿੰਦੇ ਹਨ (ਹਰੀ ਨਾਲ ਜੁੜੇ ਪ੍ਰੇਮੀ ਜਨਾਂ ਨੂੰ ਦੁਖ ਵੀ ਮਿਲੇ, ਤਦ ਵੀ ਉਹ ਨਾਮ ਸਿਮਰਨ ਵਿਚ ਲੀਨ ਰਹਿੰਦੇ ਹਨ।੪।

ਪਦਾਰਥ = ਮਸਕਰ-(ਮਸ-ਚੰਦ+ਕਰ-ਕਿਰਣਾਂ) ਚੰਦ ਦੀ ਚਾਂਦਨੀ; ਕੂਚੀ (ਜੰਗਾਲ ਉਤਾਰਨ ਦਾ ਸੰਦ)।ਅੰਬਰੁ-ਅਕਾਸ਼ ਰੂਪ ਹਿਰਦਾ।ਛਾਇ-ਪਸਰੀ ਹੈ।ਬੀਧੇ-ਵਿਨ੍ਹੇ (ਫਸੇ; ਮਗਨ) ਹੋਏ।ਬਾਂਧੇ-ਬੰਨ੍ਹੇ ਹਨ।ਭਵਰ-ਭੌਰੇ।ਲਪਟਾਏ-ਮਗਨ; ਚਿੰਬੜੇ ਹੁੰਦੇ ਹਨ।੪।

ਵਿਆਖਿਆ = ਪ੍ਰੇਮ ਦਾ ਰਸ ਐਸਾ ਹੈ ਦੁੱਖਾਂ ਦੀ ਪ੍ਰਵਾਹ ਨਹੀ ਰਹਿੰਦੀ ਭਾਵ ਜਿਨ੍ਹਾਂ ਮਨੁੱਖਾਂ ਦੇ ਹਿਰਦੇ ਰੂਪ ਅਕਾਸ਼ ਨੂੰ ਹਰੀ ਦੇ ਪ੍ਰੇਮ ਦੀ ਚਾਨਣੀ ਰੋਸ਼ਨ ਕਰਦੀ ਹੈ, ਉਹ ਦੁੱਖ ਸਹਿ ਕੇ ਵੀ ਪ੍ਰੇਮ ਕਰਕੇ ਹਰੀ ਦੇ ਚਰਨਾਂ ਨਾਲ ਬੱਨ੍ਹੇ (ਜੁੜੇ) ਰਹਿੰਦੇ ਹਨ।ਮੌਕੇ ਦੀ ਹਕੂਮਤ ਦੀ ਕੈਦ ਵਿਚ ਰਹਿ ਕੇ, ਅਨੇਕਾਂ ਕਸ਼ਟ ਝੱਲ ਕੇ ਵੀ ਭਾਣਾ ਮਿੱਠਾ ਮੰਨਦੇ ਹੋਏ ਹਰੀ ਦੇ ਚਰਨਾਂ ਨਾਲ ਲਿਪਟੇ ਰਹਿੰਦੇ ਹਨ।੪।

ਜਪ ਤਪ ਸੰਜਮ ਹਰਖ ਸੁਖ, ਮਾਨ ਮਹਤ ਅਰੁ ਗਰਬ ॥ (ਮੰਤ੍ਰਾਂ ਦਾ) ਜਾਪ, (ਧੂਣੀਆਂ ਦਾ) ਤਪ, ਇੰਦ੍ਰੀਆਂ ਨੂੰ ਕਾਬੂ ਰੱਖਣਾ, ਖੁਸ਼ੀ, ਦੁਨੀਆਵੀ ਸੁੱਖ, ਸਨਮਾਨ, ਵਡਿਆਈ ਅਤੇ (ਜਪ ਤਪ ਆਦਿ ਦਾ) ਹੰਕਾਰ (ਜਾਂ ਗੌਰਵਤਾ) ਆਦਿ।

ਮੂਸਨ ਨਿਮਖਕ ਪ੍ਰੇਮ ਪਰਿ, ਵਾਰਿ ਵਾਰਿ ਦੇਂਉ ਸਰਬ ॥੫॥ ਹੇ ਮੂਸਨ! (ਮੂਸਨ ਕਹਿੰਦਾ ਹੈ) ਇਹ ਸਾਰੇ ਪਿਆਰੇ ਦੇ ਇਕ ਪਲ ਪ੍ਰੇਮ ਤੋਂ ਮੈਂ ਵਾਰ ਦੇਵਾਂ (ਜਪ ਤਪ ਆਦਿ ਗੁਰੂ ਦੇ ਪਲ ਜਿੰਨੇ ਪ੍ਰੇਮ ਦੇ ਤੁੱਲ ਵੀ ਨਹੀ ਹਨ)।੫।

ਪਦਾਰਥ = ਜਪ-ਮੰਤ੍ਰਾਂ ਦਾ ਜਾਪ।ਤਪ-ਤਪੱਸਿਆ।ਸੰਜਮ-ਇੰਦ੍ਰੀਆਂ ਨੂੰ ਵਸ ਵਿਚ ਰੱਖਣਾ।ਮਾਨ-ਇੱਜਤ।ਮਹਤ-ਵਡਿਆਈ।ਅਰੁ-ਅਤੇ।ਗਰਬ-ਹੰਕਾਰ।ਨਿਮਖਕ-ਛਿਨ ਭਰ।ਪਰਿ-ਉਤੋਂ।ਵਾਰਿ ਦੇਉ-ਵਾਰ ਦੇਵਾਂ।ਸਰਬ-ਸਾਰੇ।ਸਰਬ-ਸਾਰੇ।੫।

ਮੂਸਨ ਮਰਮੁ ਨ ਜਾਨਈ, ਮਰਤ ਹਿਰਤ ਸੰਸਾਰ ॥ਹੇ ਮੂਸਨ! ਸਾਰਾ ਸੰਸਾਰ ਮਰਦਾ ਹੋਇਆ ਦੇਖੀਦਾ ਹੈ (ਫਿਰ ਵੀ ਇਹ ਮਨੁੱਖ) ਇਸ ਭੇਦ ਨੂੰ ਨਹੀ ਸਮਝਦਾ (ਕਿ ਸੰਸਾਰ ਵਿਚ ਜੋ ਜੰਮਿਆ, ਸਭ ਨੇ ਮਰਨਾ ਹੈ)।

ਦੂਜਾ ਅਰਥ = ਹੇ ਮੂਸਨ! ਜਗਤ ਮਰਦਾ ਤੇ ਠੱਗਿਆ ਜਾ ਰਿਹਾ ਹੈ, ਪਰ ਮਨੁੱਖ ਇਸ ਭੇਤ ਨੂੰ ਨਹੀ ਜਾਣਦਾ (ਸ਼ਬਦਾਰਥ)।

ਪ੍ਰੇਮ ਪਿਰੰਮ ਨ ਬੇਧਿਓ, ਉਰਝਿਓ ਮਿਥ ਬਿਉਹਾਰ ॥੬॥ (ਇਸੇ ਕਰਕੇ ਮਨੁੱਖ ਦਾ ਮਨ) ਪਿਆਰੇ ਦੇ ਪ੍ਰੇਮ ਵਿਚ ਪ੍ਰੋਇਆ ਨਹੀ ਗਿਆ ਤੇ ਸੰਸਾਰ ਦੇ ਝੂਠੇ ਵਿਹਾਰਾਂ ਵਿਚ ਫਸਿਆ ਹੋਇਆ ਹੈ।੬।

ਪਦਾਰਥ = ਮਰਮੁ-ਭੇਤ।ਮਰਤ-ਮਰਦਾ ਹੋਇਆ।ਹਿਰਤ-ਦੇਖੀਦਾ ਹੈ; ਠੱਗਿਆ ਜਾ ਰਿਹਾ ਹੈ।ਪਿਰੰਮ-ਪਿਆਰੇ ਦਾ।ਬੇਧਿਓ-ਪ੍ਰੋਇਆ।ਉਰਝਿਓ-ਫਸਿਆ ਹੈ।ਮਿਥ-ਝੂਠੇ; ਨਾਸ਼ਵੰਤ।ਬਿਉਹਾਰ-ਵਿਹਾਰਾਂ ਵਿਚ।੬।

ਘਬੁ ਦਬੁ ਜਬ ਜਾਰੀਐ, ਬਿਛੁਰਤ ਪ੍ਰੇਮ ਬਿਹਾਲ ॥ ਜਦੋਂ (ਕੋਈ ਪ੍ਰੇਮੀ ਦੇ) ਘਰ ਤੇ ਧਨ ਨੂੰ ਸਾੜ ਦੇਵੇ ਤਾਂ (ਪ੍ਰੇਮੀ ਦੁਖੀ ਨਹੀਂ ਹੁੰਦਾ, ਪਰ) ਪ੍ਰੇਮ ਦੇ ਬਿਛੜਨ ਤੇ ਬਹੁਤ ਦੁਖੀ ਹੁੰਦਾ ਹੈ (ਫ.ਸ.; ਸੰ.ਸ.) {ਜੋਬਨ ਜਾਂਦੇ ਨ ਡਰਾਂ, ਜੇ ਸਹ ਪ੍ਰੀਤਿ ਨ ਜਾਇ ੧੩੭੯}।

ਮੂਸਨ ਤਬ ਹੀ ਮੂਸੀਐ, ਬਿਸਰਤ ਪੁਰਖ ਦਇਆਲ ॥੭॥ ਪਰ ਹੇ ਮੂਸਨ! ਮਨੁੱਖ ਅਸਲ ਵਿਚ ਉਦੋਂ ਲੁੱਟਿਆ ਜਾਂਦਾ ਹੈ, ਜਦ ਇਸ ਨੂੰ ਦਿਆਲੂ ਪੁਰਖ ਹਰੀ ਭੁੱਲ ਜਾਂਦਾ ਹੈ।੭॥

ਪਦਾਰਥ = ਘਬੁ-ਘਰ।ਦਬੁ-ਦਰਬ (ਧਨ)।ਜਬ-ਜਦੋਂ।ਬਿਹਾਲ-ਦੁਖੀ; ਬੇ ਹਾਲ।ਤਬ ਹੀ-ਤਦੋਂ ਹੀ।ਮੂਸੀਐ-ਠੱਗਿਆ ਜਾਂਦਾ ਹੈ। ਬਿਸਰਤ-ਭੁੱਲ ਜਾਂਦਾ ਹੈ।੭।

ਜਾ ਕੋ ਪ੍ਰੇਮ ਸੁਆਉ ਹੈ, ਚਰਨ ਚਿਤਵ ਮਨ ਮਾਹਿ ॥ ਜਿਸ (ਮਨੁੱਖ) ਨੂੰ ਪ੍ਰੇਮ ਦਾ ਅਨੰਦ (ਆਇਆ) ਹੈ, ਜਾਂ ਜਿਸਦੇ ਜੀਵਨ ਦਾ ਪ੍ਰਯੋਜਨ ਹਰੀ ਦਾ ਪ੍ਰੇਮ ਹੈ, ਉਹ ਹਰੀ ਦੇ ਚਰਨਾਂ ਦਾ ਅਪਣੇ ਮਨ ਵਿਚ ਧਿਆਨ ਕਰਦਾ (ਸਿਮਰਦਾ) ਹੈ।

ਨਾਨਕ ਬਿਰਹੀ ਬ੍ਰਹਮ ਕੇ, ਆਨ ਨ ਕਤਹੂ ਜਾਹਿ ॥੮॥ ਹੇ ਨਾਨਕ! ਪ੍ਰਭੂ ਦੇ ਪ੍ਰੇਮੀ (ਪ੍ਰਭੂ ਤੋਂ ਬਿਨਾ) ਹੋਰ ਕਿਸੇ ਪਾਸੇ ਨਹੀਂ ਜਾਂਦੇ (ਹਰੀ ਬਿਨਾ ਦੂਜੇ ਨੂੰ ਨਹੀ ਪੂਜਦੇ)।੮।ਇਹ ਰਸ ਛਾਡੇ ਉਹ ਰਸੁ ਆਵਾ।ਉਹ ਰਸੁ ਪੀਆ ਇਹ ਰਸੁ ਨਹੀ ਭਾਵਾ।(੩੪੨)

ਪਦਾਰਥ = ਜਾ ਕੋ-ਜਿਸ ਨੂੰ।ਸੁਆਉ-ਸੁਆਦ; ਅਨੰਦ; ਪ੍ਰਯੋਜਨ (ਲਕਸ਼)।ਚਿਤਵ-ਜਪਦੇ; ਧਿਆਨ ਕਰਦੇ ਹਨ।ਬਿਰਹੀ-ਪ੍ਰੇਮੀ।ਬ੍ਰਹਮ ਕੇ-ਪ੍ਰਭੂ ਦੇ।ਆਨ-ਹੋਰ ਜਗ੍ਹਾ।ਕਤਹੂ-ਕਿਤੇ ਹੋਰ।ਨ ਜਾਹਿ-ਨਹੀਂ ਜਾਂਦੇ।੮।

ਲਖ ਘਾਟੀਂ ਊਂਚੌ ਘਨੋ, ਚੰਚਲ ਚੀਤ ਬਿਹਾਲ ॥ (ਇਹ ਸਲੋਕ ਜਮਾਲ ਪ੍ਰਤੀ ਉਚਾਰਿਆ ਹੈ) ਹੇ ਭਾਈ! ਮਨੁੱਖ ਦਾ ਚੰਚਲ ਮਨ (ਹੰਕਾਰ ਦੀਆਂ) ਲੱਖਾਂ ਘਾਟੀਆਂ ਉਤੇ ਬਹੁਤ ਉਚਾ ਜਾ ਚੜ੍ਹਦਾ ਹੈ (ਬਹੁਤ ਹੰਕਾਰੀ ਹੋ ਜਾਂਦਾ ਹੈ)ਇਸੇ ਕਰਕੇ ਦੁਖੀ ਹੁੰਦਾ ਹੈ(ਸ਼ਬਦਾਰਥ)। ਦੂਜਾ ਅਰਥ= ਹੇ ਭਾਈ! ਲੱਖਾਂ ਹੀ ਆਸਾਂ ਤ੍ਰਿਸ਼ਨਾ ਰੂਪ ਘਣੀਆਂ ਉਚੀਆਂ ਘਾਟੀਆਂ ਹਨ (ਇਨ੍ਹਾਂ ਵਿਚ ਲਗ ਕੇ) ਜੀਵ ਦਾ ਚਿਤ ਚੰਚਲ ਤੇ ਦੁਖੀ ਹੁੰਦਾ ਹੈ (ਸੰ.ਸ.)।

ਨੀਚ ਕੀਚ ਨਿਮ੍ਰਿਤ ਘਨੀ, ਕਰਨੀ ਕਮਲ ਜਮਾਲ ॥੯॥ ਚਿੱਕੜ ਨੀਚ (ਨੀਵਾਂ) ਹੈ, ਬਹੁਤ ਨਿਮ੍ਰਤਾ ਧਾਰਦਾ ਹੈ, ਹੇ ਜਮਾਲ! ਇਸ ਕਰਨੀ ਕਰਕੇ ਉਸ ਵਿਚੋਂ ਕਮਲ ਉਗਦਾ ਹੈ (ਬਹੁਤ ਨਿਮ੍ਰਤਾ ਵਾਲੇ ਮਨੁੱਖ ਦਾ ਕਰਮ ਕਮਲ ਵਾਂਗ ਸ਼ੁੱਭ ਗੁਣਾਂ ਦੀ ਮਹਿਕ ਵਾਲਾ ਅਤੇ ਮਾਇਆ ਤੋਂ ਨਿਰਲੇਪ ਹੁੰਦਾ ਹੈ)।੯।

ਪਦਾਰਥ = ਲਖ ਘਾਟੀਂ-ਅਨੇਕ ਘਾਟੀਆਂ।ਊਂਚੌ ਘਨੋ-ਹੰਕਾਰ ਵਿਚ ਬਹੁਤ ਉਚਾ ਜਾਣਾ; ਆਸਾ ਤ੍ਰਿਸ਼ਨਾ ਰੂਪ ਬਹੁਤ ਉਚੀਆਂ ਘਾਟੀਆਂ।ਚੀਤ-ਚਿੱਤ।ਬਿਹਾਲ-ਦੁਖੀ ਹੁੰਦਾ ਹੈ।ਕੀਚ-ਚਿੱਕੜ।ਘਨੀ-ਬਹੁਤ।ਕਰਨੀ-ਕਰਤੱਬ।ਜਮਾਲ-ਹੇ ਜਮਾਲ।੯।

ਕਮਲ ਨੈਨ ਅੰਜਨ ਸਿਆਮ, ਚੰਦ੍ਰ ਬਦਨ ਚਿਤ ਚਾਰ ॥ ਜਿਸ ਹਰੀ ਦੇ ਨੇਤ੍ਰ ਕਮਲ (ਵਰਗੇ) ਅਤੇ ਸੁਰਮੇ (ਵਾਂਙ) ਕਾਲੇ ਹਨ, ਮੁਖੜਾ ਚੰਦ (ਵਰਗਾ) ਹੈ, ਜੋ ਚਿਤ ਨੂੰ ਸੁੰਦਰ ਲਗ ਰਿਹਾ ਹੈ।

ਮੂਸਨ ਮਗਨ ਮਰੰਮ ਸਿਉ, ਖੰਡ ਖੰਡ ਕਰਿ ਹਾਰ ॥੧੦॥ ਹੇ ਮੂਸਨ! ਉਸ ਪਿਆਰੇ ਪ੍ਰਭੂ ਦੇ ਮੇਲ ਵਾਲੇ ਭੇਦ ਨਾਲ ਮੈਂ ਮਗਨ ਹੋ ਰਿਹਾ ਹਾਂ, (ਅਪਣਾ ਆਪ) ਟੋਟੇ ਟੋਟੇ ਕਰ ਕੇ ਪ੍ਰੇਮ ਦੀ ਬਾਜੀ ਉਸ ਅੱਗੇ ਹਾਰ ਦਿਤੀ ਹੈ (ਆਪਾ ਵਾਰ ਦਿਤਾ ਜਾਂ ਅਭਾਵ ਕਰ ਦਿਤਾ (ਭਾ:ਵੀਰ ਸਿੰਘ)। ਦੂਜਾ ਅਰਥ = ਹੇ ਮੂਸਨ! ਉਸ ਪਿਆਰੇ ਦੇ ਭੇਦ (ਮਿਲਾਪ ਦੀ ਗੁੱਝੀ ਗੱਲ) ਨਾਲ ਜੋ ਮਨੁੱਖ ਮਗਨ ਹੋ ਗਿਆ ਹੈ, (ਉਸਨੂੰ ਚਾਹੇ ਕੋਈ) ਟੋਟੇ ਟੋਟੇ ਵੀ ਕਰ ਦੇਵੇ, (ਤਾਂ ਕੱਟਣ ਵਾਲਾ) ਹਾਰ ਜਾਂਦਾ ਹੈ (ਪ੍ਰੇਮ ਦੀ ਮਗਨਤਾ ਕਰਕੇ ਸਰੀਰ ਕੱਟੇ ਜਾਣ ਦਾ ਪਤਾ ਹੀ ਨਹੀਂ ਚਲਦਾ (ਫ.ਸ.)। ਜਾਂ ਉਸ ਨੇ ਕਾਮਾਦਿਕ ਬੈਰੀਆਂ ਨੂੰ ਟੋਟੇ ਟੋਟੇ ਕਰ ਕੇ ਹਰਾ ਦਿਤਾ ਹੈ। ਤੀਜਾ ਅਰਥ = ਉਸਦੇ ਮਿਲਣ ਦਾ ਭੇਦ ਲੱਭਣ ਵਿਚ ਮਸਤ ਹੋ ਕੇ ਮੈਂ ਅਪਣੇ ਹਾਰ ਦੇ ਟੋਟੇ ਟੋਟੇ ਕਰ ਦਿਆਂ (ਮੇਰੇ ਤੇ ਪਿਆਰੇ ਵਿਚਕਾਰ ਮੇਲ ਸਮੇਂ ਪਹਿਨੇ ਹਾਰ ਦੀ ਵਿਥ ਵੀ ਦੁੱਖਦਾਈ ਹੈ (ਸ਼ਬਦਾਰਥ)।੧੦। ਇਤੀ ਮੰਝਿ ਨ ਸਮਾਵਈ, ਜੇ ਗਲਿ ਪਹਿਰਾ ਹਾਰੁ।(੧੦੯੫)

ਪਦਾਰਥ = ਕਮਲ ਨੈਨ–ਕਮਲ ਫੁੱਲ ਵਰਗੀਆਂ ਅੱਖਾਂ। ਅੰਜਨ ਸਿਆਮ–ਕਾਲਾ ਸੁਰਮਾ। ਚੰਦ੍ਰ ਬਦਨ–ਚੰਦ ਵਰਗਾ ਸੁੰਦਰ ਮੂੰਹ। ਚਿਤ ਚਾਰ–ਚਿਤ ਨੂੰ ਸੁੰਦਰ ਲਗਣਾ; ਸੁੰਦਰ ਚਿਤ ਵਾਲਾ (ਹਰੀ)। ਮਗਨ–ਮਸਤ। ਮਰੰਮ ਸਿਉ–ਭੇਤ ਨਾਲ (ਵਿਚ)। ਖੰਡ ਖੰਡ–ਟੁਕੜੇ ਟੁਕੜੇ। ਹਾਰ–ਗਲ ਵਿਚ ਪਹਿਨਣ ਵਾਲਾ ਹਾਰ; ਹਾਰ ਜਾਂਦਾ ਹੈ।੧੦।

ਮਗਨੁ ਭਇਓ ਪ੍ਰਿਅ ਪ੍ਰੇਮ ਸਿਉ, ਸੂਧ ਨ ਸਿਮਰਤ ਅੰਗ ॥ (ਜਿਵੇਂ ਪਤੰਗਾ ਅਪਣੇ ਪਿਆਰੇ ਦੀਵੇ ਦੇ ਪ੍ਰੇਮ ਵਿਚ ਜਦ ਮਸਤ ਹੁੰਦਾ ਹੈ, ਤਾਂ ਉਸਨੂੰ ਸਿਮਰਦਿਆਂ ਭਾਵ ਯਾਦ ਵਿਚ ਅਪਣੇ ਅੰਗਾਂ ਦੀ ਸੁੱਧ ਬੁੱਧ ਨਹੀ ਰਹਿੰਦੀ, ਦੀਵੇ ਦੀ ਲਾਟ ਵਿਚ ਸੜ ਮਰਦਾ ਹੈ)। ਇਸੇ ਤਰ੍ਹਾਂ ਜੋ ਮਨੁੱਖ ਪਿਆਰੇ ਵਾਹਿਗੁਰੂ ਦੇ ਪ੍ਰੇਮ ਵਿਚ ਮਗਨ ਹੁੰਦਾ ਹੈ, ਉਸਨੂੰ ਸਿਮਰਦਿਆਂ ਅਪਣੇ ਅੰਗਾਂ ਦੀ ਵੀ ਹੋਸ਼ ਨਹੀ ਰਹਿੰਦੀ (ਵਾਹਿਗੁਰੂ ਤੋਂ ਆਪਾ ਵਾਰ ਦੇਂਦਾ ਹੈ)।

ਪਰਗਟਿ ਭਇਓ ਸਭ ਲੋਅ ਮਹਿ, ਨਾਨਕ ਅਧਮ ਪਤੰਗ ॥੧੧॥ ਨਾਨਕ ਗੁਰੂ ਜੀ ਆਖਦੇ ਹਨ, ਹੇ ਪਤੰਗ! ਜਿਵੇਂ ਨਾਚੀਜ ਜਿਹਾ ਪਤੰਗਾ ਦੀਵੇ ਨਾਲ ਪ੍ਰੇਮ ਕਰਨ ਕਰਕੇ ਸਾਰੇ ਜਗਤ ਵਿਚ ਪ੍ਰਗਟ ਹੋ ਗਿਆ ਹੈ (ਇਸੇ ਤਰ੍ਹਾਂ ਵਾਹਿਗੁਰੂ ਤੋਂ ਆਪਾ ਨਿਛਾਵਰ ਕਰਨ ਵਾਲਾ ਪ੍ਰੇਮੀ ਚਾਹੇ ਕਿਸੇ ਨੀਚ ਜਾਤ ਦਾ ਹੋਵੇ, ਉਹ ਸਾਰੇ ਸੰਸਾਰ ਵਿਚ ਪ੍ਰਗਟ ਹੋ ਜਾਂਦਾ ਹੈ)।੧੧।

ਜਿਸ ਨੀਚ ਕਉ ਕੋਈ ਨ ਜਾਨੈ। ਨਾਮੁ ਜਪਤ ਉਹੁ ਚਹੁ ਕੁੰਟ ਮਾਨੈ।(੩੮੬)

ਪਦਾਰਥ = ਪ੍ਰਿਅ ਪ੍ਰੇਮ ਸਿਉ–ਪਿਆਰੇ ਦੇ ਪ੍ਰੇਮ ਵਿਚ। ਸੂਧ–ਹੋਸ਼। ਅੰਗ–ਸਰੀਰ ਦੇ ਅੰਗਾਂ ਦੀ। ਭਇਓ–ਹੋ ਗਿਆ। ਲੋਅ–ਸੰਸਾਰ ਜਾਂ ਲੋਕਾਂ ਵਿਚ। ਅਧਮ–ਨੀਚ; ਨਿਮਾਣਾ;ਨਾਚੀਜ ਜਿਹਾ। ਪਤੰਗ–ਭਮੱਕੜ; ਪ੍ਰਵਾਨਾ; (ਗੁਰੂ ਜੀ ਦਾ ਪ੍ਰੇਮੀ ਸਿੱਖ)।੧੧।

ਸੰਮਨ, ਮੂਸਨ ਦਾ ਪਿਤਾ, ਸ਼ਾਹਬਾਜ ਪੁਰ ਦੇ ਰਹਿਣ ਵਾਲੇ ਸਨ। ਲਹੌਰ ਆ ਕੇ ਇਕ ਸ਼ਾਹੂਕਾਰ ਦੀ ਨੌਕਰੀ ਕਰਨ ਲੱਗੇ, ਅਪਣੀ ਤਨਖਾਹ ਸ਼ਾਹੂਕਾਰ ਕੋਲ ਹੀ ਰੱਖੀ ਗਏ, ਲੋੜ ਪੈਣ ਤੇ ਲੈਣ ਨੂੰ ਆਖ ਦਿਤਾ। ਜਦ ਲਹੌਰ ਗਿਆਂ ਇਨ੍ਹਾਂ ਦੇ ਘਰ ਗੁਰੂ ਜੀ ਨੇ ਘਰ ਲੰਗਰ ਛਕਣ ਲਈ ਬੇਨਤੀ ਪ੍ਰਵਾਨ ਕਰ ਲਈ ਤਾਂ ਸ਼ਾਹੂਕਾਰ ਕੋਲੋਂ ਅਪਣੇ ਪੈਸੇ ਮੰਗ ਲਏ, ਗੁਰੂ ਜੀ ਦੇ ਵਿਰੋਧੀ ਚੰਦੂ ਆਦਿ ਵੱਡੇ ਦਰਬਾਰੀਆਂ ਦੇ ਦਬਾ ਕਰਕੇ ਉਹ ਦੇਣ ਤੋਂ ਟਾਲ ਮਟੋਲ ਕਰਨ ਲੱਗਾ। ਦੋਹਾਂ ਪਿਓ ਪੁੱਤ ਨੇ ਸ਼ਾਹੂਕਾਰ ਦੇ ਘਰੋਂ ਅਪਣੇ ਖੁਦ ਦੇ ਕਮਾਏ ਪੈਸੇ ਚੁੱਕਣ ਲਈ ਛੱਤ ਤੋਂ ਮੋਘੇ ਰਾਹੀਂ ਮੂਸਨ ਨੂੰ ਉਤਾਰਿਆ। ਵਾਪਸ ਨਿਕਲਣ ਸਮੇਂ ਮੂਸਨ ਦਾ ਸਿਰ ਮੋਘੇ ਵਿਚ ਫਸ ਗਿਆ। ਦਿਨ ਚੜ੍ਹਨ ਵਾਲਾ ਸੀ,ਸਿੱਖੀ ਦੀ ਬਦਨਾਮੀ ਤੋਂ ਬਚਣ ਲਈ ਮੂਸਨ ਦਾ ਸਿਰ ਕੱਟਣਾ ਪਿਆ। ਸੰਮਨ ਅਪਣੇ ਪੁੱਤ ਦਾ ਸਿਰ ਲੈ ਕੇ ਘਰ ਆ ਗਿਆ, ਜਦ ਸ਼ਾਹੂਕਾਰ ਨੇ ਅਪਣੇ ਘਰੇ ਧੜ ਦੇਖਿਆ ਤਾਂ ਘਬਰਾ ਗਿਆ। ਸੰਮਨ ਨੂੰ ਬੁਲਾ ਕੇ ਕਿਹਾ ਜਿੰਨੇ ਪੈਸੇ ਮਰਜੀ ਲੈ ਲਾ, ਧੜ ਲੈ ਜਾ। ਸੰਮਨ ਨੇ ਧੜ ਘਰ ਲਿਆ ਕੇ ਮੂਸਨ ਦੇ ਸਿਰ ਨਾਲ ਜੋੜ ਦਿਤਾ। ਲੰਗਰ ਤਿਆਰ ਹੋਣ ਤੇ ਜਦ ਗੁਰੂ ਜੀ ਸੰਗਤਾਂ ਸਣੇ ਆਏ, ਮੂਸਨ ਨਾ ਦਿਖਿਆ ਕਰਕੇ ਗੁਰੂ ਜੀ ਨੇ ਪੁਛਿਆ ਮੂਸਨ ਕਿਥੇ ਹੈ? ਅੰਤਰਜਾਮੀ ਸਤਿਗੁਰੂ ਜੀ ਨੇ ਦੁਬਾਰਾ ਫਿਰ ਪੁੱਛਿਆ, ਸੰਮਨ! ਮੂਸਨ ਨਹੀ ਦਿਖਦਾ, ਬੁਲਾਓ, ਸਾਡੇ ਨਾਲ ਬੈਠ ਕੇ ਲੰਗਰ ਛਕੇ। ਸੰਮਨ ਆਂਹਦਾ, ਗੁਰੂ ਜੀ! ਮੂਸਨ ਤਾਂ ਹੁਣ ਤੁਹਾਡੇ ਬੁਲਾਉਣ ਦਾ ਹੀ ਹੈ। ਸਮਰੱਥ ਗੁਰੂ ਅਰਜਨ ਦੇਵ ਜੀ ਨੇ ਹਾਕ ਮਾਰੀ, ਓ ਮੂਸਨ! ਛੇਤੀ ਆ, ਸਾਡੇ ਨਾਲ ਬੈਠ ਕੇ ਪ੍ਰਸ਼ਾਦ ਛਕ। ਵਾਹਿਗੁਰੂ ਜਪਦਾ ਮੂਸਨ ਆ ਗਿਆ, ਗੁਰੂ ਜੀ ਦੇ ਚਰਨਾਂ ਵਿਚ ਮੱਥਾ ਟੇਕਿਆ, ਸੇਵਾ ਵਿਚ ਜੁਟ ਗਿਆ।

ਭਾਈ ਪਤੰਗ =ਗੁਰੂ ਅਰਜਨ ਦੇਵ ਜੀ ਦਾ ਸਿੱਖ ਸੀ, ਸ਼ਾਹੂਕਾਰੀ ਕਰਦਾ ਸੀ। ਪਸ਼ੌਰ ਵਾਸੀ ਪਠਾਣ ਜਮਾਲ ਇਕ ਵਾਰ ਪਤੰਗ ਜੀ ਕੋਲ ੭੦੦ ਰੁਪਿਆ ਅਮਾਨਤ ਰੱਖ ਗਿਆ। ਜਦ ਪਸ਼ੌਰ ਤੋਂ ਵਾਪਸ ਲਹੌਰ ਆਕੇ ਪਤੰਗ ਤੋਂ ਪੈਸੇ ਮੰਗੇ ਤਾਂ ਕਿਸੇ ਖਾਤੇ ਵਿਚ ਚੜ੍ਹਾਏ ਹੋਏ ਨਾ ਮਿਲੇ ਕਿਉਂਕਿ ਕਿਸੇ ਭੁੱਲ ਕਰਕੇ ਖਾਤੇ ਵਿਚ ਚੜ੍ਹਾਉਣੋ ਰਹਿ ਗਏ। ਜਮਾਲ ਅਦਾਲਤ ਵਿਚ ਵੀ ਗਿਆ, ਪਰ ਕੋਈ ਸਬੂਤ ਨਾ ਹੋਣ ਕਰਕੇ ਮੁਕੱਦਮਾ ਹਾਰ ਗਿਆ। ਘਰ ਦੀ ਸਫਾਈ ਕਰਦਿਆਂ ਪੈਸੇ ਲੱਭਣ ਤੇ ਜਦ ਪਤੰਗ ਪੈਸੇ ਵਾਪਸ ਦੇਣ ਗਿਆ ਤਾਂ ਜਮਾਲ ਪਤੰਗ ਦੇ ਆਚਰਣ ਅਤੇ ਇਮਾਨਦਾਰੀ ਤੇ ਬਹੁਤ ਖੁਸ਼ ਤੇ ਹੈਰਾਨ ਹੋਇਆ। ਭਾਈ ਪਤੰਗ ਦੀ ਪ੍ਰੇਰਣਾ ਨਾਲ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਕੇ ਅਤੇ

ਸਿੱਖ ਧਰਮ ਤੋਂ ਪ੍ਰਭਾਵਤ ਹੋ ਕੇ ਜਮਾਲ ਸਿੱਖ ਸਜ ਗਿਆ।

।ਸੰਮਨ ਤੇ ਮੂਸਨ, ਜਮਾਲ ਅਤੇ ਪਤੰਗ ਦੇ ਚੌਹਾਂ ਦੇ ਬੋਲੇ ਬਚਨ ਗੁਰੂ ਜੀ ਨੇ ਚਉਬੋਲੇ ਛੰਦ ਵਿਚ ਉਚਾਰਣ ਕੀਤੇ।

॥ਜਪੵਉ ਜਿਨੑ ਅਰਜੁਨ ਦੇਵ ਗੁਰੂ ,ਫਿਰਿ ਸੰਕਟ ਜੋਨਿ ਗਰਭ ਨ ਆਯਉ ॥

॥ ਭਨਿ ਮਥੁਰਾ ਕਛੁ ਭੇਦੁ ਨਹੀ, ਗੁਰੁ ਅਰਜੁਨੁ ਪਰਤਖੵ ਹਰਿ ॥(੧੪੦੯)

ਪਉੜੀ ॥ ਹੇ ਅਚੁਤ ਹੇ ਪਾਰਬ੍ਰਹਮ, ਅਬਿਨਾਸੀ ਅਘ ਨਾਸ।ਹੇ ਪੂਰਨ ਹੇ ਸਰਬ ਮੈ, ਦੁਖ ਭੰਜਨ ਗੁਣਤਾਸ।
ਹੇ ਸੰਗੀ ਹੇ ਨਿਰੰਕਾਰ, ਹੇ ਨਿਰਗੁਣ ਸਭ ਟੇਕ।ਹੇ ਗੋਬਿੰਦ ਹੇ ਗੁਣ ਨਿਧਾਨ, ਜਾ ਕੈ ਸਦਾ ਬਿਬੇਕ।
ਹੇ ਅਪਰੰਪਰ ਹਰਿ ਹਰੇ, ਹਹਿ ਭੀ ਹੋਵਨਹਾਰ।ਹੇ ਸੰਤਹ ਕੈ ਸਦਾ ਸੰਗਿ, ਨਿਧਾਰਾ ਆਧਾਰ।
ਹੇ ਠਾਕੁਰ ਹਉ ਦਾਸਰੋ, ਮੈ ਨਿਰਗੁਨ ਗੁਨੁ ਨਹੀ ਕੋਇ।
ਨਾਨਕ ਦੀਜੈ ਨਾਮ ਦਾਨੁ ,ਰਾਖਉ ਹੀਐ ਪਰੋਇ।੫੫।(ਅੰਗ ੨੬੧)

ਦਾਸਨਿ ਦਾਸ ਹਰਜਿੰਦਰ ਸਿੰਘ ਗਿਆਨੀ

21 NOV. 2007 (11.55 Pm)